
INTERNATIONAL MAGAZINE
RNI No. 61816/95
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਤਮ ਮਾਰਗ
ਜਨਵਰੀ 2023
ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਤਹੀ ਪ੍ਰਕਾਸ ਹਮਾਰਾ ਭਯੋ॥
ਪਟਨਾ ਸਹਰ ਬਿਖੈ ਭਵ ਲਯੋ॥

ਧੰਨ ਧੰਨ ਮਾਤਾ ਗੁਜਰ ਕੌਰ ਅਤੇ ਚੌਹਾਂ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਘਨੌਰ (ਪਟਿਆਲਾ) ਵਿਖੇ ਹੋਏ ਸਾਲਾਨਾ ਗੁਰਮਤਿ ਸਮਾਗਮ ਵਿੱਚ ਸੰਤ ਬਾਬਾ ਲਖਬੀਰ ਸਿੰਘ ਜੀ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ ਅਤੇ ਵੱਡੇ ਇਕੱਠ ਦੇ ਰੂਪ ਵਿੱਚ ਕੀਰਤਨ ਦਾ ਆਨੰਦ ਮਾਣਦੀਆਂ ਸੰਗਤਾਂ।









ਗਤਕਾ ਫੈਡਰੇਸ਼ਨ ਆਫ ਇੰਡੀਆ ਦੀ ਯੋਗ ਅਗਵਾਈ ਹੇਠ ਪੰਜਾਬ ਰਾਜ ਗਤਕਾ ਚੈਂਪੀਅਨਸ਼ਿਪ ਦੋ ਰੋਜ਼ਾ 24 ਅਤੇ 25 ਨਵੰਬਰ ਨੂੰ ਰਤਵਾੜਾ ਸਾਹਿਬ ਵਿਖੇ ਹੋਈ। ਟਰੱਸਟ ਰਤਵਾੜਾ ਸਾਹਿਬ ਵਲੋਂ ਹਰ ਪੱਖੋਂ ਭਰਪੂਰ ਸਹਿਯੋਗ ਦਿੱਤਾ ਗਿਆ। ਵਿਸ਼ੇਸ਼ ਤੌਰ 'ਤੇ ਸਰਦਾਰ ਕੁਲਤਾਰ ਸਿੰਘ ਸੰਧਵਾਂ (ਸਪੀਕਰ ਵਿਧਾਨ ਸਭਾ), ਸ. ਹਰਚਰਨ ਸਿੰਘ ਭੁੱਲਰ (ਆਈ.ਪੀ.ਐਸ), ਡਾ. ਰਾਜਿੰਦਰ ਸਿੰਘ ਸੋਹਲ (ਪ੍ਰਧਾਨ ਗਤਕਾ ਫੈਡਰੇਸ਼ਨ ਆਫ਼ ਇੰਡੀਆ), ਸ. ਬਲਜਿੰਦਰ ਸਿੰਘ ਤੂਰ (ਜਨਰਲ ਸੈਕਟਰੀ), ਸ. ਦਵਿੰਦਰ ਸਿੰਘ ਜੁਗਨੀ (ਵਾਇਸ ਪ੍ਰਧਾਨ), ਸ੍ਰੀ ਅਰਵਿੰਦਰ ਪੁਰੀ ਮੁੱਲਾਂਪੁਰ (ਉੱਘੇ ਸਮਾਜ ਸੇਵਕ), ਐਮ.ਐਮ.ਐਸ ਬੇਦੀ (ਰਿਟਾਇਰਡ ਜੱਜ), ਸ. ਮਨਜੀਤ ਸਿੰਘ (ਸ੍ਰੀ ਅੰਮ੍ਰਿਤਸਰ ਸਾਹਿਬ), ਸ. ਐਸ.ਪੀ ਸਿੰਘ ਓਬਰਾਏ, (ਐਮ.ਡੀ. ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ), ਡਾ. ਕੁਲਦੀਪ ਸਿੰਘ ਅਤੇ ਟਰੱਸਟ ਰਤਵਾੜਾ ਸਾਹਿਬ ਦੇ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਹਾਜ਼ਰ ਸਨ।

# ਆਤਮ ਮਾਰਗ


ਸਾਲ-ਅਠਾਈਵਾਂ, ਮਹੀਨਾ- ਜਨਵਰੀ 2023

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

## Postal Address for any Enquiry, Money Order, Cheque and drafts : 'ATAM MARG' MAGAZINE

Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India

### SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

### SUBSCRIPTION FOREIGN (ਵਿਦੇਸ਼)

| Annual | Life (20 Years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.ratwarasahib.in

Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network
98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-393-8199

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ
ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

### ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -

9417214378, 9417214384, 98730-11265, 98991-05205

### ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ:9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

### ਵਿਸ਼ੇਸ਼ ਜਾਣਕਾਰੀ ਲਈ

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 8 |
| | *ਪ੍ਰੋ. ਸਾਹਿਬ ਸਿੰਘ ਜੀ* | |
| 3. | **ਨਿਰਵੈਰ ਨਿਰਾਲਾ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ** | 9 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਅਗੰਮ ਅਗੋਚਰ ਦਾ ਮਾਰਗ** | 26 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | **ਸਰਬ ਰੋਗ ਕਾ ਅਉਖਦੁ ਨਾਮੁ** | 29 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 9. | **ਗੁਰਬਾਣੀ ਅਰਥ ਭੰਡਾਰ** | 31 |
| | ***ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*** | |
| 10. | **ਗੁਰੂ ਨਾਨਕ ਆਗਮਨ** | 34 |
| | *ਡਾ. ਭਾਈ ਵੀਰ ਸਿੰਘ* | |
| 10. | **ਸਾਕਾ ਸਰਹੰਦ** | 38 |
| | *ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ* | |
| 8. | **ਜਨ ਪਰਉਪਕਾਰੀ ਆਏ** | 42 |
| | *ਪ੍ਰੋ. ਗੁਰਦੇਵ ਸਿੰਘ* | |
| 11. | **ਨਾਮ-ਜਪ-ਸਿਮਰਨ:ਕਿਉਂ ਤੇ ਕਿਵੇਂ?** | 49 |
| | *ਡਾ. ਜਗਜੀਤ ਸਿੰਘ* | |
| 12. | **ਵਾਰਾਂ ਭਾਈ ਗੁਰਦਾਸ ਜੀ** | 51 |
| | *ਡਾ. ਭਾਈ ਵੀਰ ਸਿੰਘ* | |
| 13. | **ਈਸ਼੍ਵਰ ਅਮੋਲਕ ਲਾਲ** | 53 |
| | *ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ* | |
| 14. | **ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ** | 55 |
| | *ਡਾ. ਸਵਾਮੀ ਰਾਮ ਜੀ* | |
| 15. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*

ਸਮਾਂ ਵੇਗ ਹੈ ਨਿਰੰਤਰਤਾ ਦਾ। ਇਹ ਨਿਰੰਤਰਤਾ ਭਾਵ ਲਗਾਤਾਰਤਾ ਅਰਬਦ ਨਰਬਦ ਧੁੰਧੂਕਾਰਾ ਦੀ ਅਵਸਥਾ ਤੋਂ ਸ਼ੁਰੂ ਹੋ ਕੇ ਅੱਜ 2023 ਤਕ ਪਹੁੰਚੀ ਹੈ, 2023 ਸੰਨ ਦੀ ਆਮਦ ਨੂੰ ਜੀ ਆਇਆਂ/ ਸਵਾਗਤ ਹੈ ਸੰਸਾਰ ਰੰਗ ਮੰਚ ਤੇ। ***'ਕੀਤਾ ਪਸਾਉ ਏਕੋ ਕਵਾਉ'*** ਤੋਂ ਸਫ਼ਰ ਸ਼ੁਰੂ ਹੋਇਆ। ਸਫ਼ਰ ਵਿਚ ਨਿਯਮਾਂ ਦੀ ਲੋੜ ਸੀ। ਹੁਕਮ ਦੇ ਬਾਨਣੂ ਬੰਨਣ ਦੀ ਲੋੜ ਸੀ। ਨਿਯਮਾਵਲੀ ਵਿਚ ਬੰਨ੍ਹ ਦਿਤਾ ਸ੍ਰਿਸ਼ਟੀ ਨੂੰ। ਕੋਈ ਨਹੀਂ ਜਾਣ ਸਕਦਾ ਗੁੱਝੇ ਭੇਦਾਂ ਨੂੰ –

*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ ਅੰਗ – ੪*

'ਬੇਅੰਤਾਈ' ਕਰਕੇ ਹੀ ਉਸ ਪਰਮ ਸ਼ਕਤੀ ਨੂੰ ਜਾਣਿਆ ਜਾਂਦਾ ਹੈ –

*ਤੂ ਬੇਅੰਤੁ ਕੋ ਵਿਰਲਾ ਜਾਣੈ॥ ਅੰਗ – ੫੬੨*

ਜਿਤਨਾ ਵੱਡਾ ਆਪ ਸੀ ਉਤਨੀ ਵੱਡੀ ਦਾਤ। ਅੰਦਾਜ਼ਾ ਨਹੀਂ ਲਾਇਆ ਜਾ ਸਕਦਾ – ***'ਕੇਵਡੁ ਵਡਾ ਡੀਠਾ ਹੋਇ'*** ਉਹ ਕਿਤਨਾ ਕੁ ਵੱਡਾ ਹੈ। ਦੱਸੀਏ ਤਾਂ ਜੇ ਦੇਖਿਆ ਹੋਵੇ। ਪਰ ਉਸ ਦੀ ਰਚੀ ਹੋਈ ਸ੍ਰਿਸ਼ਟੀ ਤੋਂ ਝਲਕਾਰੇ ਮਿਲਦੇ ਹਨ ਪ੍ਰਤੱਖ। ਦ੍ਰਿਸ਼ਟਮਾਨ ਹੈ ਪਸਾਰਾ, ***'ਜੇਵਡੁ ਆਪਿ ਤੇਵਡ ਤੇਰੀ ਦਾਤਿ।' (ਅੰਗ–੯)*** ਬੰਨ ਦਿਤਾ ਹੁਕਮ ਵਿਚ ਸਾਰਾ ਕੁਝ। ***'ਭੈ ਵਿਚਿ ਸੂਰਜ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥ (ਅੰਗ–੪੬੪) ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ (ਅੰਗ–੫)*** ਕੁਝ ਦ੍ਰਿਸ਼ਟਮਾਨ, ਕੁਝ ਅਦਿੱਖ ਕਰ ਦਿਤੇ ਪੈਦਾ। ਸਾਜ ਦਿਤੇ ਅਕਾਰ। ***'ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ (ਅੰਗ–੧)*** ਅਕਾਰ ਸਾਜ ਕੇ ਵੱਖ ਨਹੀਂ ਹੋਇਆ, ਅਕਾਲ ਹੁੰਦਾ ਹੋਇਆ ਮੂਰਤਿ ਵੀ ਹੈ।

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਆਪਣਾ ਸਰੂਪ ਕਰ ਦਿਤਾ ਪ੍ਰਗਟ। ਆਪੇ ਆਪ ਸੈਭੰ ਹੈ। ਜੁੜਨ ਵਾਲਾ ਸੇਵਕ ਬਣ ਗਿਆ, ਇਨ੍ਹਾਂ ਸ਼ਕਤੀਆਂ ਦਾ ਮਾਲਕ। ਨਿਰਭਉ, ਨਿਰਵੈਰੀ ਸ਼ਕਤੀਆਂ ਦਾ ਮਾਲਕ ਹੋ ਕੇ ਅਮਰ ਅਵਸਥਾ ਪ੍ਰਾਪਤ ਕਰ ਗਿਆ।

ਹੁਕਮ ਵਿਚ ਤਮਾਮ ਜੀਵ ਪੈਦਾ ਹੋਏ ਹਨ। ਸਾਰੀ ਕਾਇਨਾਤ ਵਿਚੋਂ ਮਨੁੱਖ ਨੂੰ ਧਾਰਮਿਕ ਗ੍ਰੰਥਾਂ ਵਿਚ ਸਰਵੋਤਮ ਮੰਨਿਆ ਗਿਆ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਫੁਰਮਾਨ ਹੈ ਕਿ ***'ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ (ਅੰਗ–੩੭੪)*** ਸਰਵੋਤਮ ਤਾਂ ਹੈ ਕਿ ਪ੍ਰਮੇਸ਼ਰ ਨਾਲ ਸਿਰਫ ਤੇ ਸਿਰਫ ਮਨੁੱਖਾ ਜੂਨੀ ਵਿਚ ਹੀ ਮਿਲਾਪ ਸੰਭਵ ਹੈ। ਸਮਰੱਥ ਸਤਿਗੁਰੂ ਤੋਂ ਨਾਮ ਦੀ ਦਾਤ ਲੈ ਕੇ, ਗੁਰਮੰਤ੍ਰ ਦੀ ਕਮਾਈ ਕਰਕੇ, ਅਭੇਦ ਅਵਸਥਾ ਕੋਈ ਪ੍ਰਾਪਤ ਕਰ ਸਕਦਾ ਹੈ ਤਾਂ ਕੇਵਲ ਤੇ ਕੇਵਲ ਉਹ ਮਨੁੱਖ ਹੀ ਹੈ। ਇਹ ਕਰਮ ਅਤੇ ਭੋਗਣ ਜੂਨੀ ਹੈ। ਬਾਕੀ ਸਿਰਫ ਭੁਗਤਣ ਜੂਨੀਆਂ ਹੀ ਹਨ। ਇਸ ਦਾ ਸਫਰ ਨਿਮਖਾਂ, ਚਸਿਆਂ, ਪਲਾਂ, ਪਹਿਰਾਂ, ਘੜੀਆਂ, ਸਕਿੰਟਾਂ, ਮਿੰਟਾਂ, ਘੰਟਿਆਂ, ਪਹਿਰਾਂ, ਦਿਨਾਂ, ਮਹੀਨਿਆਂ ਤੋਂ ਸ਼ੁਰੂ ਹੋ ਕੇ ਸਾਲਾਂ ਵਿਚ ਹੀ ਗੁਜ਼ਰਦਾ ਹੋਇਆ ਦਹਾਕਿਆਂ ਤੇ ਲੱਗਭੱਗ ਸਦੀ ਵਿਚ ਹੀ ਖਤਮ ਹੋ ਜਾਂਦਾ ਹੈ।

ਜਨਮ ਦਿਨ ਮਨਾਏ ਜਾਂਦੇ ਹਨ, ਮੁਬਾਰਕਵਾਦ ਹੈ। ਪਰ ਪਵਿੱਤਰ ਗੁਰਬਾਣੀ ਹੋਰ ਇਸ਼ਾਰੇ ਕਰਦੀ ਹੈ ਕਿ ਹੇ ਭੁੱਲੀ ਹੋਈ ਮਾਤਾ! ਇਹ ਨਾ ਸਮਝ, ਕਿ ਬੱਚੇ ਦੀ ਉਮਰ ਵੱਧ ਰਹੀ ਹੈ, ਚਿੰਤਨ ਕਰ ਦਿਲ ਦਿਮਾਗ ਦੇ ਅੰਦਰ, ਇਹ ਤਾਂ ਦਿਨੋ ਦਿਨ ਘਟ ਹੀ ਰਹੀ ਹੈ –

*ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ*
*ਜਿ ਦਿਨ ਦਿਨ ਅਵਧ ਘਟਤੁ ਹੈ ॥ ਅੰਗ– ੯੧*

ਮਨੁੱਖ ਜਨਮ ਦਿਨ ਤੋਂ ਬਾਅਦ ਵੱਡਾ ਨਹੀਂ ਹੁੰਦਾ ਸਗੋਂ ਉਮਰ ਘੱਟਣ ਨਾਲ ਛੋਟਾ ਹੁੰਦਾ ਜਾਂਦਾ ਹੈ। ਜੋ ਕੁੱਲ ਸਵਾਸਾਂ ਦੀ ਪੂੰਜੀ ਗਿਣੀ ਮਿਥੀ ਮਿਲੀ ਸੀ ਉਹ ਮੁਕਦੀ–ਮੁਕਦੀ ਖਤਮ ਹੋ ਜਾਂਦੀ ਹੈ –

*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥*
*ਅੰਗ– ੭੨੬*

ਇਸ ਤਰ੍ਹਾਂ ਫਿਰ ਅਗਲਾ ਪਾਸਾ ਨੇੜੇ ਆ ਜਾਂਦਾ ਹੈ –

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥*
*ਅੰਗ– ੧੩੭੮*

ਨਿਸ਼ਾਨੀ ਦਿਤੀ ਸੀ, ਬੁਲਾਵੇ ਦਾ ਸੱਦਾ ਪੱਤਰ ਚਿੱਟੇ ਕੇਸਾਂ ਦੇ ਪ੍ਰਤੀਕ ਵਿਚ ਆ ਗਿਆ। ਫਿਰ ***'ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥' (ਅੰਗ–੬੯੨)*** ਜਿਵੇਂ–ਜਿਵੇਂ ਉਪਰ ਨੂੰ ਵਧਿਆ ਸੀ, ਤਿਵੇਂ–ਤਿਵੇਂ ਹੀ ਸਮੇਂ ਨੇ ਘਟਾਉਣਾ ਸ਼ੁਰੂ

ਕਰ ਦਿਤਾ ਸਫ਼ਰ। ਤਾਂ ਹੀ ਸਮੇਂ ਨੂੰ ਬਲਵਾਨ ਮੰਨਿਆ ਹੈ।

*ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ।*
*ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ।*
*ਕਿਵੇਂ ਨ ਸੱਕੀ ਰੋਕ ਅਟਕ ਜੋ ਪਾਈ ਭੰਨੀ।*
*ਤ੍ਰਿਖੇ ਅਪਣੇ ਵੇਗ ਗਿਆ ਟਪ ਬੰਨੇ ਬੰਨੀ।*
*ਹੋਸ਼! ਅਜੇ ਸੰਭਲ ਇਸ ਸਮੇਂ ਨੂੰ,*
*ਕਰ ਸਫਲ ਉਡੰਦਾ ਜਾਂਵਦਾ,*
*ਇਹ ਠਹਿਰਨ ਜਾਚ ਨ ਜਾਣਦਾ,*
*ਲੰਘ ਗਿਆ ਨ ਮੁੜ ਕੇ ਆਂਵਦਾ। ਭਾਈ ਵੀਰ ਸਿੰਘ ਜੀ*

ਜਿਨ੍ਹਾਂ ਨੇ ਇਸ ਸਾਰੀ ਅਬੁੱਝ ਬੁਝਾਰਤ ਨੂੰ ਸਮਝ ਲਿਆ ਫਿਰ ਉਹਨਾਂ ਵਾਸਤੇ ਇਹ ਸਮਾਂ ਇਸ ਤਰ੍ਹਾਂ ਗੁਜ਼ਰਦਾ ਹੈ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਸੋ ਐਸਾ ਹੁਕਮ ਵਰਤਾ ਦਿਤਾ ਸਾਜ ਕੇ ਸ੍ਰਿਸ਼ਟੀਆਂ। ਚੰਦ, ਸੂਰਜ ਦੀ ਨਿਰੰਤਰ ਗਤੀ ਨੇ ਬਣਾ ਦਿਤੇ ਦਿਨ ਤੇ ਰਾਤ। ਹੋ ਗਿਆ ਸਫ਼ਰ ਸ਼ੁਰੂ ਡਾਢੇ ਦੇ ਹੁਕਮ ਵਿਚ ਇਕ ਸ਼ੈਅ ਦਾ, ਉਹ ਸ਼ੈਅ ਜਿਸ ਨੇ ਹਰ ਇਕ ਨੂੰ ਆਪਣੀ ਲਪੇਟ ਵਿਚ ਲਿਆ। ਨਾ ਪਿਆ ਸਮਾਂ/ਕਾਲ। ਉਸ ਸ਼ੈਅ ਨੂੰ ਵੰਡ ਦਿਤਾ ਤਿੰਨਾਂ ਭਾਗਾਂ ਵਿਚ। ਤਿੰਨ ਨਾਮ ਹੋਰ ਰੱਖ ਦਿਤੇ ਗਏ। ਭੂਤ, ਵਰਤਮਾਨ ਤੇ ਭਵਿੱਖਤ। ਇਨ੍ਹਾਂ ਨਾਮਾਂ ਨਾਲ ਵੀ ਇਸ ਸ਼ੈਅ (ਸਮੇਂ) ਨੂੰ ਯਾਦ ਕੀਤਾ ਜਾਂਦਾ ਹੈ। ਇਤਿਹਾਸ ਲਿਖੇ ਜਾਂਦੇ ਹਨ ਪਰ ਨਾ ਭੂਤਕਾਲ ਕਿਸੇ ਦਾ, ਨਾ ਭਵਿੱਖਤ ਕਾਲ ਕਿਸੇ ਦਾ। ਇਹ ਕਿਸੇ ਕੋਲ ਨਹੀਂ ਦੋਨੋਂ ਬੰਨ੍ਹੇ ਗਏ। ਸਿਰਫ ਹੈ ਕੋਲ ਤਾਂ 'ਅੱਜ'। ਇਹ 'ਵਰਤਮਾਨ' ਦੀ ਘੜੀ ਹੀ ਇਸ ਦੀ ਅਸਲੀ ਪਰਿਭਾਸ਼ਾ ਸਿਰਜਦੀ ਹੈ ਜਿਸ ਨੇ 'ਵਰਤਮਾਨ' ਨੂੰ ਸੰਭਾਲਿਆ, ਉਸ ਦਾ ਭਵਿੱਖਤ, ਭੂਤਕਾਲ ਆਪੇ ਹੀ ਸਾਰਥਕ ਹੋ ਜਾਂਦਾ ਹੈ।

***'ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ' (ਅੰਗ–੨੯੪)*** ਦੇ ਪਵਿੱਤਰ ਨਾਦ ਨੂੰ ਆਪਣੇ ਚਿੰਤਨ ਦਾ ਭਾਗ ਬਣਾਉਂਦਾ ਹੈ। ***'ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥' (ਅੰਗ–੭੨੬)*** ਦੀ ਯਾਦ ਨੂੰ ਮਸਤਕ ਦਾ ਭਾਗ ਬਣਾ ਕੇ ***'ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥ ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥ (ਅੰਗ–੭੨੬)*** ਦੇ ਸਿਧਾਂਤ 'ਤੇ ਚਲਦਿਆਂ ਮਿਲ ਜਾਵੇਗੀ ਅਮਰ ਪਦਵੀ। ਸਮੇਂ ਨੂੰ ਕੀਮਤੀ ਮੰਨਿਆ ਗਿਆ ਹੈ। ਹਰ ਇਕ ਦਾ ਵੀਚਾਰ ਹੁੰਦਾ ਹੈ ਕਿ ਸਮਾਂ ਬੜਾ ਕੀਮਤੀ ਹੈ, ਅਨਮੋਲ ਹੈ। ਪਰ ਸੱਚ ਤੋਂ ਵੱਧ ਕੀਮਤੀ ਨਹੀਂ। ਸੱਚ ਸਮੇਂ ਤੋਂ ਵੱਧ ਕੀਮਤੀ ਹੈ।

ਲੋੜ ਹੈ ਸੱਚ ਨਾਲ ਜੁੜਨ ਦੀ। ਇਕ ਵਿਦਵਾਨ ਦੇ ਕਥਨ ਅਨੁਸਾਰ ਸਮਾਂ ਤਬਦੀਲੀ ਦੀ ਪੂੰਜੀ ਹੈ। ਇਸ ਤਬਦੀਲੀ ਦੇ ਪਵਿੱਤਰ ਗੁਰਬਾਣੀ ਵਿਚ ਸਾਨੂੰ ਸੰਕੇਤ ਮਿਲਦੇ ਹਨ। ਸਮੇਂ ਦੀ ਤਬਦੀਲੀ ਨੇ ਵੱਡੇ-ਵੱਡਿਆਂ ਨੂੰ ਹਸਾਇਆ ਵੀ ਹੈ ਤੇ ਰੁਆਇਆ ਵੀ ਹੈ। ਅਨੁਭਵੀ ਰੱਬੀ ਪਿਆਰਿਆਂ ਦੇ ਬਚਨ ਹਨ ਕਿ ਐਸੀ ਸੰਸਾਰ 'ਤੇ ਕੋਈ ਅੱਖ ਨਹੀਂ ਜਿਹੜੀ ਕਦੇ ਨਮ ਨਹੀਂ ਹੋਈ ਹੋਵੇਗੀ। ਐਸਾ ਕੋਈ ਸਰੀਰ ਨਹੀਂ ਜੋ ਖਾਕ ਦੀ ਢੇਰੀ ਨਹੀਂ ਹੋਇਆ। ਵੱਡੇ-ਵੱਡੇ ਰਾਜੇ, ਮਹਾਰਾਜੇ, ਪੀਰ, ਪੈਗੰਬਰ, ਔਲੀਏ, ਨੇਕੀ ਅਤੇ ਬਦੀ ਕਰਨ ਵਾਲੇ ਆਏ ਪਰ ਸਰੀਰ ਕਰਕੇ ਆਪਣਾ-ਆਪਣਾ ਰੋਲ ਅਦਾ ਕਰਕੇ ਚਲੇ ਗਏ। ***'ਜੋ ਉਪਜਿਓ ਸੋ ਬਿਨਸਿ ਹੈ'*** ਦੇ ਹੁਕਮ ਦੀ ਖੇਡ ਵਰਤੀ। ਤਬਦੀਲੀ ਨੇ ਆਪਣੇ ਜੌਹਰ ਦਿਖਾਏ।

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਵ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥*
*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥*
*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ – ੯੫੩*

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥*
*ਅੰਗ – ੧੪੨੭*

ਗੁਰੂ ਮਹਾਰਾਜ ਵੱਡੇ-ਵੱਡਿਆਂ ਦਾ ਜ਼ਿਕਰ ਕਰਕੇ ਬਖਸ਼ਿਸ਼ ਕਰਦੇ ਹਨ ਕਿ ਜੇ ਸੁਖੀ ਹੋਣਾ ਹੈ, ਜੁੜ ਜਾਉ ਪਰਮ ਸ਼ਕਤੀ ਨਾਲ। ਉਹ ਸੁੱਖਾਂ ਦਾ ਸੋਮਾ ਹੈ। ਖਿੜ ਜਾਵੇਗੀ ਜ਼ਿੰਦਗੀ ਸਦਾ ਲਈ। ***'ਨਾਨਕ ਭਗਤਾ ਸਦਾ***

***ਵਿਗਾਸ'*** ਦਾ ਨਾਦ, ਖੇੜਾ ਵਰਤਾ ਦੇਵੇਗਾ। 'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ' ਵਾਲੀ ਅਵਸਥਾ ਪ੍ਰਾਪਤ ਹੋ ਜਾਵੇਗੀ।

*ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥*
*ਅੰਗ- ੧੪੨੮*

ਸਰੀਰ ਵਿਚ ਦੀ ਤਬਦੀਲੀ ਵੀ ਹੈ। ***'ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ।' (ਅੰਗ-*** *੧੩੮੧)* ਦੇ ਜਾਂਦੇ ਨੇ ਜਵਾਬ ਅੰਗ, ਜੋ ਜਨਮ 'ਚ ਮਿਲੇ ਸੀ। ਲੋੜ ਹੈ ਇਨ੍ਹਾਂ ਅੰਗਾਂ ਦੀ ਸਫ਼ਲਤਾ ਦੀ। ਹੱਥ, ਪੈਰ, ਕੰਨ, ਅੱਖਾਂ ਸਭ ਸਾਰਥਕ ਬਣਾਉਣੀਆਂ ਹਨ। ਸਮੁੱਚੀ ਦੇਹੀ ਹੀ ਗੁਰ ਸੇਵਾ ਤੇ ਭਗਤੀ ਲਈ ਮਿਲੀ ਹੈ। ਅਮਾਨਤ ਹੈ, ਸਾਡੇ ਕੋਲ -

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥* *ਅੰਗ- ੧੧੫੯*

ਪਰ ਲੇਖੇ ਲੱਗੀ ਕੰਮਾਂ-ਕਾਰਾਂ ਦੇ। ਮਾਇਆ ਦੇ ਵਰਤਾਰੇ ਨੇ ਤਾਣੀ ਉਲਝਾ ਦਿਤੀ।

***'ਅਵਰਿ ਕਾਜ ਤੇਰੈ ਕਿਤੈ ਨ ਕਾਮ॥' (ਅੰਗ-੧੨)*** ਰੋਜ਼ਮਰਾ ਜ਼ਿੰਦਗੀ ਦੇ ਦੁਨਿਆਵੀ ਕਾਰਜ ਨਹੀਂ ਆਏ ਕੰਮ ਕਿਸੇ ਦੇ ਵੀ।

*'ਜਹ ਮਾਤਾ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥* *ਅੰਗ- ੨੬੪*

ਤੋਸਾ ਨਾਲ ਜਾਣਾ ਹੈ ਕੇਵਲ ਨਾਮ ਬਾਣੀ ਦਾ। ਜਿਸ ਕੋਲ ਹੈ ਉਹ ਜਾਂਦਾ ਹੈ ਖੁਸ਼ੀ-ਖੁਸ਼ੀ। ਏਥੇ ਵੀ ਅਨੰਦ ਵਿਚ ਹੈ ਤੇ ਜਾਂਦਾ ਵੀ ਅਨੰਦ ਵਿਚ ਸੁਰਖਰੂ ਹੋ ਕੇ, ਹਲਕਾ ਹੋ ਕੇ, ਕਰਮਾਂ ਦੇ ਬੰਧਨਾਂ ਤੋਂ ਹੈ-

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥* *ਅੰਗ- ੨੮੩*

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥* *ਅੰਗ- ੨੫੨*

ਮਿਲਦਾ ਹੈ ਸਤਿਕਾਰ ਅੱਗੇ ਵੀ ਤੇ ਇਥੇ ਵੀ।

*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥*
*ਅੰਗ- ੧੩੬*

ਬੱਸ ਲੋੜ ਹੈ ਸੱਚ ਤੇ ਚੱਲਣ ਦੀ।

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥* *ਅੰਗ- ੬੨*

ਫਿਰ ਇਹ ਸਫਲਾ ਹੀ ਸਫਲਾ ਹੈ।

***'ਸਫਲ ਸਫਲ ਭਈ ਸਫਲ ਜਾਤ੍ਰਾ ॥' (ਅੰਗ-*** *੬੮੭)* ਦੇ ਦੈਵੀ ਨਾਦ ਦੀ ਗੂੰਜ ਦੇ ਵਾਜੇ ਵਜਦੇ ਜਾਂਦੇ ਹਨ। ਪੂਰਾ ਜੀਵਨ, ਪੂਰੀ ਯਾਤਰਾ ਹੀ ਸਫਲ ਹੋ ਜਾਂਦੀ ਹੈ। ਉਹਨਾਂ ਦੀ ਯਾਤ੍ਰਾ ਸਫ਼ਲ ਹੋ ਜਾਂਦੀ ਹੈ ਜੋ ਕਰਦੇ ਹਨ ਪਰਉਪਕਾਰ ਦੇ ਕਾਰਜ। ਲਾ ਦਿੰਦੇ ਹਨ ਜ਼ਿੰਦਗੀ ਗੁਰੂ ਦੇ ਲੇਖੇ ਵਿਚ। ਉਹ ਹਨ ਸੰਤ ਜਨ, ਗੁਰਮੁਖ ਜਨ, ਗੁਰਸਿੱਖ ਰੱਬ ਦੇ ਪਿਆਰੇ।

ਇਹੀ ਸਾਰੇ ਜੁਗਾਂ ਦਾ ਸਾਰ ਹੈ। ਇਹੀ ਸਮਾਂ ਸਿਖਿਆ ਦੇ ਰਿਹਾ ਹੈ। ਇਸ ਦਾ ਆਪਣਾ ਸਫਰ ਜਾਰੀ ਹੈ। ਹੁਕਮ ਦੇ ਵਿਚ ਉਪਜੇ ਜੀਵਾਂ ਦਾ ਸਫਰ ਵੀ ਜਾਰੀ ਹੈ। ਸਮਾਂ ਚਾਰ ਜੁਗਾਂ ਵਿਚੋਂ ਦੀ ਲੰਘ ਰਿਹਾ ਹੈ। ਸਤਿਜੁਗ, ਤ੍ਰੇਤਾ, ਦੁਆਪਰ ਤੇ ਕਲਜੁਗ। ਚਲ ਰਿਹਾ ਹੈ ਕਲਜੁਗਿ। ਪ੍ਰਧਾਨਤਾ ਹੈ ਨਾਮ ਦੀ।

*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੁਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥* *ਅੰਗ- ੧੧੮੫*

ਦੇਖੋ ਕਿਤੇ ਭੁੱਲ ਨਾ ਜਾਇਉ। ਭਰਮਾਂ 'ਚ ਨਾ ਪੈ ਜਾਇਉ। ***'ਨਾਨਕ ਕੈ ਘਰਿ ਕੇਵਲ ਨਾਮੁ' (ਅੰਗ-*** *੧੧੩੬)* ਨਾਲ ਜੁੜ ਜਾਇਉ। ***'ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥ (ਅੰਗ-੧੧੫੯)*** ਇਹੀ ਹੈ 'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ। ਪਛਾਣ ਕਰਨ ਦਾ ਸਮਾਂ ਹੈ। ਕਿਸੇ ਹੋਰ ਸ਼ੈਅ ਦੀ ਨਹੀਂ, ਆਪਣੇ ਆਪੇ ਦੀ। ***'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ (ਅੰਗ-੪੪੧)*** ਜੇਕਰ ਇਹ ਅਵਸਥਾ ਪ੍ਰਾਪਤ ਹੋ ਗਈ ਤਾਂ ਮੁਬਾਰਕਬਾਦ। ***'ਚੰਦ ਮੁਬਾਰਕ ਈਦ ਪੂਗ ਖਲੋਵਣਾ।' 'ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ॥ (ਅੰਗ-੪੫੧)***

ਦੇਈਏ ਇਕ ਦੂਜੇ ਨੂੰ ਅਸੀਸ ***'ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥ (ਅੰਗ-੧੨)*** ਜੇ ਇਕ ਵਾਰ ਮੇਲ ਹੋ ਗਿਆ ਉਹ ਸਦਾ ਦਾ ਮਿਲਣਾ ਹੈ। ***'ਏਹਿ ਸਜਣ ਮਿਲੇ ਨ ਵਿਛੁੜਹਿ ਜਿ ਆਪਿ ਮੇਲੇ ਕਰਤਾਰਿ॥ (ਅੰਗ-੫੮੭)*** ਕਰੀਏ ਸਵਾਗਤ ਸੰਨ 2023 ਦਾ। ਬਣੀਏ ਵਧਾਈ ਦੇ ਪਾਤਰ ਨਾਮ ਬਾਣੀ ਨਾਲ ਜੁੜ ਕੇ। ਆਪ ਜੁੜੀਏ ਹੋਰਨਾਂ ਨੂੰ ਜੋੜੀਏ। ਘੱਟੋ-ਘੱਟ 5-5 ਮੈਂਬਰ ਹੀ 'ਆਤਮ ਮਾਰਗ' ਦੇ ਰਸਤੇ ਤੇ ਨਵੇਂ ਤੋਰੀਏ। ਬਣਾਈਏ ਨਵੇਂ ਮੈਂਬਰ ਚਾਹੇ ਇਕ ਹੀ ਸਹੀ। ਪਰ ਉਪਰਾਲਾ ਜਾਰੀ ਰੱਖੀਏ। ***'ਅਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ।' (ਅੰਗ-*** *੧੦੯੬)* ਲੱਖ-ਲੱਖ ਵਧਾਈ ਹੋਵੇ, ਸਭਨਾਂ ਪਾਠਕ ਜਨਾਂ ਤੇ ਸੰਗਤਾਂ ਨੂੰ। ਆਉਣ ਵਾਲਾ ਸਾਲ ਖੁਸ਼ੀਆਂ ਖੇੜਿਆਂ ਭਰਿਆ, ਨਾਮ ਬਾਣੀ ਨਾਲ ਹੋਵੋ ਸਾਰੇ ਸਰਸ਼ਾਰ।

ਕਰਨ ਸਤਿਗੁਰੂ ਬਖਸ਼ਿਸ਼ਾਂ, ਬਖਸ਼ਣ ਆਪਣਾ ਪਿਆਰ।

*ਭੁੱਲ ਚੁਕ ਦੀ ਖਿਮਾ*
*ਭਾਈ (ਡਾ.) ਸੁਖਵਿੰਦਰ ਸਿੰਘ*

# ਮਾਘਿ
# ਸੰਗਰਾਂਦ-ਜਨਵਰੀ 14 (ਦਿਨ ਸਨਿੱਚਰਵਾਰ)

*ਪ੍ਰੋ. ਸਾਹਿਬ ਸਿੰਘ ਜੀ*

**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥**
**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥**
**ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥**
**ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥**
**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥**
**ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥**
**ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥**
**ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥**
**ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥ ੧੨ ॥ ਅੰਗ- ੧੩੫**

**ਪਦ ਅਰਥ -** ਮਾਘ-ਮਾਘ ਨਖਤ੍ਰ ਵਾਲੀ ਪੂਰਨਮਾਸ਼ੀ ਦਾ ਮਹੀਨਾ। ਮਾਘਿ-ਮਾਘ ਮਹੀਨੇ ਵਿਚ। (ਨੋਟ:- ਇਸ ਮਹੀਨੇ ਦਾ ਪਹਿਲਾ ਦਿਨ ਹਿੰਦੂ-ਸ਼ਾਸਤ੍ਰਾਂ ਅਨੁਸਾਰ ਬੜਾ ਪਵਿੱਤਰ ਹੈ, ਹਿੰਦੂ ਸੱਜਣ ਮਾਘੀ ਵਾਲੇ ਦਿਨ ਪ੍ਰਯਾਗ ਤੀਰਥ ਤੇ ਇਸ਼ਨਾਨ ਕਰਨਾ ਬਹੁਤ ਪੁੰਨ ਕੰਮ ਸਮਝਦੇ ਹਨ। ਮਜਨੁ-ਚੁੱਭੀ। ਦਾਨੁ-ਨਾਮ ਦਾ ਦਾਨ। ਜਨਮ ਕਰਮ ਮਲੁ-ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ। ਗੁਮਾਨੁ-ਅਹੰਕਾਰ। ਕਾਮਿ-ਕਾਮ ਵਿਚ। ਕਰੋਧਿ-ਕ੍ਰੋਧ ਵਿਚ। ਮੋਹੀਐ-ਠੱਗੇ ਜਾਈਦਾ। ਸੁਆਨੁ-ਕੁੱਤਾ। ਮਾਰਗਿ-ਰਸਤੇ ਉਤੇ। ਉਸਤਤਿ-ਸੋਭਾ। ਅਠਸਠਿ-ਅਠਾਹਠ। ਪਰਵਾਨੁ-ਮੰਨਿਆ-ਪ੍ਰਮੰਨਿਆ (ਧਾਰਮਿਕ ਕੰਮ) ਕਰਿ-ਕਰ ਕੇ। ਸੁਜਾਨੁ-ਸਿਆਣਾ। ਕਾਂਢੀਅਹਿ-ਆਖੇ ਜਾਂਦੇ ਹਨ।

**ਅਰਥ -** ਮਾਘ ਵਿਚ (ਮਾਘੀ ਵਾਲੇ ਦਿਨ ਲੋਕ ਪ੍ਰਯਾਗ ਆਦਿਕ ਤੀਰਥਾਂ ਤੇ ਇਸ਼ਨਾਨ ਕਰਨਾ ਬੜਾ ਪੁੰਨ ਕਰਮ ਸਮਝਦੇ ਹਨ, ਪਰ ਤੂੰ ਹੇ ਭਾਈ! ਗੁਰਮੁਖਾਂ ਦੀ ਸੰਗਤਿ ਵਿਚ (ਬੈਠ, ਇਹੀ ਹੈ ਤੀਰਥਾਂ ਦਾ) ਇਸ਼ਨਾਨ, ਉਹਨਾਂ ਦੀ ਚਰਨ-ਧੂੜ ਵਿਚ ਇਸ਼ਨਾਨ ਕਰ (ਨਿਮ੍ਰਤਾ-ਭਾਵ ਨਾਲ ਗੁਰਮੁਖਾਂ ਦੀ ਸੰਗਤਿ ਕਰ, ਉਥੇ) ਪ੍ਰਮਾਤਮਾ ਦਾ ਨਾਮ ਜਪ, ਪ੍ਰਮਾਤਮਾ ਦੀ ਸਿਫਤਿ-ਸਾਲਾਹ ਸੁਣ, ਹੋਰ ਸਭਨਾਂ ਨੂੰ ਇਹ ਨਾਮ ਦੀ ਦਾਤਿ ਵੰਡ (ਇਸ ਤਰ੍ਹਾਂ) ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ (ਤੇਰੇ ਮਨ ਤੋਂ) ਲਹਿ ਜਾਏਗੀ, ਤੇਰੇ ਮਨ ਵਿਚੋਂ ਅਹੰਕਾਰ ਦੂਰ ਹੋ ਜਾਏਗਾ।

(ਸਿਮਰਨ ਦੀ ਬਰਕਤਿ ਨਾਲ) ਕਾਮ ਵਿਚ, ਕ੍ਰੋਧ ਵਿਚ ਨਹੀਂ ਫਸੀਦਾ, ਲੋਭ-ਕੁੱਤਾ ਭੀ ਮੁੱਕ ਜਾਂਦਾ ਹੈ (ਲੋਭ, ਜਿਸ ਦੇ ਅਸਰ ਹੇਠ ਮਨੁੱਖ ਕੁੱਤੇ ਵਾਂਗ ਦਰ-ਦਰ ਤੇ ਭਟਕਦਾ ਹੈ) ਇਸ ਸੱਚੇ ਰਸਤੇ ਉਤੇ ਤੁਰਿਆਂ ਜਗਤ ਵੀ ਸੋਭਾ ਕਰਦਾ ਹੈ। ਅਠਾਹਠ ਤੀਰਥਾਂ ਦਾ ਇਸ਼ਨਾਨ, ਸਾਰੇ ਪੁੰਨ ਕਰਮ, ਜੀਵਾਂ ਉਤੇ ਦਇਆ ਕਰਨੀ ਜੋ ਧਾਰਮਿਕ ਕੰਮ ਮੰਨੀ ਗਈ ਹੋਈ ਹੈ (ਇਹ ਸਭ ਕੁਝ ਸਿਮਰਨ ਦੇ ਵਿਚ ਹੀ ਆ ਜਾਂਦੇ ਹਨ)

ਪ੍ਰਮਾਤਮਾ ਕ੍ਰਿਪਾ ਕਰਕੇ ਜਿਸ ਮਨੁੱਖ ਨੂੰ (ਸਿਮਰਨ ਦੀ ਦਾਤਿ) ਦੇਂਦਾ ਹੈ, ਉਹ ਮਨੁੱਖ (ਜ਼ਿੰਦਗੀ ਦੇ ਸਹੀ ਰਸਤੇ ਦੀ ਪਛਾਣ ਵਾਲਾ) ਸਿਆਣਾ ਹੋ ਜਾਂਦਾ ਹੈ।

ਹੇ ਨਾਨਕ! ਜਿਨ੍ਹਾਂ ਨੂੰ ਪਿਆਰਾ ਪ੍ਰਭੂ ਮਿਲ ਪਿਆ ਹੈ, ਮੈਂ ਉਹਨਾਂ ਤੋਂ ਸਦਕੇ ਹਾਂ। ਮਾਘ ਮਹੀਨੇ ਵਿਚ ਸਿਰਫ ਉਹੀ ਸੁੱਚੇ ਬੰਦੇ ਆਖੇ ਜਾਂਦੇ ਹਨ, ਜਿਨ੍ਹਾਂ ਉਤੇ ਪੂਰਾ ਸਤਿਗੁਰੂ ਦਇਆਵਾਨ ਹੁੰਦਾ ਹੈ (ਤੇ ਜਿਨ੍ਹਾਂ ਨੂੰ ਸਿਮਰਨ ਦੀ ਦਾਤਿ ਦੇਂਦਾ ਹੈ)

# ਨਿਰਵੈਰ ਨਿਰਾਲਾ ਸਤਿਗੁਰੂ
# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਕੋਈ ਨਾਉਂ ਨਾ ਜਾਣੈ ਮੇਰਾ*
*ਗੁਰੂ ਜੀ ਸਭ ਤੇਰੀ ਵਡਿਆਈ ਐ।*

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥*
*ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ ॥ ੧ ॥*
*ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ ॥*
*ਬੁਰਾ ਭਲਾ ਕਹੁ ਕਿਸ ਨੋ ਕਹੀਐ*
*ਸਗਲੇ ਜੀਅ ਤੁਮ੍ਾਰੇ ॥ ੧ ॥ ਰਹਾਉ ॥*
*ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ ॥*
*ਜਿਸੁ ਜਨ ਊਪਰਿ ਤੇਰੀ ਕਿਰਪਾ*
*ਤਿਸ ਕਉ ਬਿਪੁ ਨ ਕੋਊ ਭਾਖੈ ॥ ੨ ॥*
*ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥*
*ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ॥ ੩ ॥*
*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥*
*ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥ ੪ ॥ ੧੦ ॥ ੪੯*
*ਅੰਗ- ੩੮੩*

*ਧਾਰਨਾ - ਤੇਰੀ ਵਡਿਆਈ ਮੇਰੇ ਸਾਹਿਬਾ,*
*ਕੋਈ ਨਾਉਂ ਨ ਜਾਣੈ ਮੇਰਾ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਬਹੁਤ ਸਮੇਂ ਤੋਂ ਆਪ ਗੁਰੂ ਦਰਬਾਰ 'ਚ ਬੈਠੇ ਹੋਂ। ਹੁਣੇ ਮੇਰੇ ਤੋਂ ਪਹਿਲਾਂ ਤੁਸੀਂ ਨਾਮ ਦੀ ਬਾਤ ਸੁਣ ਰਹੇ ਸੀ। ਨਾਮ ਜਪਣਾ ਚਾਹੀਦੈ। ਕਿਸ ਤਰ੍ਹਾਂ ਜਪਣਾ ਚਾਹੀਦੈ? ਨਾਮ ਜੋ ਹੈ ਇਹਨੂੰ ਸਮਝਣ ਦੀ ਲੋੜ ਹੈ ਪਹਿਲਾਂ ਕਿ ਨਾਮ ਕਹਿੰਦੇ ਕਿਸਨੂੰ ਨੇ। ਤੁਹਾਡੇ ਸਾਰਿਆਂ ਦੇ ਅੰਦਰ ਨਾਮ ਵਸਦਾ ਹੈ। ਜੋ ਕੁਝ ਵੀ ਤੁਹਾਨੂੰ ਨਜ਼ਰ ਆਉਂਦੈ, ਚਾਹੇ ਧਰਤੀ ਨਜ਼ਰ ਆਉਂਦੀ ਹੈ, ਚਾਹੇ ਅਕਾਸ਼ ਆਉਂਦੈ, ਚਾਹੇ ਦਰਿਆ ਹੈ, ਚਾਹੇ ਦਰਖਤ ਨੇ, ਚਾਹੇ ਜਾਨਵਰ ਨੇ, ਚਾਹੇ ਪੰਛੀ ਨੇ ਉੱਡਣ ਵਾਲੇ, ਚਾਹੇ ਮਨੁੱਖ ਨੇ; ਨਾਮ ਤੋਂ ਬਗੈਰ ਦੁਨੀਆਂ ਦੀ ਕੋਈ ਵੀ ਚੀਜ਼ ਕਾਇਮ ਨਹੀਂ ਰਹਿ ਸਕਦੀ ਕਿਉਂਕਿ ਨਾਮ ਇਕ ਕਰੰਟ ਹੈ, ਇਕ ਸ਼ਕਤੀ ਹੈ ਜਿਹਨੇ ਸਾਰੇ ਸੰਸਾਰ ਨੂੰ ਧਾਰਨ ਕਰਿਆ ਹੋਇਐ। ਮਨੁੱਖ ਦੇ ਅੰਦਰ ਇਕ ਸ਼ਕਤੀ ਹੈ ਕਿ ਇਹ ਨਾਮ ਤਕ ਪਹੁੰਚ ਸਕਦੈ, ਹੋਰ ਕਿਸੇ ਵਿਚ ਸ਼ਕਤੀ ਨਹੀਂ ਹੈ। ਮਹਾਰਾਜ ਫੁਰਮਾਨ ਕਰਦੇ ਨੇ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* *ਅੰਗ- ੨੮੪*

ਉਹ ਨਾਮ ਜਿਹੜਾ ਹੈ ਉਹ ਹਰੇਕ ਦੇ ਹਿਰਦੇ ਵਿਚ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ- ੨੯੩*

ਆਹ ਦੇਹੀ 'ਚ ਹੈ। ਕੇਵਲ ਮਨੁੱਖਾ ਦੇਹੀ 'ਚ ਪ੍ਰਗਟ ਹੁੰਦੈ। ਹੋਰ ਕਿਤੇ ਹੁੰਦਾ ਨਹੀਂ ਹੈ -

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ- ੨੯੩*

ਐਨਾ ਅਨੰਦ ਹੈ ਕਿ ਦਸਿਆ ਨਹੀਂ ਜਾਂਦਾ। ਕਹਿ ਨਹੀਂ ਹੁੰਦਾ। ਸੋ ਉਸ ਨਾਮ ਦੀ ਪ੍ਰਾਪਤੀ ਕਰਕੇ ਅਸੀਂ ਨਾਮੀ ਵਿਚ ਲੀਨ ਹੋ ਜਾਂਦੇ ਹਾਂ। ਜੰਮਣ ਮਰਣ ਦਾ ਚੱਕਰ ਜਿਹੜਾ ਸਾਡੇ ਗਲ ਪਿਆ ਹੋਇਐ ਉਹ ਹਟ ਜਾਂਦੈ। ਇਸ ਕਰਕੇ ਜਿੰਨੇ ਵੀ ਮਹਾਂਪੁਰਸ਼ ਆਉਂਦੇ ਨੇ ਉਹ ਇਕੋ ਗੱਲ ਬਾਰ-ਬਾਰ ਸਾਨੂੰ ਕਹਿੰਦੇ ਨੇ ਕਿ ਪਿਆਰਿਓ! ਦੁਨੀਆਂ ਦੇ ਕੰਮਾਂ 'ਚ ਮਸਤ ਨਾ ਹੋਵੋ। ਬਾਲ-ਬੱਚਿਆਂ 'ਚ ਮਸਤ ਨਾ ਹੋਵੋ। ਕਾਰੋਬਾਰਾਂ 'ਚ ਪ੍ਰਮੇਸ਼ਰ ਨੂੰ ਨਾ ਭੁੱਲੋ। ਆਹ ਸਮਾਂ ਆ ਗਿਆ ਤੁਹਾਡਾ ਨਾਮ ਜਪਣ ਦਾ, ਨਾਮ ਦੀ ਲੁੱਟ ਲੁੱਟਣ ਦਾ। ਜਿਹਦਾ ਮੁੱਲ ਐਨਾ ਹੈ ਕਿ ਸੰਸਾਰ 'ਚ ਕੋਈ ਨਹੀਂ ਜਿਹੜਾ ਨਾਮ ਦਾ ਮੁੱਲ ਦਸ ਸਕੇ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*
*ਅੰਗ- ੮੧*

ਕੋਈ ਨਹੀਂ ਜਾਣਦਾ ਪਰ ਭਾਗਾਂ ਵਾਲੇ ਬੰਦੇ ਨੇ ਜਿਨ੍ਹਾਂ ਦੇ ਮੱਥੇ 'ਚ ਲੇਖ ਲਿਖਿਆ ਹੁੰਦੈ, ਉਹ ਇਸ ਪਿਆਰ ਦਾ ਅਨੰਦ ਮਾਣਦੇ ਨੇ। ਉਹਦੀ ਲੁੱਟ ਲੁੱਟਣ ਵਾਸਤੇ ਮਹਾਂਪੁਰਸ਼ਾਂ ਨੇ ਬਾਰ-ਬਾਰ ਸਾਨੂੰ, ਉਚੀ-ਉਚੀ ਹੋਕੇ ਦੇ ਸਾਨੂੰ ਖਬਰਦਾਰ ਕਰਕੇ ਜਗਾਇਐ -

*ਧਾਰਨਾ - ਲੁੱਟ ਲੁੱਟ ਲਓ ਨਸੀਬਾਂ ਵਾਲੇ ਬੰਦਿਓ,*
*ਲੁੱਟ ਪੈ ਗਈ ਰਾਮ ਨਾਮ ਦੀ।*
*ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥*
*ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥*
*ਅੰਗ - ੧੩੬੬*

ਪਛਤਾਵਾ ਹੋਏਗਾ ਜਦੋਂ ਪ੍ਰਾਣ ਛੁਟ ਗਏ। ਸਮਾਂ ਹੈ ਕਿ ਲੁੱਟ ਲਓ। ਲੁੱਟਣ ਨਾਲ ਕੀ ਹੋਏਗਾ ਮਹਾਰਾਜ ਕਹਿੰਦੇ, ਤੇਰੇ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਏਗਾ। ਵਾਹਿਗੁਰੂ ਨੇ ਸੰਸਾਰ ਵਿਚ ਦੁੱਖ ਨਹੀਂ ਸੀ ਬਣਾਇਆ। ਇਹ ਵਾਹਿਗੁਰੂ ਦਾ ਆਪਣਾ ਘਰ ਹੈ -

*ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥*
*ਅੰਗ- ੪੬੩*

ਇਹਦੇ ਵਿਚ ਵਾਹਿਗੁਰੂ ਵਸਦੈ, ਜਿਥੇ ਵਾਹਿਗੁਰੂ ਵਸੇ ਉਥੇ ਦੁਖ ਕਿਵੇਂ ਆ ਸਕਦੈ। ਮਹਾਤਮਾ ਬੁੱਧ ਨੇ ਇਹ ਗੱਲ ਕਹੀ ਕਿ ਸੰਸਾਰ ਦੁੱਖਾਂ ਦਾ ਘਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਨਾ ਮਹਾਤਮਾ ਜੀ! ਆਹ ਲੋਕਾਂ ਦਾ ਦਿਲ ਨਾ ਤੋੜੋ, ਨਿਰਾਸ਼ਾਵਾਦ ਆ ਜਾਏਗਾ, ਲੋਕ ਕੰਮ ਕਰਨ ਤੋਂ ਹਟ ਜਾਣਗੇ, ਤਰੱਕੀ ਕੋਈ ਨਹੀਂ ਹੋਣੀ। ਸਾਰੇ ਹੱਥ 'ਤੇ ਹੱਥ ਧਰ ਕੇ ਬੈਠ ਜਾਣਗੇ। ਘਰ -ਬਾਰ ਛੱਡ ਜਾਣਗੇ। ਸੰਸਾਰ ਦੀ ਮਰਿਆਦਾ ਵਿਗੜ ਜਾਏਗੀ। ਇਸ ਤਰ੍ਹਾਂ ਨਾ ਕਹੋ, ਸੰਸਾਰ ਦੁੱਖਾਂ ਦਾ ਘਰ ਹੈ, ਦਿਲ ਨਾ ਤੋੜੋ।

ਗੋਰਖਨਾਥ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ, ਹੇ ਨਾਨਕ! ਤੇਰੀ ਬਾਤ ਜੋ ਅਸੀਂ ਸੁਣਦੇ ਹਾਂ, ਤੇਰਾ ਬਚਨ ਜੋ ਅਸੀਂ ਸੁਣਦੇ ਹਾਂ। ਬਿਲਕੁਲ ਅਜੀਬ ਹੁੰਦੈ, ਦਿਲ ਨੂੰ ਲਗਦੈ, ਕਾਟ ਕਰਦੈ ਪਰ ਫੇਰ ਵੀ ਸਾਡੇ ਮਨ ਵਿਚ ਤਰਕ ਆਉਂਦੀ ਹੈ। ਮਹਾਰਾਜ ਕਹਿੰਦੇ, ਕਰੋ ਤਰਕ?

ਕਹਿੰਦੇ, ਤੁਸੀਂ ਇਹ ਕਹਿੰਦੇ ਹੋਂ ਕਿ ਸੰਸਾਰ ਸਾਰਾ ਵਾਹਿਗੁਰੂ ਦਾ ਰੂਪ ਹੈ। ਫੇਰ ਸੰਸਾਰ ਕਿਵੇਂ ਬਣ ਗਿਆ, ਇਥੇ ਚੰਗੇ ਮਾੜੇ ਕਿਥੋਂ ਆ ਗਏ ਤੇ ਸੰਸਾਰ ਵਿਚ ਦੁਖ ਕਿਉਂ ਆ ਗਏ? ਸਾਡਾ ਤਾਂ ਖਿਆਲ ਹੈ ਕਿ ਵਾਹਿਗੁਰੂ ਜੀ ਨੇ ਸੰਸਾਰ ਪੈਦਾ ਹੀ ਦੁੱਖਾਂ ਦਾ ਕਰਿਆ ਹੈ। ਮਹਾਰਾਜ ਕਹਿੰਦੇ, ਇਹ ਤਾਂ ਗਲਤ ਗੱਲ ਹੈ। ਸੰਸਾਰ ਤਾਂ ਸੁੱਖਾਂ ਦਾ ਬਣਾਇਆ ਹੈ। ਇਹਦੇ 'ਚ ਦੁਖ ਦਾ ਨਾਮ ਨਿਸ਼ਾਨ ਨਹੀਂ। ਪਰ ਇਹ ਦੁਖ ਤਾਂ ਆ ਗਿਆ ਕਿਉਂਕਿ ਸਾਡਾ ਸਬੰਧ ਟੁੱਟ ਗਿਆ ਵਾਹਿਗੁਰੂ ਦੇ ਨਾਲੋਂ। ਸਵਾਲ ਇਹ ਸੀ ਕਿ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਅੰਗ - ੯੪੬*

ਜਿਹੜਾ ਸਾਨੂੰ ਦੁੱਖ ਲੱਗਿਆ ਹੋਇਐ, ਇਹ ਕਿਵੇਂ ਹਟੇ? ਕੋਈ ਸੰਸਾਰ 'ਚ ਸੁਖੀਆ ਨਹੀਂ ਹੈ। ਭਾਲ ਕੇ ਦੇਖ ਲਓ।

ਇਕ ਰਾਜੇ ਨੇ ਬੜਾ ਉੱਦਮ ਕਰਿਆ। ਇਕ ਮਹਾਤਮਾ ਦੇ ਪਾਸ ਜਾਂਦਾ ਹੁੰਦਾ ਸੀ। ਮਹਾਤਮਾ ਨੂੰ ਕਹਿਣ ਲੱਗਿਆ, ਮਹਾਰਾਜ! ਮੈਨੂੰ ਤੁਸੀਂ ਸੁਖੀ ਕਰ ਦਿਓ। ਮਹਾਤਮਾ ਕਹਿਣ ਲੱਗੇ, ਰਾਜਨ! ਇਸ ਤਰ੍ਹਾਂ ਸੁਖ ਨਹੀਂ ਹੁੰਦਾ। ਜਿਹੜੀਆਂ ਚੀਜ਼ਾਂ 'ਚੋਂ ਤੂੰ ਸੁਖ ਭਾਲਦੈਂ ਉਹ ਸੁਖ ਦੇਣ ਵਾਲੀਆਂ ਨਹੀਂ ਹਨ। ਬਹੁਤ ਖਹਿੜੇ ਪੈ ਗਿਆ। ਕਹਿੰਦੇ, ਚਲ ਚੰਗਾ, ਇਕ ਮੰਤਰ ਹੈ ਸਾਡੇ ਕੋਲ। ਉਹ ਤਾਂ ਹੁੰਦੈ ਜੇ ਤੂੰ ਇਕ ਕੱਪੜਾ ਲਿਆ ਦੇਵੇਂ। ਕਹਿਣ ਲੱਗੇ, ਜੀ ਕੱਪੜਾ ਕਿਹੋ ਜਿਹਾ? ਕਹਿੰਦੇ, ਕੱਪੜਾ ਓਸ ਬੰਦੇ ਦਾ ਹੋਵੇ ਜਿਹਨੇ ਕਦੇ ਦੁਖ ਨਾ ਦੇਖਿਆ ਹੋਵੇ। ਢੰਡੋਰੇ ਪਿਟਵਾ ਦਿਤੇ। ਸਾਰੀ ਰਿਆਸਤ ਵਿਚ ਖੋਜ ਕਰਨੀ ਸ਼ੁਰੂ ਕਰ ਦਿਤੀ। ਇਕੱਲੇ-ਇਕੱਲੇ ਨੂੰ ਪੁੱਛਦੇ ਨੇ। ਕੋਈ ਕਹਿੰਦਾ ਜੀ, ਮੇਰਾ ਪਿਤਾ ਮਰ ਗਿਆ। ਮੇਰਾ ਮਨ ਦੁਖੀ ਹੋ ਗਿਆ। ਮਾਤਾ ਮਰ ਗਈ, ਦੁਖੀ ਹੋ ਗਿਆ। ਕੋਈ ਕਹਿੰਦਾ ਮੇਰਾ ਪੁੱਤਰ ਵਿਛੜ ਗਿਆ, ਦੁਖੀ ਹੋ ਗਿਆ। ਪੁੱਤਰ ਨਲਾਇਕ ਨਿਕਲ ਗਿਆ, ਦੁਖੀ ਹੋ ਗਿਆ। ਮੇਰੇ ਭਰਾਵਾਂ ਨੇ ਮੇਰੇ ਨਾਲ ਧੋਖਾ ਕਰਿਆ, ਮੈਂ ਦੁਖੀ ਹੋ ਗਿਆ। ਕੋਈ ਬੀਬੀ ਕਹਿੰਦੀ ਹੈ ਮੇਰਾ ਪਤੀ ਸ਼ਰਾਬ ਪੀਂਦਾ ਹੈ, ਮੈਂ ਬੜੀ ਦੁਖੀ ਹਾਂ। ਕਿਸੇ ਨੂੰ ਕੋਈ ਦੁਖ ਹੈ ਕਿਸੇ ਨੂੰ ਕੋਈ। ਦੁਖਾਂ ਦਾ ਤਾਂ ਖਾਤਮਾ ਹੀ ਨਹੀਂ ਹੁੰਦਾ। ਮਹਾਰਾਜ ਨੇ ਦੁੱਖਾਂ ਦੀ ਗਿਣਤੀ ਬਹੁਤ ਵੱਡੀ ਕਰੀ ਹੈ। ਪੰਜ ਕਲੇਸ਼ ਨੇ ਮਨ ਦੇ ਅੰਦਰ ਜਿਹੜੇ ਆਦਮੀ ਸਮਝਦਾ ਨਹੀਂ ਹੈ। ਬਹੁਤ ਭਿਆਨਕ ਕਲੇਸ਼ ਨੇ। ਵੱਡੇ-ਵੱਡੇ ਦੁੱਖਾਂ ਨੂੰ ਮਹਾਰਾਜ ਨੇ ਗਿਣਿਆ ਹੈ -

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥*
*ਵੈਦ ਨ ਭੋਲੇ ਦਾਰੂ ਲਾਇ ॥ ਅੰਗ - ੧੨੫੬*

ਅਖੀਰ ਸਾਰੇ ਫਿਰ ਕੇ ਆ ਗਏ। ਕਹਿੰਦੇ, ਮਹਾਰਾਜ! ਕੋਈ ਵੀ ਬੰਦਾ ਸੁਖੀ ਨਹੀਂ ਮਿਲਿਆ ਤੇਰੀ ਰਿਆਸਤ ਦੇ ਅੰਦਰ। ਕੱਪੜਾ ਕਿਸ ਤੋਂ ਲੈਣਾ ਸੀ। ਕਹਿੰਦਾ, ਫੇਰ ਤਲਾਸ਼ ਕਰੋ। ਇਕ ਬੰਦਾ ਨਦੀ ਕਿਨਾਰੇ ਨਹਾ ਰਿਹਾ ਸੀ। ਉਹਨਾਂ ਨੇ ਕਿਹਾ ਇਸ ਤੋਂ ਵੀ ਪੁੱਛ ਲਈਏ। ਇਸ਼ਨਾਨ ਕਰਦਾ ਸੀ ਇੰਤਜ਼ਾਰ ਕਰਨ ਲਗ ਗਏ। ਇਸ਼ਨਾਨ ਕਰ ਆਇਆ, ਇਕ ਲੰਗੋਟੀ ਉਹਦੇ ਤੇੜ ਹੈ। ਇਕ ਉਹਨੇ ਪਾਟਿਆ ਹੋਇਆ ਕੁੜਤਾ ਪਾਇਆ ਹੋਇਐ। ਜਦੋਂ ਬਾਹਰ ਨਿਕਲਿਆ, ਕਹਿਣ ਲੱਗੇ ਕਿਉਂ ਬਈ ਪ੍ਰੇਮੀਆਂ! ਸਾਨੂੰ ਪੁੱਛਣਾ ਤਾਂ ਚਾਹੀਦਾ ਨਹੀਂ ਕਿਉਂਕਿ ਤੇਰੇ ਨਾਲੋਂ ਤਾਂ ਦੁਖੀ ਹੋਰ ਕੋਈ ਨਹੀਂ ਜਿਹਦੇ ਕੋਲ ਕੁੜਤਾ ਵੀ ਨਹੀਂ ਪਾਉਣ ਵਾਸਤੇ। ਸਿਰ ਦੇ ਉਤੇ ਕੋਈ ਦਸਤਾਰਾ ਵੀ ਨਹੀਂ ਬੰਨ੍ਹਣ ਵਾਸਤੇ। ਪਰ ਫੇਰ ਵੀ ਸਾਡਾ ਫਰਜ਼ ਹੈ ਕਿ ਪੁੱਛੀਏ ਕਿ ਤੂੰ ਕਿੰਨਾਂ ਕੁ

ਸੁਖੀ ਹੈਂ? ਉਹ ਕਹਿਣ ਲੱਗਿਆ, ਤੁਹਾਨੂੰ ਕੀ ਅੰਦਾਜ਼ਾ ਦੱਸਾਂ ਮੈਂ ਤਾਂ ਪੂਰਾ ਸੁਖੀ ਹਾਂ, ਮੈਨੂੰ ਕਿਸੇ ਕਿਸਮ ਦਾ ਕੋਈ ਦੁਖ ਨਹੀਂ ਹੈ। ਕਹਿੰਦੇ ਕਿਉਂ? ਕਹਿੰਦਾ, ਮੈਂ ਆਪਣੀਆਂ ਵਾਸ਼ਨਾਵਾਂ 'ਤੇ ਕਾਬੂ ਪਾ ਲਿਆ। ਮੇਰੀ ਕੋਈ ਵਾਸ਼ਨਾ ਹੀ ਨਹੀਂ ਸੰਸਾਰ ਵਿਚ। ਮੈਂ ਕਿਸੇ ਤੋਂ ਕੁਛ ਲੈਣਾ ਹੀ ਨਹੀਂ ਹੈ -

*ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥*

*ਅੰਗ - ੧੩੭੩*

ਉਸ ਵੇਲੇ ਕਹਿਣ ਲੱਗਿਆ, ਪ੍ਰਸ਼ਾਦੇ ਦੀ ਵੀ ਆਸ ਨਹੀਂ ਰਖਦੇ, ਮਿਲ ਜਾਂਦੈ ਛਕ ਲੈਂਦੇ ਹਾਂ। ਨਹੀਂ ਤਾਂ ਭਜਨ ਕਰੀ ਜਾਂਦੇ ਹਾਂ।

ਰਾਜੇ ਦੇ ਪਾਸ ਆ ਗਏ। ਕਹਿਣ ਲੱਗੇ, ਸੁਖੀ ਤਾਂ ਲੱਭ ਗਿਆ ਪਰ ਉਹਦੇ ਕੋਲ ਤਾਂ ਕੋਈ ਵੀ ਕੱਪੜਾ ਨਹੀਂ ਹੈ। ਪਾਟੇ ਹੋਏ ਕੱਪੜੇ ਨੇ ਉਹਦੇ ਪਾਏ ਹੋਏ। ਉਹ ਅਸੀਂ ਲਿਆਂਦੇ ਨਹੀਂ। ਬਾਦਸ਼ਾਹ ਨੂੰ ਗੱਲ ਸਮਝਾਈ ਮਹਾਤਮਾ ਨੇ, ਕਹਿਣ ਲੱਗੇ, ਬਾਦਸ਼ਾਹ! ਜਿਹੜਾ ਸੁਖ ਤੂੰ ਭਾਲਦੈਂ, ਇਹ ਸੰਸਾਰ 'ਚੋਂ ਨਹੀਂ ਮਿਲਿਆ ਕਰਦਾ। ਨਾ ਸੰਸਾਰ ਦੀਆਂ ਵਸਤੂਆਂ 'ਚੋਂ ਮਿਲਦੈ। ਇਹ ਤਾਂ ਜਿਸ ਦੇ ਪਾਸ ਵੀ ਵੱਡੀਆਂ ਤੋਂ ਵੱਡੀਆਂ ਬਿਭੂਤੀਆਂ ਨੇ, ਸਵਰਗ ਲੋਕ ਦਾ ਰਾਜਾ ਇੰਦਰ, ਜਿਹਦੇ ਕੋਲ ਇਥੇ ਦੇ ਚੱਕਰਵਰਤੀ ਬਾਦਸ਼ਾਹ ਨਾਲੋਂ 16 ਕਰੋੜ ਖਰਬ ਗੁਣਾਂ ਜ਼ਿਆਦਾ ਸੁਖ ਹੈ। ਅੰਦਾਜ਼ਾ ਲਾ ਲਓ ਕਦੇ ਗੁਣਾਂ ਕਰਕੇ। ਉਹ ਵੀ ਦੁਖੀ ਹੈ -

*ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥* *ਅੰਗ- ੯੫੩*

ਅਵਤਾਰਾਂ ਦੀਆਂ ਗੱਲਾਂ ਆ ਗਈਆਂ। ਵੱਡਿਆਂ-ਵੱਡਿਆਂ ਦੀਆਂ ਆ ਗਈਆਂ -

*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥* *ਅੰਗ- ੯੫੪*

ਅਖੀਰ ਮਹਾਰਾਜ ਗਿਣਦੇ-ਗਿਣਦੇ ਸੇਖਾਂ ਦਾ, ਮਸਾਇਕਾਂ ਦਾ, ਰਾਜਿਆਂ ਦਾ, ਕੰਨ ਪਾੜਨ ਵਾਲਿਆਂ ਦਾ, ਧਨੀਆਂ ਦਾ। ਅਖੀਰ ਦੇ ਉਤੇ ਫੁਰਮਾਨ ਕਰਦੇ ਨੇ ਕਿ -

*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥*
*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥* *ਅੰਗ- ੯੫੪*

ਸਾਰਾ ਸੰਸਾਰ ਦੁਖੀ ਹੈ। ਫੇਰ ਸੁਖ ਹੈ ਨਹੀਂ? ਫੇਰ ਤਾਂ ਸਾਨੂੰ ਵੀ ਮੰਨ ਲੈਣਾ ਚਾਹੀਦੈ ਕਿ ਵਾਹਿਗੁਰੂ ਨੇ ਸੰਸਾਰ ਦੁੱਖਾਂ ਦਾ ਘਰ ਬਣਾ ਦਿਤਾ। ਮਹਾਰਾਜ ਕਹਿੰਦੇ ਨਹੀਂ ਪ੍ਰੇਮੀਓ! ਇਥੇ ਹੀ ਨਾ ਖੜ੍ਹਿਓ, ਅੱਗੇ ਦੀ ਗੱਲ ਵੀ ਸੁਣ ਲਓ। ਗੋਰਖ ਨੂੰ ਮਹਾਰਾਜ ਕਹਿਣ ਲੱਗੇ, ਗੋਰਖਨਾਥ! ਇਥੇ ਤੱਕ ਤਾਂ ਦੁਖੀ ਨੇ ਸਾਰੇ, ਉਹ ਦੁਖੀ ਨੇ ਜਿਹੜੇ ਪ੍ਰਕ੍ਰਿਤੀ ਦੇ ਵਿਚੋਂ, ਪਦਾਰਥਾਂ ਦੇ ਵਿਚੋਂ ਸੁਖ ਭਾਲਦੇ ਨੇ। ਉਹਨਾਂ ਨੂੰ ਸੁਖ ਦੇ ਨਾਮ ਨਿਸ਼ਾਨ ਦਾ ਵੀ ਨਹੀਂ ਪਤਾ ਲਗਦਾ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*

*ਅੰਗ- ੭੦੭*

ਚੰਡੀਗੜ੍ਹ, ਦਿੱਲੀ, ਬੰਬੇ ਦੀਆਂ ਕੋਠੀਆਂ ਦੀ ਗੱਲ ਮਹਾਰਾਜ ਕਰਦੇ ਨੇ ਕਿ ਹੀਰੇ ਤੇ ਮੋਤੀ ਲਾ ਕੇ ਉਹਨਾਂ ਦੀ ਸਜਾਵਟ ਕੀਤੀ ਹੋਵੇ। ਵਾਜਿਆਂ ਦੇ ਉਤੇ ਸੋਨੇ ਦੀਆਂ ਪਲੇਟਾਂ ਲੱਗੀਆਂ ਹੋਣ। ਚੰਦਨ ਦੀ ਸੁਗੰਧੀ ਆਉਂਦੀ ਹੋਵੇ-

*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*

*ਅੰਗ- ੭੦੭*

ਜਿਹੜੀ ਚੀਜ਼ ਨੂੰ ਜੀਅ ਕਰੇ ਉਹ ਸੁੱਖ ਪ੍ਰਾਪਤ ਕਰੇ, ਕੋਈ ਤੰਗੀ ਨਾ ਆਵੇ। ਕਿਸੇ ਸੁਖ ਤੋਂ ਦੁਖ ਨਾ ਪ੍ਰਾਪਤ ਹੋਵੇ ਪਰ ਜੇ ਵਾਹਿਗੁਰੂ ਚਿੱਤ ਨਹੀਂ -

*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*

*ਅੰਗ- ੭੦੭*

ਵਾਹਿਗੁਰੂ ਨਹੀਂ ਯਾਦ ਆਉਂਦਾ ਵਿਸ਼ਟਾ ਦਾ ਕੀੜਾ ਹੈ।

*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*

*ਅੰਗ- ੭੦੭*

ਫੇਰ ਸੁਖੀ ਕੌਣ ਹੈ? ਮਹਾਰਾਜ ਕਹਿੰਦੇ, ਸੁਖੀ ਉਹ ਹੈ ਭਾਈ -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥* *ਅੰਗ- ੯੫੪*

ਜਿਹੜਾ ਨਾਮ ਦੇ ਵਿਚ ਵਿਸ਼ਵਾਸ਼ ਲੈ ਆਵੇ। ਨਾਮ ਦੀ ਸ਼ਕਤੀ ਵਾਹਿਗੁਰੂ ਦੀ ਸ਼ਕਤੀ ਹੈ। ਸਾਰੇ ਪ੍ਰੀਪੂਰਨ ਹੈ। ਕੋਈ ਥਾਂ ਨਹੀਂ ਜਿਥੇ ਉਹ ਨਹੀਂ। ਜਿਹਨੇ ਨਾਮ ਨੂੰ ਮੰਨ ਲਿਆ, ਉਹ ਤਾਂ ਕਹਿੰਦੇ ਸੁਖੀ ਹੈ। ਬਾਕੀ

ਕਰਮ ਲੇਖੇ ਵਿਚ ਨਹੀਂ ਲਗਦੇ। ਉਹ ਆਦਮੀ ਚਾਹੇ ਕਿੰਨਾ ਹੀ ਗਰੀਬ ਹੈ -

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥ ਅੰਗ- ੭੦੭*

ਟੁੱਟੀ ਹੋਈ ਝੌਂਪੜੀ 'ਚ ਰਹਿੰਦਾ ਹੋਵੇ, ਕੱਪੜੇ ਪਾਟੇ ਹੋਏ ਹੋਣ।

*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥ ॥*
*ਅੰਗ - ੭੦੭*

ਨਾ ਕੋਈ ਜਾਤ ਹੈ, ਨਾ ਪਤ ਹੈ, ਜੰਗਲਾਂ 'ਚ ਘੁੰਮਦੈ। ਨਾ ਕੋਈ ਮਿਤ੍ਰ ਹੈ, ਨਾ ਕੋਈ ਸਾਕ ਹੈ, ਨਾ ਸੋਹਣਾ ਹੈ। ਫੇਰ ਜੇ ਉਹਦਾ ਮਨ ਨਾਮ ਨਾਲ ਲੱਗਿਆ ਹੋਇਐ, ਮਹਾਰਾਜ ਕਹਿੰਦੇ -

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਅੰਗ- ੭੦੭*

ਜੇ ਉਹਦਾ ਨਾਮ ਨਾਲ ਮਨ ਭਿੱਜ ਗਿਆ ਉਹ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ। ਉਹ ਰਾਜਾ ਵੀ ਕਿਹੋ ਜਿਹਾ ਹੈ-

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ- ੧੮੬*

ਜਿਹਦਾ ਕਹਿਆ ਦਰਗਾਹ ਵੀ ਮੰਨਦੀ ਹੈ ਉਹ ਕਿਸੇ ਨੂੰ ਨਿਗ੍ਹਾ ਥੱਲੇ ਲਿਆਉਂਦੈ ਫੇਰ? ਧਰਮਰਾਜਾ ਵੀ ਖੜ੍ਹਾ ਹੁੰਦੈ ਉਹਨੂੰ ਦੇਖ ਕੇ। ਇਥੋਂ ਹੁਕਮ ਭੇਜ ਦੇਵੇ ਕਿ ਇਹਦੇ ਉਲਾਦ ਨਹੀਂ ਹੁੰਦੀ, ਲਿਖ ਦੇ ਇਹਦੇ ਮੱਥੇ ਦੇ ਅੰਦਰ, ਵੀਟੋ ਪਾਵਰ ਵਰਤ ਲਈ, ਦੇ ਦਿਤੀ। ਬੀਮਾਰ ਹੈ ਬੰਦਾ। ਕਹਿ ਦਿਤਾ ਕਿ ਰਾਜ਼ੀ ਹੋ ਜਾਏਂਗਾ ਫਿਕਰ ਨਾ ਕਰ। ਨਾ ਕੋਈ ਦਵਾਈ ਖਾਧੀ ਹੈ ਨਾ ਹੋਰ ਕੁਛ ਕਰਿਆ, ਰਾਜ਼ੀ ਹੋ ਜਾਂਦੈ। ਕਹਿੰਦੇ ਰਾਜਾ ਤਾਂ ਉਹ ਹੈ ਜਿਹਦਾ ਹੁਕਮ ਸਾਰੇ ਹੀ ਮੰਨਦੇ ਨੇ।

ਮਹਾਰਾਜਾ ਰਣਜੀਤ ਸਿੰਘ ਫੌਜ ਲੈ ਕੇ ਅਟਕ ਦਰਿਆ ਤੋਂ ਪਾਰ ਜਾਣਾ ਚਾਹੁੰਦੈ। ਜਮਰੌਦ ਦਾ ਕਿਲ੍ਹਾ ਪਠਾਣਾਂ ਨੇ ਘੇਰਿਆ ਹੋਇਆ ਸੀ। ਹਰੀ ਸਿੰਘ ਨਲੂਆ ਸ਼ਹੀਦ ਹੋ ਚੁੱਕਿਐ। ਮਹਾਂ ਸਿੰਘ ਨੇ ਚਿੱਠੀ ਲਿਖੀ ਕਿ ਮਹਾਰਾਜ ਛੇਤੀ ਤੋਂ ਛੇਤੀ ਪਹੁੰਚ ਜਾਓ। ਜੇ ਪਠਾਣਾਂ ਨੇ ਜਮਰੌਦ ਜਿੱਤ ਲਿਆ, ਲਾਹੌਰ ਤੋਂ ਉਰ੍ਹੇ ਨਹੀਂ ਇਹਨਾਂ ਨੇ ਖੜ੍ਹਨਾ। 4-5 ਲੱਖ ਬੰਦਾ ਸਿਰ 'ਤੇ ਕਫਨ ਬੰਨ੍ਹ ਕੇ ਲੜਨ ਨੂੰ ਆਇਆ ਹੋਇਐ। ਇਥੇ ਹੀ ਰੋਕਿਆ ਜਾਵੇ, ਅਟਕ ਦੇ ਕੰਢੇ ਪਹੁੰਚ ਜਾਂਦੇ ਨੇ। ਉਥੇ ਮਹਾਰਾਜਾ ਹੈਰਾਨ ਹੋ ਗਿਆ ਕਿ ਦਰਿਆ ਤਾਂ ਚੜ੍ਹਿਆ ਹੋਇਐ। ਹੁਣ ਕੀ ਕੀਤਾ ਜਾਵੇ। ਕਿਸ਼ਤੀ ਪੈਂਦੀ ਨਹੀਂ, ਹੜ੍ਹ ਆਇਆ ਹੋਇਐ। ਫੌਜ ਲੰਘਾਉਣੀ ਹੈ। ਉਸ ਵੇਲੇ ਰਾਜਿਆਂ ਦਾ ਰਾਜੇ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, ਭਾਈ ਸਾਹਿਬ ਭਾਈ ਦਇਆ ਸਿੰਘ ਜੀ ਦੀ ਸੰਪਰਦਾ ਵਿਚੋਂ, ਜਿਹੜੇ ਮਹਾਂਪੁਰਸ਼ ਉਸ ਵੇਲੇ ਹਾਜ਼ਰ ਸਨ। ਉਹ ਨਾਲ ਜਾ ਰਹੇ ਨੇ। ਆ ਕੇ ਕਿਹਾ ਬਾਬਾ ਜੀ! ਕ੍ਰਿਪਾ ਕਰੋ। ਕਹਿਣ ਲੱਗੇ, ਕੋਈ ਨਾ ਪਰਉਪਕਾਰ ਵਸ ਆਪਾਂ ਦਰਿਆ ਨੂੰ ਬੇਨਤੀ ਕਰ ਲੈਂਦੇ ਹਾਂ। ਦਰਿਆ ਦੇ ਕੰਢੇ ਖੜ੍ਹੇ ਹੋ ਕੇ ਕਹਿਣ ਲੱਗੇ, ਅਟਕ! ਥੋੜ੍ਹੀ ਦੇਰ ਅਟਕ ਜਾਹ ਤੂੰ। ਅਸੀਂ ਸੁਖਮਨੀ ਸਾਹਿਬ ਦਾ ਪਾਠ ਕਰਨਾ ਹੈ। ਰਾਹ ਦੇ ਦੇ। ਉਸੇ ਵੇਲੇ ਹਾਥੀ ਲੈ ਕੇ ਵਿਚ ਵੜ ਗਏ। ਗਿੱਟੇ-ਗਿੱਟੇ ਪਾਣੀ ਹੋ ਗਿਆ। ਸੁਖਮਨੀ ਸਾਹਿਬ ਪੜ੍ਹਨਾ ਸ਼ੁਰੂ ਕਰ ਦਿਤਾ। ਦੋ ਘੰਟੇ ਪੜ੍ਹੀ ਗਏ। ਮਹਾਰਾਜੇ ਨੇ ਸਾਰੀ ਫੌਜ ਲੰਘਾ ਲਈ। ਇਕ ਕੰਪਨੀ ਰਹਿ ਗਈ। ਕੰਪਨੀ ਵਾਲੇ ਨਾਸਤਕ ਸੀ। ਕਹਿਣ ਲੱਗੇ, ਦਰਿਆ ਆਪੇ ਉਤਰਿਐ, ਬਾਬਾ ਵਡਿਆਈ (credit) ਲੈ ਰਿਹੈ। ਆਪਾਂ ਉਦੋਂ ਚੱਲਾਂਗੇ ਜਦੋਂ ਸੁਖਮਨੀ ਸਾਹਿਬ ਖਤਮ ਹੋ ਜਾਏਗਾ। ਬਾਬਾ ਜੀ ਨੇ ਝੰਡੀ ਖੜ੍ਹੀ ਕਰ ਦਿਤੀ। ਸੁਖਮਨੀ ਸਾਹਿਬ ਦੀ ਆਖਰੀ ਅਸਟਪਦੀ ਰਹਿ ਗਈ। ਹੌਲੀ-ਹੌਲੀ ਤੁਰੇ ਜਾਂਦੇ ਨੇ, ਸੁਖਮਨੀ ਸਾਹਿਬ ਪੜ੍ਹਦੇ ਜਾਂਦੇ ਨੇ ਤੇ ਏਧਰੋਂ ਕੰਪਨੀ ਵਿਚ ਵੜ ਗਈ। ਜਦੋਂ ਅੱਧ 'ਚ ਗਈ ਤੇ ਬਾਬਾ ਜੀ ਬਾਹਰ ਚਲੇ ਗਏ। ਉਸੇ ਵੇਲੇ ਓਡੀਓ ਛੱਲ ਆਈ। ਕੰਪਨੀ ਰੋੜ੍ਹ ਕੇ ਲੈ ਗਈ। ਮਹਾਰਾਜਾ ਰਣਜੀਤ ਸਿੰਘ ਕਹਿਣ ਲੱਗਿਆ, ਬਾਬਾ ਜੀ! ਕੰਪਨੀ ਰੁੜ੍ਹ ਗਈ। ਕਹਿੰਦੇ, ਭਾਈ ਐਨੀ ਕੁ ਤਾਂ ਬਲੀ ਖਵਾਜਾ ਖਿਜਰ ਨੇ ਲੈਣੀ ਹੀ ਸੀ, ਨਾਸਤਕ ਸੀਗੇ। ਮੰਨਦੇ ਨਹੀਂ ਸੀ। ਸੋ ਨਾਮ ਵਾਲੇ ਦਾ ਕਹਿਣਾ ਦਰਿਆ ਨੇ ਵੀ ਮੰਨ ਲਿਆ।

ਇਕ ਬਾਬਾ ਫਕੀਰ ਚੰਦ ਬੇਦੀ ਹੋਏ ਨੇ। ਆਪਾ ਡੇਹਰਾ ਬਾਬਾ ਨਾਨਕ ਰਿਹਾ ਕਰਦੇ ਸੀ। ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ ਜੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਤੋਂ ਦਸਵੀਂ ਥਾਂ 'ਤੇ ਸੀ। ਆਪ ਸੰਗਤਾਂ ਦਾ ਉਧਾਰ ਕਰਦੇ-ਕਰਦੇ ਡੇਹਰਾ ਬਾਬਾ ਨਾਨਕ ਗਏ। ਉਥੇ ਸੰਗਤਾਂ ਕਹਿਣ ਲੱਗੀਆਂ ਬਾਬਾ ਜੀ! ਸਾਨੂੰ ਇਕ ਬੜਾ ਦੁਖ ਹੈ। ਆਪ ਕ੍ਰਿਪਾ ਕਰੋ। ਕਹਿਣ ਲੱਗੇ, ਕੀ ਦੁੱਖ ਹੈ? ਕਹਿਣ ਲੱਗੇ, ਜੇਠ ਦੇ ਮਹੀਨੇ ਰਾਵੀ ਉਛਲਦੀ ਹੈ। ਅਚਾਨਕ ਹੀ, ਨਾ ਮੀਂਹ ਨਾ ਕੁਛ, ਸਾਡੇ ਘਰਾਂ 'ਚ ਆ ਵੜਦੀ ਹੈ। ਕਹਿੰਦੇ, ਕੀ ਗੱਲ ਇਸ ਤਰ੍ਹਾਂ ਦਰਿਆ ਉਛਲਿਆ ਨਹੀਂ ਕਰਦਾ। ਕਹਿੰਦੇ, ਇਥੇ ਇਕ ਸੰਤ ਸੀਗਾ ਫਕੀਰ ਚੰਦ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੰਸ ਵਿਚੋਂ ਸੀ। ਇਕ ਦਿਨ ਉਹਦੀਆਂ ਮੱਝਾਂ ਟੋਭੇ 'ਚ ਗਾਰੇ ਨਾਲ ਲਿੱਬੜ ਗਈਆਂ। ਇਥੇ ਖੜ੍ਹੇ ਹੋ ਕੇ ਹਾਕ ਮਾਰੀ, ਕਹਿੰਦਾ ਰਾਵੀਏ! ਸਾਡੇ ਪਿੰਡ ਦਾ ਟੋਭਾ ਭਰ ਕੇ ਜਾਹ। ਕਹਿੰਦੇ, ਰਾਵੀ ਉੱਛਲੀ ਟੋਭਾ ਭਰ ਗਈ। ਨਾਲ ਹੁਕਮ ਕਰ ਦਿਤਾ ਕਿ ਹਰ ਸਾਲ ਭਰੀਂ, ਸਾਡੇ ਟੋਭਿਆਂ ਦਾ ਪਾਣੀ ਨਾ ਖਤਮ ਹੋਵੇ। ਕਹਿੰਦੇ, ਜਦ ਤੋਂ ਮਹਾਰਾਜ ਅਸੀਂ

ਬੜੇ ਦੁਖੀ ਹਾਂ। ਘਰਾਂ 'ਚ ਪਾਣੀ ਆ ਵੜਦੈ ਐਡੀ ਛੱਲ ਆਉਂਦੀ ਹੈ। ਬਾਬਾ ਜੀ ਕਹਿੰਦੇ ਚਲੋ ਇਕ ਸੰਤ ਨੇ ਉਹਨੂੰ ਹੁਕਮ ਦੇ ਦਿਤਾ। ਆਪਾਂ ਚਲਦੇ ਹਾਂ। ਦਰਿਆ ਦੇ ਕੰਢੇ ਜਾ ਕੇ ਕੜਾਹ ਪ੍ਰਸ਼ਾਦ ਤਿਆਰ ਕਰਾਇਆ, ਅਰਦਾਸ ਕੀਤੀ। ਕਹਿਣ ਲੱਗੇ, ਲੈ ਰਾਵੀਏ! ਤੈਨੂੰ ਮਹਾਂਪੁਰਸ਼ਾਂ ਦੇ ਬਚਨ ਤੋਂ ਅਸੀਂ ਮੁਕਤ ਕਰਦੇ ਹਾਂ। ਹੁਣ ਤੂੰ ਕੰਢਿਆਂ ਦੇ ਅੰਦਰ ਮਰਿਆਦਾ ਨਾਲ ਚੱਲੀਂ।

ਰਾਜਾ ਕੌਣ ਹੋਇਆ ਸੰਸਾਰ ਦਾ? ਆਹ ਰਾਜੇ ਜਿਨ੍ਹਾਂ ਦੇ ਕੋਈ ਆਖੇ ਨਹੀਂ ਲਗਦਾ? ਰਾਜਾ ਤਾਂ ਉਹ ਹੈ –

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਅੰਗ- ੨੦੨*

ਸ੍ਰੀ ਗੁਰੂ ਨਾਨਕ ਕਹਿਣ ਲੱਗੇ, ਗੋਰਖ! ਇਹ ਸੰਸਾਰ ਤਾਂ ਬਣ ਗਿਆ –

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ- ੯੪੬*

ਨਾਮ ਨੂੰ ਭੁੱਲ ਕੇ ਸੰਸਾਰ ਦੁਖੀ ਹੋ ਰਿਹੈ –

*ਐਸਾ ਜਗੁ ਦੇਖਿਆ ਜੁਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ਅੰਗ- ੨੨੨*

ਨਾਮ ਤਾਂ ਜਪਦਾ ਨਹੀਂ ਤੇ ਕਹਿੰਦਾ ਮੈਂ ਸੁਖੀ ਹੋ ਜਾਵਾਂ, ਜੁਆਰੀਆ ਹੈ ਕਹਿੰਦੇ। ਸੋ ਮਹਾਰਾਜ ਕਹਿੰਦੇ, ਨਾਮ ਨੂੰ ਭੁੱਲ ਜਾਣਾ ਹੀ ਦੁੱਖ ਹੈ।

*ਦੁਖੁ ਤਦੇ ਜਾ ਵਿਸਰਿ ਜਾਵੈ ॥ ਅੰਗ- ੯੮*

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥*
*ਅੰਗ- ੫੨੨*

ਕਰੋੜਾਂ ਵਿਘਨ ਲਗਦੇ ਨੇ ਜਿਹਨੂੰ ਨਾਮ ਭੁੱਲ ਜਾਵੇ। ਸੋ ਸਾਨੂੰ ਇਸ ਗੁਪਤ ਭੇਤ ਦਾ ਪਤਾ ਲਗ ਗਿਆ ਕਿ ਨਾਮ ਨੂੰ ਭੁੱਲਣ ਨਾਲ ਦੁਖ ਹੁੰਦੈ। ਜੇ ਨਾਮ ਯਾਦ ਹੋ ਜਾਵੇ। ਮਹਾਰਾਜ ਕਹਿੰਦੇ, ਪ੍ਰਭੂ ਦਾ ਜੇ ਸਿਮਰਨ ਕਰਿਆ ਜਾਵੇ, ਤਾਂ ਕਰੋੜਾਂ ਵਿਘਨਾਂ ਦਾ ਖਾਤਮਾ ਹੋ ਜਾਂਦੈ –

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥ ਅੰਗ- ੨੬੨*

ਸੋ ਇਸ ਕਰਕੇ ਮਹਾਂਪੁਰਸ਼ ਬਾਰ-ਬਾਰ ਹਾਕਾਂ ਮਾਰਦੇ ਨੇ ਕਿ ਓ ਪ੍ਰੇਮੀਓਂ! ਸੁਣੋ ਸਾਡੀ ਗੱਲ। ਤੁਸੀਂ ਆਏ ਹੋਂ, ਨਾਮ ਜਪਣ ਵਾਸਤੇ –

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ਅੰਗ- ੧੧੫੯*

ਦੇਖਿਓ, ਕਿਤੇ ਭੁੱਲ ਨਾ ਜਾਇਓ। ਤੁਹਾਡੇ ਸਵਾਸ ਬੜੇ ਕੀਮਤੀ ਨੇ। ਜਿਨ੍ਹਾਂ ਦਾ ਕੋਈ ਮੁੱਲ ਨਹੀਂ ਪਾ ਸਕਿਆ ਅੱਜ ਤਕ ਦੁਨੀਆਂ 'ਚ। ਇਕ ਸਵਾਸ ਦੇ ਜੇ ਵਾਹਿਗੁਰੂ ਯਾਦ ਰਹਿ ਜਾਵੇ। ਸਿਰਫ ਇਕ ਸਵਾਸ। ਕਹਿ ਹੋ ਜਾਵੇ ਵਾਹਿਗੁਰੂ, ਅੰਤ ਦਾ ਹੋਵੇ ਸਵਾਸ। ਫੇਰ ਕੀ ਹੁੰਦੈ? ਮਹਾਰਾਜ ਕਹਿੰਦੇ –

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।*

ਕਾਲ ਦੀ ਫਾਂਸੀ ਗਲ 'ਚ ਪਈ ਹੋਈ ਉਸੇ ਵੇਲੇ ਕਟ ਜਾਂਦੀ ਹੈ। ਸੋ ਇਹ ਨਾਮ ਮਿਲਦਾ ਕਿੱਥੋਂ ਹੈ? ਸਾਡੇ ਮਨ 'ਚ ਜੇ ਸ਼ੌਂਕ ਜਾਗ ਪਿਆ, ਫੇਰ ਤਾਂ ਬੜੀ ਵਧੀਆ ਚੀਜ਼ ਹੈ। ਵਧੀਆ ਚੀਜ਼ ਨੂੰ ਕੌਣ ਹੈ ਜਿਹੜਾ ਛੱਡ ਦੇਵੇ। ਫੇਰ ਇਹ ਤਲਾਸ਼ ਹੁੰਦੀ ਹੈ ਕਿ ਮਿਲਦਾ ਕਿੱਥੋਂ ਹੈ? ਮਹਾਰਾਜ ਕਹਿੰਦੇ ਇਹ ਜਿਹੜੀ ਚੀਜ਼ ਹੈ ਨਾ –

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥ ਅੰਗ- ੨੮੩*

ਇਹ ਗੁਰੂ ਦੇ ਪਾਸੋਂ ਮਿਲਦੈ। ਇਹਦਾ ਮੁੱਲ ਕੀ ਦੇਣਾ ਪੈਂਦੈ? ਕਹਿੰਦੇ, ਆਪਣੀ ਹਉਮੈ ਛੱਡ ਦੇ, ਹੰਕਾਰ ਛੱਡ ਦੇ –

*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥ ਅੰਗ- ੨੮੩*

ਫੇਰ ਕੀ ਕਰੀਏ? ਫੇਰ ਕਹਿੰਦੇ ਇਕੱਲੀ ਖੇਤੀ ਨਹੀਂ ਹਰੀ ਹੋਣੀ। ਇਹ ਸੰਤਾਂ ਦੇ ਨਾਲ ਮਿਲ ਕੇ ਹਰੀ ਹੋਣੀ ਹੈ। ਤੂੰ ਸਤਿਸੰਗ ਵਿਚ ਆ। ਬੰਦਗੀ ਕਰਨ ਵਾਲਿਆਂ ਦੀ ਸੰਗਤ ਕਰ –

*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥ ਅੰਗ- ੨੮੩*

ਬਾਕੀ ਵਿਹੁ ਦੇ ਜੰਜਾਲ ਛੱਡ ਦੇ –

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥ ਅੰਗ- ੨੮੩*

ਮੁੱਖ ਉਜਲਾ ਹੋ ਜਾਏਗਾ। ਸੋ ਇਹ ਨਾਮ ਮਿਲਦੈ।

*ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥*
*ਅੰਗ- ੬੪੯*

ਪਰ ਗੁਰੂ ਕੀਹਨੂੰ ਮਿਲਦੈ, ਮਹਾਰਾਜ ਕਹਿੰਦੇ –

*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥*
*ਅੰਗ- ੬੪੯*

ਪੂਰੇ ਭਾਗ ਹੋਣ ਤਾਂ ਗੁਰੂ ਮਿਲਦੈ –

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ ਅੰਗ - ੪੫੦*

ਇਸ ਤਰ੍ਹਾਂ ਨਹੀਂ ਮਿਲਦਾ ਗੁਰੂ। ਪੂਰਾ ਗੁਰੂ ਨਹੀਂ

ਮਿਲਦਾ। ਕੱਚੇ ਗੁਰੂ, ਅੰਨ੍ਹੇ ਗੁਰੂ, ਵਿਦਵਾਨ ਗੁਰੂ। ਗੁਰੂਆਂ ਦੀਆਂ ਬੇਅੰਤ ਕਿਸਮਾਂ ਨੇ। ਕੋਈ ਹਿਸਾਬ-ਕਿਤਾਬ ਤੋਂ ਬਾਹਰਲੀਆਂ ਗੱਲਾਂ ਨੇ। ਇੱਟ ਚੁੱਕੀ 'ਤੇ ਗੁਰੂ ਮਿਲ ਜਾਂਦੈ ਪਰ ਸਮਰੱਥ ਗੁਰੂ ਨਹੀਂ ਮਿਲਦਾ।

ਇਕ ਵਾਰ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਇਕ ਪਿੰਡ ਗਏ ਹੋਏ ਨੇ। ਲਧਾਈਕੇ ਪਿੰਡ ਦਾ ਨਾਮ ਹੈ। ਫਿਰੋਜ਼ਪੁਰ ਜ਼ਿਲੇ 'ਚ। ਮਹਾਰਾਜ ਬਾਹਰ ਖੜ੍ਹੇ ਨੇ ਦਰਖ਼ਤ ਥੱਲੇ। ਇਕ ਪਾਸੇ ਸਰਕੜਾ ਖੜ੍ਹਾ ਹੈ। ਉਹਦੇ ਵਿਚ ਇਸ ਤਰ੍ਹਾਂ ਖੜਕਾ ਹੁੰਦੈ ਜਿਵੇਂ ਦੋ ਸਾਂਢ ਭਿੜਦੇ ਹੁੰਦੇ ਨੇ। ਕਹਿਣ ਲੱਗੇ, ਮਹਾਰਾਜ! ਖੜਕਾ ਬਹੁਤ ਹੋ ਰਿਹਾ ਹੈ। ਮਹਾਰਾਜ ਕਹਿੰਦੇ, ਕੋਈ ਨਾ ਫਿਕਰ ਨਾ ਕਰੋ। ਇਕ ਸਰਾਲ ਸਾਡੇ ਵਲ ਨੂੰ ਆ ਰਹੀ ਹੈ। ਅਜ਼ਗਰ ਹੈ। ਕਹਿੰਦੇ, ਪਾਤਸ਼ਾਹ! ਫੇਰ ਤਾਂ ਤਿਆਰ ਹੋ ਜਾਈਏ? ਉਹਦਾ ਤਾਂ ਮੂੰਹ ਹੀ ਐਡਾ ਵੱਡਾ ਹੁੰਦਾ ਹੈ, ਆਦਮੀ ਨੂੰ ਸਾਬਤਾ ਹੀ ਨਗ੍ਹਾਰ ਜਾਂਦੈ। ਮਹਾਰਾਜ ਕਹਿੰਦੇ, ਨਾਹ, ਆ ਜਾਣ ਦਿਓ। ਮਹਾਰਾਜ ਦੇ ਕੋਲ ਆ ਗਿਆ। ਜਦੋਂ ਨੇੜੇ ਆਇਆ, ਮਹਾਰਾਜ ਜੀ ਨੇ ਆਪਣਾ ਚਰਨ ਉਹਦੇ ਸੀਸ ਨਾਲ ਲਾ ਦਿਤਾ। ਲਗਦੇ ਸਾਰ ਦੜੰਮ ਕਰਕੇ ਗਿਰ ਗਿਆ। ਕਾਲਾ-ਕਾਲਾ ਜਿਹਾ ਧੂੰਆਂ ਪਹਿਲਾਂ ਨਿਕਲਿਆ, ਫੇਰ ਚਿੱਟਾ ਹੋ ਕੇ ਮਨੁੱਖ ਦੀ ਸ਼ਕਲ ਬਣ ਗਈ। ਸਾਰੇ ਹੈਰਾਨ ਹੋ ਗਏ। ਕਹਿਣ ਲੱਗੇ, ਮਹਾਰਾਜ! ਇਹ ਕੀ ਗੱਲ? ਮਹਾਰਾਜ ਨੇ ਕਿਹਾ, ਪੁੱਛੋ ਇਹਨੂੰ।

ਪੁੱਛਿਆ, ਤਾਂ ਕਹਿੰਦਾ ਮੈਂ ਕਲਜੁਗ ਦਾ ਗੁਰੂ ਹਾਂ। ਮੈਂ ਕਲਜੁਗ ਵਿਚ ਗੁਰੂ ਸੀ, ਲੋਕਾਂ ਨੂੰ ਕਹਿੰਦਾ ਸੀ ਦਸਵੰਧ ਕੱਢੋ, ਉਹਨਾਂ ਦਾ ਦਸਵੰਧ ਮੈਂ ਆਪ ਖਾਂਦਾ ਰਿਹਾ। ਪੈਸੇ 'ਚ ਮੇਰੀ ਬਿਰਤੀ ਰਹੀ ਤੇ ਮਰ ਕੇ ਮੈਂ ਸੱਪ ਬਣ ਗਿਆ। ਜਿਸ ਤਰ੍ਹਾਂ ਮਹਾਰਾਜ ਕਹਿੰਦੇ ਨੇ

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥ ਅੰਗ- ੫੨੬*

ਮੇਰੀ ਸੁਰਤੀ ਪੈਸੇ 'ਚ ਰਹਿ ਗਈ ਤੇ ਮੈਂ ਸੱਪ ਬਣ ਗਿਆ। ਮਹਾਰਾਜ ਤੁਸੀਂ ਮੇਰੇ 'ਤੇ ਕ੍ਰਿਪਾ ਕਰਿਓ। ਮੇਰਾ ਉਧਾਰ ਕਰ ਦਿਤਾ। ਮੈਂ ਕੱਚਾ ਗੁਰੂ ਸੀ, ਮੈਂ ਠੱਗੀਆਂ ਕੀਤੀਆਂ, ਏਜੰਟ ਰੱਖੇ ਹੋਏ ਸੀ, ਲੋਕਾਂ ਨੂੰ ਧੋਖੇ ਦਿੰਦਾ ਸੀ। ਆਪਣੇ ਚੇਲੇ ਬਣਾਉਂਦਾ ਸੀ। ਪਾਰ ਮੈਂ ਕਿਸੇ ਨੂੰ ਵੀ ਨਹੀਂ ਕਰ ਸਕਿਆ। ਮਹਾਰਾਜ ਕਹਿੰਦੇ ਕਿੱਥੇ ਗਏ? ਕਹਿੰਦਾ, ਸੱਚੇ ਪਾਤਸ਼ਾਹ! ਮੇਰੇ ਚੇਲੇ ਦੇਖਣੇ ਨੇ ਤਾਂ ਪਾਣੀ ਦਾ ਛਿੱਟਾ ਮਾਰੋ, ਸਰੀਰ ਪਾੜ ਲਓ ਮੇਰਾ। ਪਾਣੀ ਦਾ ਛਿੱਟਾ ਮਾਰਿਆ, ਸਰੀਰ ਕੱਕੜੀ ਵਾਂਗਣ ਫਟ ਗਿਆ। ਕੀ ਦੇਖਦੇ ਨੇ ਕੁਰਬਲ-ਕੁਰਬਲ ਕਰਦੇ ਉਹਦੇ 'ਚ ਕੀੜੇ ਫਿਰਦੇ ਨੇ। ਕਹਿੰਦੇ, ਆਹ ਮੇਰੇ ਚੇਲੇ ਨੇ ਮਹਾਰਾਜ। ਮੇਰਾ ਧਿਆਨ ਧਰਦੇ ਸੀ। ਜਿੱਥੇ ਮੈਂ ਰਹਿੰਦਾ ਸੀ ਮੇਰੇ ਸਰੀਰ 'ਚ ਆ ਗਏ। ਮੈਂ ਇਹਨਾਂ ਦਾ ਦਸਵੰਧ ਖਾਧੈ, ਇਹ ਕੀੜੇ ਬਣ ਕੇ ਮੇਰਾ ਮਾਸ ਖਾ ਰਹੇ ਨੇ।

ਸੋ ਇਹੋ ਜਿਹਾ ਗੁਰੂ, ਕੀ ਕਿਸੇ ਨੂੰ ਪਾਰ ਲੰਘਾ ਦੇਏਗਾ।

ਤੁਹਾਡੇ ਰੋਪੜ ਦੇ ਵਿਚ ਇਥੇ 1905 ਵਿਚ ਇਕ ਅਖੌਤੀ ਗੁਰੂ ਆਇਆ। ਉਹ ਗੁਰੂ ਇਥੇ ਪਿੰਡਾਂ ਵਿਚ ਫਿਰਦਾ ਹੁੰਦਾ, ਉਹਨੇ ਕਹਿਣਾ ਆ ਗਈ-ਆ ਗਈ। ਨੰਗਾ ਪਿੰਡਾ ਹੁੰਦਾ, ਇਕੱਲਾ ਹੀ ਕਛਹਿਰਾ ਹੁੰਦਾ। ਉਹਨੂੰ ਮਸਤਾਨਾ ਜਿਹਾ ਜਾਣ ਕੇ ਕੋਈ ਕੁਛ ਕਹਿੰਦਾ ਨਹੀਂ ਸੀ। ਐਨੇ ਨੂੰ ਕੋਈ ਬਿਮਾਰੀ ਪੈ ਗਈ, ਲੋਕ ਮਰਨੇ ਸ਼ੁਰੂ ਹੋ ਗਏ। ਪਲੇਗ ਆ ਗਈ। ਉਹਦੇ ਵਿਚ ਬੇਅੰਤ ਹੀ ਮਰ ਗਏ। ਕਹਿੰਦੇ, ਬਈ ਆ ਬਾਬਾ ਤਾਂ ਪਹਿਲਾਂ ਹੀ ਕਹਿੰਦਾ ਹੁੰਦਾ ਸੀ, ਆ ਗਈ-ਆ ਗਈ। ਉਹਦੀ ਮਾਨਤਾ ਹੋ ਗਈ। ਮਾਨਤਾ ਐਨੀ ਵਧ ਗਈ ਕਿ ਕੇਸਗੜ੍ਹ ਸਾਹਿਬ ਜਾ ਕੇ ਤਖ਼ਤ 'ਤੇ ਬਹਿ ਗਿਆ, ਗੁਰੂ ਦਸਵੇਂ ਪਾਤਸ਼ਾਹ ਵਾਲੀ ਥਾਂ 'ਤੇ। ਕਹਿਣ ਲੱਗਿਆ ਮੈਂ ਆ ਗਿਆ, ਮੈਂ ਦੁਬਾਰਾ ਆਇਆ ਹਾਂ। ਕਿਉਂਕਿ ਮਾਇਆ ਜਿਹੜੀ ਹੈ ਇਹ ਸਭ ਨੂੰ ਬੌਂਦਲਾਅ ਦਿੰਦੀ ਹੈ। ਪੰਜ ਪਿਆਰੇ ਬਣਾ ਲਏ। ਫਿਰਨ ਲਗ ਗਿਆ ਇਹਨਾਂ ਪਿੰਡਾਂ ਵਿਚ। ਹਜ਼ਾਰਾਂ ਦੀ ਤਾਦਾਦ 'ਚ ਬੰਦੇ ਨਾਲ ਰਲਾ ਲਏ, ਬਰਛੇ ਫੜਾ ਦਿਤੇ। ਨੀਲੇ ਕੱਪੜੇ ਪੁਆ ਦਿਤੇ। ਉਸ ਵੇਲੇ ਪੰਜਾਂ ਹੀ ਮਹਾਰਾਜਿਆਂ ਨੂੰ, ਪਟਿਆਲੇ ਵਾਲੇ ਨੂੰ, ਨਾਭੇ ਵਾਲੇ ਨੂੰ ਚਿੱਠੀਆਂ ਲਿਖੀਆਂ ਕਿ ਮੈਂ ਗੁਰੂ ਗੋਬਿੰਦ ਸਿੰਘ ਦੁਬਾਰਾ ਆ ਗਿਆ ਹਾਂ। ਮੈਂ ਹੁਣ ਸ਼ਾਦੀ ਕਰਨੀ ਹੈ। ਮੈਨੂੰ ਆਪਣੀ ਲੜਕੀ ਦਾ ਰਿਸ਼ਤਾ ਦੇਹ। ਆਹ ਨਾਭੇ ਵਾਲੇ ਨੇ ਬੁਲਾ ਲਿਆ। ਨਾਭੇ ਵਾਲੇ ਨੇ ਕਿਹਾ ਧੰਨ ਭਾਗ ਮੇਰੇ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਨਾਲ ਮੇਰੀ ਲੜਕੀ ਦਾ ਰਿਸ਼ਤਾ ਹੋ ਜਾਵੇ। ਬਾਰ੍ਹਾਂਦਰੀ 'ਚ ਠਹਿਰਾ ਲਿਆ। ਸੀ.ਆਈ. ਡੀ ਨੂੰ ਹੁਕਮ ਕਰ ਦਿਤਾ ਕਿ ਪਤਾ ਕਰੋ ਕਿ ਇਹ ਕੌਣ ਹੈ ਬੰਦਾ। ਇਹਨੇ ਬੜਾ ਪਾਖੰਡ ਰਚਿਆ ਹੈ। ਇਹਦਾ ਪਾਖੰਡ ਕਿਸੇ ਮਾਮੂਲੀ ਗੱਲ ਨਾਲ ਨਹੀਂ ਟੁੱਟਣਾ। ਬੇਨਤੀ ਭੇਜੀ ਕਿ ਮਹਾਰਾਜ ਸੱਚੇ ਪਾਤਸ਼ਾਹ! ਤੁਸੀਂ ਮੇਰੇ ਦਫ਼ਤਰ 'ਚ ਅੱਜ ਆਇਓ, ਆਪਾਂ ਅੱਜ ਗੱਲ ਕਰਾਂਗੇ। ਸਵੇਰੇ ਹੀ ਚਲਿਆ ਗਿਆ ਲੜਕੀ ਵਿਆਹੁਣ ਵਾਸਤੇ। ਦਫ਼ਤਰ ਦੇ ਬਾਹਰ ਕੁਰਸੀ ਦੇ ਦਿਤੀ ਰਾਜੇ ਨੇ। ਉਥੇ ਹੀ ਬਿਠਾਲ ਛੱਡਿਆ। ਮਹਾਰਾਜਾ ਹੀਰਾ ਸਿੰਘ ਸੀ, ਬੜਾ ਹੀ ਸਿਆਣਾ ਸੀ। ਸ਼ਾਮ ਨੂੰ ਕਹਿਣ ਲੱਗਿਆ, ਮਹਾਰਾਜ! ਅੱਜ ਤਾਂ ਮੇਰੇ ਤੋਂ ਮਿਲ ਨਹੀਂ ਹੋਇਆ। ਕੱਲ੍ਹ ਨੂੰ ਆਵਾਂਗੇ, ਤੁਸੀਂ ਕੱਲ੍ਹ ਨੂੰ ਫੇਰ ਆ ਜਾਇਓ ਇਥੇ। ਜਦੋਂ ਰਾਜੇ ਨੇ ਤਸੱਲੀ ਕਰ ਲਈ ਕਿ ਇਹ ਤਾਂ ਮਾੜਾ ਜਿਹਾ ਸਾਧ ਵੀ ਨਹੀਂ ਹੈ। ਇਹ ਤਾਂ ਬੰਦਾ ਹੀ ਗਲਤ ਹੈ। ਉਸ ਵੇਲੇ ਕਹਿਣ ਲੱਗਿਆ ਕਿ ਰਿਸ਼ਤਾ ਕੱਲ੍ਹ ਨੂੰ ਦੇਵਾਂਗੇ। ਪੁਲਿਸ ਦੀ ਫੌਜ ਆਲੇ-ਦੁਆਲੇ ਲਾ ਦਿਤੀ ਤੇ ਇਕ ਥਾਲ ਲੈ ਕੇ ਤੁਰ ਪਿਆ। ਕਹਿਣ

ਲੱਗਿਆ, ਜਦੋਂ ਮੈਂ ਥਾਲ ਲਿਜਾ ਕੇ ਰੱਖਾਂਗਾ ਉਥੇ, ਉਸੇ ਵੇਲੇ ਕੁਟਾਈ ਸ਼ੁਰੂ ਕਰ ਦਿਓ ਇਹਨਾਂ ਦੀ। ਵਿਚੇ ਪੰਜ ਪਿਆਰਿਆਂ ਦੀ, ਵਿਚੇ ਇਹਦੇ ਸਿੱਖਾਂ ਦੀ। ਫੇਰ ਆਪਾਂ ਦੇਖਾਂਗੇ ਕਿ ਅਸਲ ਹੈ ਕਿ ਨਕਲ ਹੈ। ਰਾਜਾ ਥਾਲ ਲਈਂ ਜਾਂਦੈ। ਉੱਚਾ ਹੋ-ਹੋ ਬੈਠਦੈ ਕਿ ਮੈਂ ਰਾਜੇ ਦੀ ਲੜਕੀ ਵਿਆਹ ਰਿਹਾਂ। ਜਦੋਂ ਥਾਲ ਰੱਖਿਆ, ਕੁਟਾਈ ਸ਼ੁਰੂ ਹੋ ਗਈ। ਕੁੱਟ-ਕੁੱਟ ਕੇ ਭਜਾ ਦਿਤੇ ਸਾਰੇ।

ਸਾਧਸੰਗਤ ਜੀ! ਸਤਿਗੁਰੂ ਦੀ ਨਿਸ਼ਾਨੀ ਹੋਇਆ ਕਰਦੀ ਹੈ ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਨਿਰਵੈਰ ਨਿਰਾਲਾ ਜੀ,*
*ਸਤਿਗੁਰੂ ਪੁਰਖ ਅਗੰਮ ਹੈ।*

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ, ਵਾਰ ੩੪/੧*

ਪੂਰਾ ਗੁਰੂ ਕੌਣ ਹੁੰਦੈ? ਭਾਈ ਗੁਰਦਾਸ ਜੀ ਲਿਖਦੇ ਨੇ - 'ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।' ਇਕ ਤਾਂ ਇਹ ਖੂਬੀ ਹੁੰਦੀ ਹੈ ਗੁਰੂ ਦੀ। ਦੂਸਰਾ ਹੁੰਦੈ-

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਅੰਗ - ੧੨੯੧*

ਜਿਹੜਾ ਇਸ ਸਰੀਰ ਦੇ ਘਰ ਵਿਚ ਆਪਣਾ ਅਸਲੀ ਘਰ ਹੈ ਜਿਸਦੇ ਵਿਚ ਵਾਹਿਗੁਰੂ ਰਹਿੰਦੈ। ਜਿਹੜਾ ਉਹ ਘਰ ਦਿਖਾ ਦੇਵੇ ਉਹ ਗੁਰੂ ਹੁੰਦੈ। ਦੂਸਰਾ ਨਹੀਂ ਹੁੰਦਾ। ਉਥੇ ਨਿਸ਼ਾਨੀਆ ਨੇ -

*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*
*ਅੰਗ- ੧੨੯੧*

ਧੁਨਕਾਰ ਹੋ ਰਹੀ ਹੈ ਪੰਜ ਸ਼ਬਦਾਂ ਦੀ -

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਅੰਗ- ੧੨੯੧*

ਕਹਿੰਦੇ, ਉਥੇ ਤਾਂ ਰਾਗ ਦਿਨ ਰਾਤ ਹੋ ਰਿਹੈ -

*ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ...........॥ ਅੰਗ- ੮*

ਉਥੇ ਤਾਂ ਰਾਗ ਦਿਨ ਰਾਤ ਹੋ ਰਿਹੈ। ਸਾਰੇ ਮਹਾਰਾਜ ਨੇ ਗਿਣੇ ਨੇ ਕੌਣ-ਕੌਣ ਗਾ ਰਹੇ ਨੇ। ਕਹਿੰਦੇ, ਦਿਨ ਰਾਤ ਉਥੇ ਰਾਗ ਹੋ ਰਹੇ ਨੇ, ਬਾਹਰ ਵਾਹਿਗੁਰੂ ਨਹੀਂ ਹੈ, ਸਰੀਰ ਦੇ ਅੰਦਰ ਹੈ ਵਾਹਿਗੁਰੂ। ਬਾਹਰ ਵਾਹਿਗੁਰੂ ਨਹੀਂ ਇਹ ਤਾਂ ਇਹਦੇ ਅੰਦਰ ਹੈ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥ ਅੰਗ- ੧੨੬੩*

ਹਉਮੈ ਦੀ ਕੰਧ ਬਣ ਗਈ, ਰਹਿੰਦਾ ਇਹ ਸਰੀਰ ਵਿਚ ਹੀ ਹੈ। ਜਿਹੜਾ ਉਹ ਘਰ ਦਿਖਾ ਦੇਵੇ ਉਹ ਗੁਰੂ ਹੁੰਦੈ -

*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥*
*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥*
*ਅੰਗ - ੧੨੯੧*

ਜਿਹੜਾ ਇਸ ਘਰ ਨੂੰ ਦਿਖਾ ਦੇਵੇ। ਕਹਿੰਦੇ ਉਹ ਗੁਰੂ ਹੁੰਦੈ। ਉਹਦਾ ਬਾਹਰਲਾ ਸੁਭਾਅ ਕਿਹੋ ਜਿਹਾ ਹੁੰਦੈ? ਨਿਰਵੈਰ ਹੁੰਦੈ। ਕਿਸੇ ਨਾਲ ਉਸ ਦਾ ਵੈਰ ਨਹੀਂ ਹੁੰਦਾ।

ਗੁਰੂ ਦਸਵੇਂ ਪਾਤਸ਼ਾਹ ਬਾਰੇ ਬੜੀ ਗਲਤ ਫਹਿਮੀ ਹੈ ਇਤਿਹਾਸਕਾਰਾਂ ਨੂੰ। ਸਾਨੂੰ ਵੀ ਹੈ। ਕਿਉਂਕਿ ਅਸੀਂ ਸੁਣੀਆਂ ਸੁਣਾਈਆਂ ਗੱਲਾਂ ਬਹੁਤੀਆਂ ਮੰਨ ਲੈਂਦੇ ਹਾਂ। ਮੰਨਦੇ ਹਾਂ ਉਹਨਾਂ ਦੀਆਂ ਗੱਲਾਂ ਜਿਹੜੇ ਖੋਜ ਨਹੀਂ ਕਰਦੇ। ਕੋਈ ਤਾਂ ਕਹਿੰਦੈ, ਗੁਰੂ ਮਹਾਰਾਜ, ਜਿਹੜਾ ਰਾਜ ਸੀ ਮੁਗਲਾਂ ਦਾ, ਉਹਦੇ ਵੈਰੀ ਸੀ। ਕੋਈ ਕਹਿੰਦੈ ਉਹ ਮੁਸਲਮਾਨਾਂ ਦੇ ਵੈਰੀ ਸੀ। ਕੋਈ ਕਹਿੰਦੈ ਉਹ ਪਹਾੜੀਆਂ ਦੇ ਵੈਰੀ ਸੀ। ਮਹਾਰਾਜ ਕਿਸੇ ਦੇ ਵੈਰੀ ਨਹੀਂ ਸੀ। ਮਹਾਰਾਜ ਤਾਂ ਜਿਹੜਾ ਜ਼ੁਲਮ ਕਰਨਾ, ਓਸ ਨਜਾਇਜ਼ ਜਜ਼ਬੇ ਦੇ ਵੈਰੀ ਸੀ। ਸਰੀਰ ਦੇ ਵੈਰੀ ਨਹੀਂ ਸੀ ਕਿਸੇ ਦੇ ਵੀ। ਉਹ ਪ੍ਰਚਾਰ ਨਾਲ, ਕਿਸੇ ਵੀ ਤਰੀਕੇ ਨਾਲ ਕੱਢ ਦੇਣਾ ਚਾਹੁੰਦੇ ਸੀ, ਇਸ ਨਾਜਾਇਜ਼ ਜਜ਼ਬੇ ਨੂੰ।

ਬੇਨਤੀ ਧਿਆਨ ਨਾਲ ਸੁਣਨਾ, ਕਿਉਂਕਿ ਇਹ ਬਹੁਤ ਵੱਡੀ ਗਲਤਫਹਿਮੀ ਸਾਡੇ ਵਿਚ ਪਈ ਹੋਈ ਹੈ। ਮੈਂ ਕਈਆਂ ਤੋਂ ਸੁਣਿਐ, ਇਥੇ ਆ ਕੇ ਵੀ ਕਈਆਂ ਤੋਂ ਸੁਣਿਐ। ਕਹਿੰਦੇ ਜੀ, ਜੇ ਮੁਸਲਮਾਨ ਗੁੜ ਦੇ ਲਾਵੇ ਦੇ ਵਿਚ ਬਾਂਹ ਲਬੇੜ ਲਵੇ, ਫੇਰ ਤਿਲਾਂ ਦੇ ਢੇਰ ਵਿਚ ਦੇ ਦੇਵੇ, ਐਨੀਆਂ ਸਹੁੰਆਂ, ਸੁਗੰਧਾਂ ਖਾ ਲਵੇ, ਤਾਂ ਵੀ ਉਹਦਾ ਇਤਬਾਰ ਨਾ ਕਰੋ। ਇਹ ਮੈਂ ਇਤਿਹਾਸ ਵਿਚ ਪੜ੍ਹਿਆ ਹੈ। ਕਿਹਾ ਕਿਸ ਵੇਲੇ ਗੁਰੂ ਸਾਹਿਬ ਨੇ? ਜਦੋਂ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਕੇ ਸਰਸੇ ਦੇ ਕੰਢੇ ਜਦੋਂ ਫੌਜ ਚੜ੍ਹ ਕੇ ਆਈ। ਉਸ ਵੇਲੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਇਹ ਗੱਲ ਕਹਾਉਂਦੇ ਨੇ। ਜੇ ਹੁਣ ਵਿਚਾਰ ਕਰੀਏ, ਵਿਚਾਰ ਉਲਟੀ ਜਾਂਦੀ ਹੈ। ਫੇਰ ਇਹ ਗੱਲ ਝੂਠੀ ਹੋ ਜਾਂਦੀ ਹੈ। ਸਾਰਿਆਂ ਨਾਲੋਂ ਪਹਿਲਾਂ ਜਿਹਨੇ ਗੁਰੂ ਦਸਵੇਂ ਪਾਤਸ਼ਾਹ ਬਾਰੇ ਡੰਕਾ ਵਜਾਇਆ, ਹੋਕਾ ਦਿਤਾ ਹੈ ਬਈ ਇਕ ਬਹੁਤ ਵੱਡੀ ਰੂਹ ਆ ਗਈ, ਆਹ ਧਰਤੀ ਦੇ ਉਤੇ। ਜਿਹਨੇ ਸਭ ਤੋਂ ਪਹਿਲਾਂ ਦੇਖੀ। ਉਹਨੇ 1600 ਸਾਲ ਪਹਿਲਾਂ ਦੇਖਿਆ ਸੀ। ਉਹ ਕੌਣ

ਸੀ? ਈਸਾਈਆਂ ਦਾ ਵੱਡਾ ਈਸਾ ਮਸੀਹ। ਸਮਾਧੀ 'ਚ ਬੈਠਾ ਹੈ। ਉਠਦੇ ਸਾਰ ਬੜਾ ਹੀ ਹੈਰਾਨ ਹੋ ਗਿਆ। ਰੌਲਾ ਪਾ ਦਿਤਾ ਦੋਵੇਂ ਬਾਹਾਂ ਉਪਰ ਨੂੰ ਚੁੱਕ ਕੇ। ਚੇਲੇ ਕਹਿਣ ਲੱਗੇ ਕਿ ਮਹਾਰਾਜ! ਕੀ ਗੱਲ? ਕੋਈ ਖਾਸ ਬਾਤ ਹੋ ਗਈ ਅੱਜ? ਕਹਿੰਦੇ ਹਾਂ। ਇਕ ਰੂਹ ਮੈਂ ਦੇਖੀ ਹੈ ਉਹ ਸੰਸਾਰ 'ਚ ਆਉਣ ਵਾਲੀ ਹੈ ਥੋੜ੍ਹੀ ਦੇਰ 'ਚ ਆ ਜਾਣੀ ਹੈ। 1600 ਸਾਲ ਪਹਿਲਾਂ ਦੇਖੀਂ ਕਹਿੰਦੇ ਚਿੱਟੇ ਘੋੜੇ 'ਤੇ ਸਵਾਰ। ਭੱਥਾ ਪਿੱਛੇ ਹੈ, ਕਮਾਨ ਮੋਢੇ 'ਤੇ ਹੈ। ਸ੍ਰੀ ਸਾਹਿਬ ਗਾਤਰੇ 'ਚ ਪਾਈ ਹੋਈ ਹੈ। ਐਨਾ ਸੁੰਦਰ ਹੈ, ਐਨਾ ਨੂਰੀ ਚਿਹਰਾ ਹੈ ਕਿ ਦੇਖਿਆ ਨਹੀਂ ਜਾਂਦਾ। ਉਹ ਸੱਚਾ ਪਾਤਸ਼ਾਹ ਕਹਾਇਆ ਕਰਨਗੇ ਆਪਣੇ ਆਪ ਨੂੰ। ਸੰਸਾਰ ਦਾ ਭਲਾ ਕਰਨਗੇ। ਪਿੱਛੇ ਕੋਈ ਐਡਾ ਮਹਾਂਪੁਰਖ ਨਹੀਂ ਆਇਆ, ਜਿੱਡਾ ਉਹ ਆ ਰਹੇ ਨੇ। ਮੈਂ ਜਦੋਂ ਤੋਂ ਉਹਨਾਂ ਦੇ ਦਰਸ਼ਨ ਕਰੇ ਨੇ ਮੈਂ ਉਸ ਵੇਲੇ ਤੋਂ ਹੈਰਾਨ ਹਾਂ। ਡੰਕਾ ਵਜਾਇਆ ਉਹਨੇ ਈਸਾਈਅਤ 'ਚ ਕਿ ਆਉਣ ਵਾਲਾ ਹੈ ਉਹ। ਪੁੱਛਿਆ ਕਦੋਂ ਆਉਣਾ? ਕਹਿੰਦੇ, ਇਹ ਨਹੀਂ ਪਤਾ ਮੈਨੂੰ ਕਦੋਂ ਆਉਣੈ।

ਫੇਰ ਜਿੱਦਣ ਏਥੇ ਆਏ ਪਹਿਲੇ ਦਿਨ ਇਕ ਸੰਤ ਬੈਠਾ ਸੀ ਆਪਣੀ ਸਮਾਧੀ ਦੇ ਅੰਦਰ। ਉਸ ਵੇਲੇ ਹਿੰਦੂ ਵੀ ਸੰਤ ਸੀਗੇ, ਮੁਸਲਮਾਨ ਵੀ ਸੰਤ ਸੀਗੇ ਤੇ ਉਹ ਘੜਾਮ ਦੇ ਰਹਿਣ ਵਾਲਾ ਸੀ ਭੀਖਣ ਸ਼ਾਹ। ਜਦੋਂ ਉਠਿਆ ਸਵੇਰੇ ਤਾਂ ਹੈਰਾਨ ਹੋਇਆ ਪਿਐ। ਨਮਾਜ਼ ਪੜ੍ਹਨ ਲੱਗਿਆ ਅੰਮ੍ਰਿਤ ਵੇਲੇ ਦੀ, ਮੁਰੀਦ ਬੈਠੇ ਨੇ ਸਾਰੇ। ਹਨ੍ਹੇਰਾ ਹੈ। ਮੂੰਹ ਚੜ੍ਹਦੇ ਵਲ ਕਰ ਲਿਆ। ਮੁਰੀਦਾਂ ਨੇ ਕਿਹਾ ਕਿ ਮੁਰਸ਼ਦ! ਤੁਸੀਂ ਮੂੰਹ ਏਧਰ ਕਰ ਲਿਆ। ਪੱਛਮ ਤਾਂ ਇਧਰ ਹੈ। ਉਹ ਕਹਿੰਦੇ, ਅੱਜ ਪੱਛਮ ਬਦਲ ਗਈ। ਅੱਜ ਇਧਰ ਆ ਗਈ। ਪੂਰਬ 'ਚ ਆ ਗਈ। ਖੁਦਾਵੰਦ ਤਾਲਾ ਦਾ ਖ਼ਾਸ-ਮ-ਖ਼ਾਸ ਐਸਾ ਵੱਡਾ ਮਹਾਂਪੁਰਸ਼ ਆ ਰਿਹੈ ਹੈ ਜਿਹਦੇ ਅੱਗੇ ਸਾਰੀ ਦੁਨੀਆਂ ਨੇ ਸਿਜਦੇ ਕਰਨੇ ਨੇ ਤੇ ਮੈਂ ਉਹਨੂੰ ਦੇਖ ਕੇ ਸਿਜਦਾ ਕੀਤਾ ਹੈ। ਤੁਸੀਂ ਵਿਸ਼ਵਾਸ਼ ਨਾ ਤੋੜਿਓ। ਤੁਹਾਨੂੰ ਅੱਖਾਂ ਨਾਲ ਦਰਸ਼ਨ ਕਰਾਊਂ। ਉਸੇ ਵੇਲੇ ਚੱਲ ਪਿਆ। ਤਿੰਨ ਮਹੀਨੇ ਲਗ ਗਏ ਉਹਦੇ ਸ੍ਰੀ ਪਟਨਾ ਸਾਹਿਬ ਪਹੁੰਚਣ ਵਾਸਤੇ। ਜਾ ਕੇ ਬੇਨਤੀ ਕੀਤੀ ਮਾਤਾ ਗੁਜਰੀ ਜੀ ਨੂੰ ਤੇ ਮਾਮਾ ਕ੍ਰਿਪਾਲ ਜੀ ਨੂੰ ਕਿ ਮੈਨੂੰ ਦਰਸ਼ਨ ਕਰਾਓ। ਅੱਲਾਹ ਖ਼ਾਸ ਆਇਆ ਹੈ ਮਨੁੱਖੀ ਜੁਸੇ ਦੇ ਅੰਦਰ ਤੇ ਮੈਂ ਦਰਸ਼ਨ ਕਰੇ ਬਗੈਰ ਨਹੀਂ ਜਾ ਸਕਦਾ। ਕਹਿਣ ਲੱਗੇ, ਪੰਜਾਬ ਤੋਂ ਆਇਆ ਹੈ। ਸੋਚਣ ਲੱਗੇ ਕਿ ਇਹ ਤਾਂ ਪੰਜਾਬ ਤੋਂ ਆਇਆ ਹੈ, ਕੋਈ ਚਾਲ ਨਾ ਹੋ ਜਾਵੇ। ਕਹਿਣ ਲੱਗੇ, ਦਰਸ਼ਨ ਨਹੀਂ ਅਸੀਂ ਕਰਾ ਸਕਦੇ। ਕਹਿੰਦਾ, ਫੇਰ ਮੇਰਾ ਵੀ ਜਿਉਣਾ ਔਖਾ ਹੈ। ਹੁਣ ਤਾਂ ਮੈਂ ਦਰਸ਼ਨ ਕਰਾਂਗਾ ਤਾਂ ਕੁਝ ਖਾਵਾਂਗਾ ਨਹੀਂ ਤਾਂ ਇਥੇ ਹੀ ਪ੍ਰਾਣ ਛੱਡਾਂਗਾ। ਚੇਲਿਆਂ ਸਮੇਤ ਬਹਿ ਗਿਆ, 24 ਘੰਟੇ ਬੀਤ ਗਏ। ਅੰਦਰ ਵਿਚਾਰ ਹੋਣ ਲਗ ਗਈ ਕਿ 24 ਘੰਟੇ ਹੋ ਗਏ ਨਾ ਪਾਣੀ ਪੀਂਦੈ, ਨਾ ਰੋਟੀ ਖਾਂਦੈ, ਮੰਜ਼ਲਾਂ ਮਾਰ-ਮਾਰ ਕੇ ਆਇਆ ਹੈ ਕਿ ਕੀ ਕਰਿਆ ਜਾਵੇ। ਦੂਸਰਾ ਦਿਨ ਫੇਰ ਲੰਘ ਗਿਆ। 48 ਘੰਟੇ ਬੈਠੇ ਹੋ ਗਏ। ਕਹਿੰਦਾ, ਦਰਸ਼ਨ ਕਰਾ ਦਿਓ। ਦਰਸ਼ਨ ਕਰੇ ਬਗੈਰ ਮੈਂ ਨਹੀਂ ਜਾਣਾ, ਮੈਂ ਇਥੇ ਹੀ ਸਰੀਰ ਛੱਡ ਦੇਣੈ ਆਪਣਾ। ਅਖੀਰ ਫੈਸਲਾ ਹੋਇਆ ਖੁਲ੍ਹੇ ਮੈਦਾਨ ਦੇ ਅੰਦਰ। ਖੁਲ੍ਹਾ ਦਲਾਨ ਸੀ ਉਹਦੇ ਅੰਦਰ ਚਾਨਣੀ ਲਾਈ ਗਈ। ਮਖ਼ਮਲ ਦੇ ਗਦੈਲੇ ਵਿਛਾਏ ਗਏ। ਬਹੁਤ ਸਜਾ ਕੇ ਜਦੋਂ ਮਾਮਾ ਕ੍ਰਿਪਾਲ ਜੀ ਬਾਹਾਂ 'ਤੇ ਚੁੱਕ ਕੇ ਜਦੋਂ ਦਸ਼ਮੇਸ਼ ਜੀ ਨੂੰ ਲਿਆਏ। ਲੰਮਾ ਪੈ ਕੇ ਭੀਖਣ ਸ਼ਾਹ ਸਿਜਦੇ ਕਰਨ ਲਗ ਗਿਆ। ਸਾਰੇ ਮੁਰੀਦ ਲੰਮੇ ਪੈ ਗਏ। ਕਹਿਣ ਲੱਗਿਆ, ਕਰ ਲਓ ਅੱਲਾਹ ਤਾਲਾ ਦੇ ਦਰਸ਼ਨ। ਉਸ ਵੇਲੇ ਦੋ ਬਰਤਨ ਮੰਗਾ ਲਏ। ਮਠਿਆਈ ਵਿਚ ਰੱਖ ਲਈ। ਇਹ ਜਾਨਣ ਵਾਸਤੇ ਕਿ ਹੇ ਪਾਤਸ਼ਾਹ! ਤੁਸੀਂ ਇਸਲਾਮ ਵਾਲਿਆਂ ਦਾ ਪੱਖ ਕਰੋਂਗੇ ਜਾਂ ਹਿੰਦੂਆਂ ਦਾ ਕਰੋਗੇ? ਕਿਉਂਕਿ ਹਿੰਦੂਆਂ ਦੇ ਉਤੇ ਬੜੇ ਜ਼ੁਲਮ ਹੋਏ ਨੇ। ਇਹਨਾਂ ਦਾ ਜਿਹੜਾ ਧਰਮ ਹੈ ਉਹ ਬੜਾ ਖਤਰੇ 'ਚ ਪਿਆ ਹੋਇਆ ਹੈ। ਜਨੇਊ ਲਹਿ ਰਹੇ ਨੇ। ਇਹਨਾਂ ਦੀ ਮਦਦ ਕਰੇਂਗਾ ਜਾਂ ਤੂੰ ਇਸਲਾਮ ਵਾਲਿਆਂ ਦੀ ਕਰੇਂਗਾ। ਇਹਨਾਂ ਨੂੰ ਜ਼ਾਲਮਾਂ ਅੱਗੇ ਕਿਤੇ ਛੱਡ ਤਾਂ ਨਹੀਂ ਦਏਂਗਾ। ਜ਼ਾਲਮ ਰਾਜਾ ਹੋ ਸਕਦੈ। ਆਮ ਬੰਦਾ ਜ਼ਾਲਮ ਨਹੀਂ ਹੁੰਦਾ ਕਿਸੇ ਕੌਮ ਦਾ ਵੀ ਕਿਉਂ ਨਾ ਹੋਵੇ।

ਸੋ ਉਸ ਵੇਲੇ ਦੋ ਬਰਤਨ ਲਿਆਏ, ਲਿਆ ਕੇ ਗੁਰੂ ਮਹਾਰਾਜ ਦੇ ਸਾਮ੍ਹਣੇ ਦੋਹੀਂ ਪਾਸੀਂ ਰੱਖ ਦਿਤੇ। ਜਦੋਂ ਰੱਖ ਕੇ ਹਟਿਆ। ਮਹਾਰਾਜ ਜੀ ਨੇ ਇਸ ਤਰ੍ਹਾਂ ਭਾਵ ਭਰੇ ਹੋਏ ਨੇਤਰਾਂ ਦੇ ਨਾਲ ਉਸ ਵਲ ਵੇਖਿਆ ਜਿਵੇਂ ਬਹੁਤ ਵੱਡਾ ਸਿਆਣਾ ਪੁਰਸ਼ ਦੇਖਦੈ। ਨਾਲ ਦੀ ਨਾਲ ਉੱਚੀ-ਉੱਚੀ ਹੱਸ ਪਏ। ਮੁਸਕਰਾਏ ਨਹੀਂ। ਖਿੜਖਿੜਾ ਕੇ ਹਸ ਪਏ। ਹੱਸ ਕੇ ਦੋਵੇਂ ਬਾਹਾਂ ਚੁੱਕੀਆਂ ਇਕ ਏਧਰ ਰੱਖ ਦਿਤੀ, ਇਕ ਓਧਰ ਰੱਖ ਦਿਤੀ। ਸਿਜਦਾ ਕਰ ਦਿਤਾ ਭੀਖਣ ਸ਼ਾਹ ਨੇ। ਕਹਿੰਦਾ, ਪੈਗੰਬਰ ਆ ਗਿਆ ਕਲਜੁਗ ਨੂੰ ਤਾਰਨ ਵਾਲਾ।

ਫੇਰ ਲਖਨੌਰ ਜਦ ਆਏ। ਸਿਜਦਾ ਕਰਨ ਵਾਲਾ ਵੱਡਾ ਪੀਰ ਮੁਸਲਮਾਨ ਸੀ। ਕਹਿਣ ਲੱਗਿਆ, ਸਿਜਦਾ ਕਰਦੈਂ? ਕਹਿਣ ਲੱਗਿਆ, ਜਦੋਂ ਮੈਂ ਖੁਦਾਵੰਦ ਤਾਲਾ ਦੀ ਦਰਗਾਹ ਵਿਚ ਜਾਂਦਾ। ਉਥੇ ਵੱਡੇ-ਵੱਡੇ ਰਿਸ਼ੀ-ਮੁਨੀ ਆਹ ਧਰਤੀ ਦੇ ਨਹੀਂ, ਹੋਰ ਹਜ਼ਾਰਾਂ ਧਰਤੀਆਂ ਦੇ ਜਦੋਂ ਅੱਲਾ ਤਾਲਾਹ ਦੇ ਪਾਸ ਗੱਲ ਕਰਦੇ ਨੇ ਤਾਂ ਇਹੀ ਦਰਵਾਜ਼ੇ ਉਤੇ ਖੜ੍ਹਾ ਹੁੰਦੈ। ਸਾਡੀ ਮੁਲਾਕਾਤ ਇਹੀ

ਕਰਾਉਂਦੇ ਨੇ ਤੇ ਮੈਂ ਅੱਜ ਇਨਸਾਨੀ ਜੁੱਸੇ 'ਚ ਦੇਖੇ ਨੇ।

ਉਸ ਤੋਂ ਬਾਅਦ ਪਾਉਂਟਾ ਸਾਹਿਬ ਦੀ ਲੜਾਈ ਹੁੰਦੀ ਹੈ। 400 ਪਠਾਣ ਸਾਥ ਛੱਡ ਕੇ ਗੁਰੂ ਸਾਹਿਬ ਦਾ, ਰਾਜਿਆਂ ਨਾਲ ਜਾ ਰਲਦੈ। ਫੌਜ ਦੀ ਤਾਕਤ ਘਟ ਜਾਂਦੀ ਹੈ। ਉਸ ਵੇਲੇ 700 ਮੁਰੀਦ ਲੈ ਕੇ, ਆਪਣੇ ਪੁੱਤਰ ਲੈ ਕੇ, ਰਿਸ਼ਤੇਦਾਰ ਲੈ ਕੇ ਬੁੱਧੂਸ਼ਾਹ ਇਕ ਪਾਸਿਓਂ ਲੜਾਈ ਸ਼ੁਰੂ ਕਰ ਦਿੰਦੈ। ਦੋ ਪੁੱਤਰ ਉਹਦੇ ਸ਼ਹੀਦ ਹੋ ਜਾਂਦੇ ਨੇ। 300 ਮੁਰੀਦ ਸ਼ਹੀਦ ਹੋ ਜਾਂਦੈ। ਜੇ ਉਹਦਾ ਗੁਰੂ ਸਾਹਿਬ ਨਾਲ ਪਿਆਰ ਨਾ ਹੁੰਦਾ, ਕੋਈ ਬੰਦਾ ਹੈ ਜਿਹੜਾ ਪੁੱਤਰਾਂ ਦੀ ਕੁਰਬਾਨੀ ਦੇ ਦੇਵੇ। ਕਦੇ ਅਸੀਂ ਬੁੱਧੂਸ਼ਾਹ ਨੂੰ ਯਾਦ ਕਰਦੇ ਹਾਂ ਕਿ ਕਿੰਨੀ ਖਾਮੋਸ਼ੀ ਦੇ ਨਾਲ ਕੁਰਬਾਨੀ ਦੇ ਦਿਤੀ, ਗੁਰੂ ਦਸ਼ਮੇਸ਼ ਪਿਤਾ ਦੇ ਵਾਸਤੇ।

ਉਸ ਤੋਂ ਬਾਅਦ ਜਦੋਂ ਗੁਰੂ ਮਹਾਰਾਜ ਸਰਸੇ ਤੋਂ ਪਾਰ ਹੁੰਦੇ ਨੇ। ਕਿਥੇ ਜਾਂਦੇ ਨੇ? ਨਿਹੰਗ ਕੋਟਲੇ ਜਾਂਦੇ ਨੇ। ਉਥੇ ਜਿਹੜਾ ਕਿਲ੍ਹੇ ਦਾ ਪਠਾਣ ਹੈ ਉਹ ਗੁਰੂ ਮਹਾਰਾਜ ਨੂੰ ਅੰਦਰ ਪਨਾਹ ਦਿੰਦੈ। ਥੋੜ੍ਹਾ ਸਮਾਂ ਵਿਸਰਾਮ ਕਰਕੇ ਗੁਰੂ ਮਹਾਰਾਜ ਨੇ ਸਿੰਘਾਂ ਸਮੇਤ ਅੱਗੇ ਨੂੰ ਚਾਲੇ ਪਾ ਦਿਤੇ। ਭਾਈ ਬਚਿੱਤਰ ਸਿੰਘ ਪਹਿਲਾਂ ਹੋਏ ਯੁੱਧਾਂ ਵਿਚ ਗੰਭੀਰ ਤੌਰ 'ਤੇ ਜ਼ਖਮੀ ਹੋ ਗਏ ਸੀ। ਨਿਹੰਗ ਕੋਟਲੇ ਦੇ ਪਠਾਣ ਨੇ ਸੇਵਾ ਸੰਭਾਲ ਦੀ ਇੱਛਾ ਪ੍ਰਗਟ ਕੀਤੀ। ਗੁਰੂ ਮਹਾਰਾਜ ਨੇ ਪ੍ਰਵਾਨਗੀ ਬਖਸ਼ੀ ਅਤੇ ਉਹ ਓਥੇ ਹੀ ਰੁਕ ਗਏ। ਜਦੋਂ ਕਿਲ੍ਹੇ ਦੀ ਤਲਾਸ਼ੀ ਹੋਣ ਲਗਦੀ ਹੈ, ਉਸ ਕਮਰੇ 'ਚ ਜਿੱਥੇ ਭਾਈ ਬਚਿੱਤਰ ਸਿੰਘ ਜੀ ਸੀਗੇ। ਉਥੇ ਬਾਹਰ ਤਲਵਾਰ ਲਈਂ ਖੜ੍ਹੈ। ਕਹਿਣ ਲੱਗਿਆ, ਮੇਰੇ ਟੁਕੜੇ ਕਰ ਦਿਓ। ਮੈਂ ਅੰਦਰ ਨਹੀਂ ਜਾਣ ਦੇਣਾ। ਮੇਰਾ ਦਾਮਾਦ ਬੈਠੈ ਇਥੇ।

ਚਲੇ ਗਏ ਛੱਡ ਕੇ। ਲੜਕੀ ਨੂੰ ਪਤਾ ਲੱਗਿਆ ਕਿ ਮੇਰੇ ਪਿਤਾ ਨੇ ਇਹ ਗੱਲ ਕਹਿ ਦਿਤੀ ਹੈ ਕਿ ਮੇਰਾ ਦਾਮਾਦ ਬੈਠਾ ਹੈ, ਉਥੇ ਭਾਈ ਬਚਿੱਤਰ ਸਿੰਘ ਸੀ। ਕਹਿੰਦੀ, ਅੱਬਾ ਜਾਨ! ਹੁਣ ਮੇਰੇ ਵਾਸਤੇ ਰਿਸ਼ਤਾ ਨਾ ਟੋਲ੍ਹੀਂ। ਮੈਂ ਨਹੀਂ ਵਿਆਹ ਕਰਾਉਣਾ, ਤੇਰੇ ਮੁਖ ਤੋਂ ਨਿਕਲ ਗਿਆ। ਉਹ ਸਰਸੇ ਤੋਂ ਪਾਰ ਹੋਏ ਨੇ। ਕਿੱਡਾ ਇਨਾਮ ਮਿਲਣਾ ਸੀ ਉਸਨੂੰ।

ਮਾਛੀਵਾੜੇ ਆ ਕੇ ਮਹਾਰਾਜ ਦੀ ਓਸ ਵੇਲੇ ਕੌਣ ਆ ਕੇ ਸੇਵਾ ਕਰਦੈ? ਗਨੀ ਖ਼ਾਂ, ਨਬੀ ਖ਼ਾਂ ਤੇ ਸੱਯਦ ਨੂਰ ਅਹਿਮਦ। ਕਿਲ੍ਹੇ ਦੇ ਘੇਰੇ ਦੇ ਵਿਚੋਂ ਮਹਾਰਾਜ ਨੂੰ ਬਾਹਰ ਕੱਢਦੇ ਨੇ। ਮਹਾਰਾਜ ਰਾਏ ਕੱਲੇ ਦੇ ਕੋਲ ਜਾਂਦੇ ਨੇ। ਜੋ ਮੁਸਲਮਾਨ ਹਾਕਮ ਸੀ। ਸੂਬਾ ਸਰਹੰਦ ਨੇ ਚਿੱਠੀ ਲਿਖੀ। ਕਹਿਣ ਲੱਗਿਆ, ਰਾਏ ਸਾਹਿਬ! ਬਹੁਤ ਵੱਡੀ ਫਾਇਦੇ ਦੀ ਬਾਤ ਹੋਈ ਸ੍ਰੀ ਗੁਰੂ ਗੋਬਿੰਦ ਸਿੰਘ ਜਿਹੜਾ ਕਿਸੇ ਦੇ ਕਾਬੂ ਨਹੀਂ ਆਇਆ, ਅੱਜ ਤੇਰੇ 'ਤੇ ਭਰੋਸਾ ਕਰੀਂ ਬੈਠੈ। ਤੂੰ ਉਹਨਾਂ ਨੂੰ ਗ੍ਰਿਫ਼ਤਾਰ ਕਰਾ ਦੇ। ਤੈਨੂੰ ਰਾਜ ਹੋਰ ਵੱਡਾ ਮਿਲੇਗਾ। ਤੇਰੀ ਪਦਵੀ ਉੱਚੀ ਹੋਏਗੀ। ਜਵਾਬ ਦਿਤਾ, ਨਵਾਬ ਸਾਹਿਬ! ਮੇਰੀ ਸਾਰੀ ਰਿਆਇਆ, ਇਹਨਾਂ ਨੂੰ ਪੀਰਾਂ ਵਾਂਗਣ ਮੰਨਦੀ ਹੈ। ਜਿਵੇਂ ਮੁਰਸ਼ਦਾਂ ਦੇ ਵਾਸਤੇ ਮੁਰੀਦ ਅੰਗ-ਅੰਗ ਕਟਾ ਦਿੰਦੇ ਨੇ ਤਿਵੇਂ ਜਦੋਂ ਤਕ ਮੇਰੀ ਰਿਆਇਆ ਦਾ ਆਖਰੀ ਬੰਦਾ ਜਿਉਂਦਾ ਹੈ, ਗੁਰੂ ਗੋਬਿੰਦ ਸਿੰਘ ਜੀ ਵਲ ਕੋਈ ਝਾਕ ਨਹੀਂ ਸਕਦਾ।

ਅੱਜ ਦਾ ਕੋਈ ਰਾਜਾ ਕਹਿ ਕੇ ਦਿਖਾਵੇ ਤਾਂ ਸੈਂਟਰ ਦੇ ਖਿਲਾਫ। ਸੋ ਇਹਨਾਂ ਗੱਲਾਂ ਨੂੰ ਅਸੀਂ ਨਜ਼ਰ ਅੰਦਾਜ਼ ਕਰਕੇ ਗੁਰੂ ਮਹਾਰਾਜ ਦੀ ਸਖਸ਼ੀਅਤ ਨੂੰ ਛੋਟਾ ਕਰ ਦਿੰਦੇ ਹਾਂ। ਗੁਰੂ ਮਹਾਰਾਜ ਨਿਰਵੈਰ ਸੀ। ਉਹਨਾਂ ਦੇ ਸਾਰੇ ਕੌਤਕ ਨਿਰਵੈਰ ਸੀ। ਕਿਸੇ ਨਾਲ ਵੈਰ ਨਹੀਂ ਸੀ ਉਹਨਾਂ ਦਾ -

*ਸਤਿਗੁਰੁ ਸਭਨਾ ਦਾ ਭਲਾ ਮਨਾਇਦਾ*
*ਤਿਸ ਦਾ ਬੁਰਾ ਕਿਉ ਹੋਇ ॥* *ਅੰਗ- ੩੦੨*

ਸਾਰੇ ਸੰਸਾਰ ਦਾ ਸਤਿਗੁਰੂ ਭਲਾ ਮਨਾਉਂਦੈ। ਲੜਾਈ ਲੱਗੀ ਹੋਈ ਹੈ ਸ੍ਰੀ ਅਨੰਦਪੁਰ ਸਾਹਿਬ ਦੀ। ਘੇਰਾ ਬਹੁਤ ਜ਼ਬਰਦਸਤ ਪਿਆ ਹੋਇਐ। ਓਸ ਵੇਲੇ ਥੋੜ੍ਹੇ ਸਿੰਘ ਬਾਕੀ ਬਚਦੇ ਨੇ। ਛੇ ਮਹੀਨੇ ਲਗਾਤਾਰ ਘੇਰੇ ਪਏ ਨੂੰ ਹੋ ਗਏ। ਸਿੰਘਾਂ ਨੇ ਪੱਤੇ ਤੋੜ-ਤੋੜ ਕੇ, ਉਬਾਲ ਕੇ ਖਾ ਲਏ। ਭੁੱਖ ਦੇ ਨਾਲ ਯੁੱਧ ਕਰ ਰਹੇ ਨੇ ਤੇ ਅੱਜ ਰੋਪੜ ਦਾ ਇਕ ਵੱਡਾ ਪਠਾਣ ਸੀ ਜਿਹਦਾ ਨਾਮ ਮੁਗਲ ਖਾਨ ਸੀ। ਜਰਨੈਲ ਸੀ। ਕਹਿਣ ਲੱਗਿਆ, ਓਏ ਆ ਜਾਓ, ਕਿੰਨੇ ਕੁ ਬੰਦੇ ਅੰਦਰ ਹੋਣੇ ਨੇ, ਆਪਾਂ 10 ਲੱਖ ਬੰਦੇ ਬਾਹਰ ਬੈਠੇ ਹਾਂ। ਗੁਰੂ ਫੜ ਨਹੀਂ ਹੁੰਦਾ? ਜੇ ਆਪਣਾ 10-20 ਹਜ਼ਾਰ ਮਰ ਜਾਊ ਤਾਂ ਕੀ ਹੋ ਜਾਏਗਾ। ਮੈਨੂੰ ਦਿਓ ਕਮਾਂਡ, ਮੈਂ ਲਿਆਉਂਦਾ ਅੱਜ ਫੜ ਕੇ। ਹਮਲਾ ਬਹੁਤ ਭਾਰੀ ਕਰ ਦਿਤਾ। ਬੜਾ ਯੁੱਧ ਹੁੰਦਾ ਰਿਹਾ ਸਾਰਾ ਦਿਨ। ਪੈਰ ਨਾ ਲੱਗੇ ਇਹਨਾਂ ਦੇ। ਅਖੀਰ ਗੁਰੂ ਮਹਾਰਾਜ ਨੇ ਸਾਰੇ ਸਿੰਘਾਂ ਨੂੰ ਬੁਲਾਇਆ। ਸਾਰੇ ਸਿੰਘਾਂ ਨੇ ਭਾਈ ਘਨਈਆ ਦੀ ਦੀ ਸ਼ਿਕਾਇਤ ਕੀਤੀ ਕਿ ਉਹ ਦੁਸ਼ਮਣਾਂ ਨੂੰ ਪਾਣੀ ਪਿਲਾਉਂਦਾ ਰਿਹਾ। ਗੁਰੂ ਮਹਾਰਾਜ ਨੇ ਕਿਹਾ, ਭਾਈ ਘਨਈਆ ਨੂੰ ਬੁਲਾਓ।

ਡੇਰੇ ਗਏ ਉਥੇ ਭਾਈ ਘਨਈਆ ਹੈ ਨਹੀਂ। ਮੈਦਾਨ-ਏ-ਜੰਗ 'ਚ ਆਏ, ਓਥੇ ਜ਼ਖਮੀਆਂ ਦੀ ਸੰਭਾਲ ਹੋ ਰਹੀ ਹੈ। ਰਾਤ ਦੇ 10 ਵਜੇ ਹੋਏ ਨੇ। ਓਥੇ ਕੰਨ ਲਾ ਕੇ ਸੁਣਨ ਲੱਗੇ ਕਿ ਕੋਈ ਅਵਾਜ਼ ਆ ਰਹੀ ਹੈ, ਇਸ ਤਰ੍ਹਾਂ ਦੀ, ਪੜ੍ਹੋ ਪਿਆਰ ਨਾਲ -

*ਧਾਰਨਾ - ਤੂੰ ਹੀ, ਤੂੰ ਹੀ ਮੋਹਿਨਾ।*

ਅਵਾਜ਼ ਆ ਰਹੀ ਹੈ, ਤੂੰ ਹੀ, ਤੂੰ ਹੀ, ਤੂੰ ਹੀ, ਤੂੰ ਹੀ। ਪਛਾਣ ਲਈ ਆਵਾਜ਼ ਕਿ ਅਵਾਜ਼ ਭਾਈ ਘਨਈਏ ਦੀ ਹੈ। ਓਸ ਸੇਧ ਨੂੰ ਚੱਲ ਪੈਂਦੇ ਨੇ। ਅੱਗੇ ਜਾ ਕੇ ਕੀ ਦੇਖਦੇ ਨੇ ਭਾਈ ਘਨਈਆ ਨੇ ਇਕ ਜ਼ਖਮੀ ਦਾ ਸਿਰ ਚੁੱਕ ਕੇ ਆਪਣੇ ਪੱਟ 'ਤੇ ਰੱਖਿਆ ਹੋਇਐ। ਮੂੰਹ 'ਚ ਉਂਗਲਾਂ ਪਾ ਕੇ ਓਸ ਦੀ ਦੰਦਲ ਖੋਲ੍ਹੀ ਹੈ। ਆਪਣੀ ਮਸਕ ਦੇ ਵਿਚੋਂ ਉਹਦੇ ਮੂੰਹ ਵਿਚ ਪਾਣੀ ਪਾ ਰਿਹੈ। ਪਾਣੀ ਪੀਣ ਵਾਲੇ ਨੂੰ ਸੁਰਤ ਆ ਗਈ। ਸੁਰਤ ਆਉਂਦੇ ਸਾਰ ਕਹਿਣ ਲੱਗਿਆ, ਕੌਣ ਹੈਂ ਤੂੰ ਜੋ ਮੈਨੂੰ ਪਾਣੀ ਪਿਲਾ ਰਿਹੈਂ। ਮੈਂ ਤੈਨੂੰ ਬਹੁਤ ਵੱਡਾ ਇਨਾਮ ਦੇਣਾ ਚਾਹਾਂਗਾ। ਕਿਉਂਕਿ ਮੈਂ ਜਰਨੈਲ ਹਾਂ ਮੁਗ਼ਲ ਖਾਨ। ਓਸ ਵੇਲੇ ਭਾਈ ਘਨਈਆ ਕਹਿਣ ਲੱਗਿਆ, ਖਾਨ ਸਾਹਿਬ! ਮੈਂ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਕ ਗਰੀਬੜਾ ਜਿਹਾ ਸਿੱਖ ਹਾਂ।

ਕਹਿੰਦਾ, ਗੁਰੂ ਗੋਬਿੰਦ ਸਿੰਘ ਦਾ? ਤੈਨੂੰ ਨਹੀਂ ਪਤਾ ਕਿ ਮੈਂ ਗੁਰੂ ਗੋਬਿੰਦ ਸਿੰਘ ਨੂੰ ਫੜਨ ਦਾ ਪ੍ਰਣ ਕਰਕੇ ਆਇਆ ਸੀ ਤੇ ਤੂੰ ਮੈਨੂੰ ਪਾਣੀ ਪਿਲਾ ਰਿਹੈਂ ਸਿੱਖਾ।

ਭਾਈ ਘਨਈਆ ਕਹਿਣ ਲੱਗਿਆ, ਖਾਨ ਸਾਹਿਬ! ਮੇਰੇ ਗੁਰੂ ਦਾ ਕਿਸੇ ਨਾਲ ਵੈਰ ਨਹੀਂ ਹੈ। ਮੇਰੇ ਗੁਰੂ ਦਾ ਸਭ ਨਾਲ ਪਿਆਰ ਹੈ –

*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ, ਵਾਰ ੩੪/੧*

ਕੋਈ ਦੁਸ਼ਮਣੀ ਦਾ ਖਿਆਲ ਕਰਕੇ ਆਉਂਦੈ, ਉਸ ਨੂੰ ਉਸ ਤਰ੍ਹਾਂ ਦੇ ਦਰਸ਼ਨ ਹੁੰਦੇ ਨੇ। ਪਿਆਰ ਵਾਲਾ ਆਉਂਦੈ ਉਹਨੂੰ ਪਿਆਰ ਵਾਲੇ ਦਰਸ਼ਨ ਹੁੰਦੇ ਨੇ। ਸ਼ੀਸ਼ੇ ਦੇ ਸਾਮ੍ਹਣੇ ਜਿਹੋ ਜਿਹਾ ਮੂੰਹ ਕਰਕੇ ਦੇਖਦੈ ਉਹੋ ਜਿਹਾ ਹੀ ਮੂੰਹ ਉਹਨੂੰ ਸ਼ੀਸ਼ੇ 'ਚ ਨਜ਼ਰ ਆਉਂਦੈ। ਪਰ ਸਾਨੂੰ ਗੁਰੂ ਜਿਹੜੀ ਗੱਲ ਕਰਦੈ, ਉਹ ਗੱਲ ਇਸ ਤੋਂ ਬੜੀ ਉੱਚੀ ਹੈ। ਕਹਿੰਦਾ, ਉਹ ਕਿਹੜੀ ਗੱਲ ਹੈ? ਉਹ ਕਹਿੰਦਾ, ਸਾਡੇ ਗੁਰੂ ਦੇ ਫੁਰਮਾਨ ਜਿਹੜੇ ਨੇ ਉਹ ਇਸ ਤਰ੍ਹਾਂ ਦੇ ਨੇ –

*ਧਾਰਨਾ – ਨਾ ਦਿਸੇ ਬੇਗਾਨਾ ਜੀ,*
*ਨਾ ਕੋ ਬੈਰੀ–ਨਾ ਕੋ ਬੈਰੀ।*

*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ – ੧੨੯੯*

ਕਹਿੰਦੇ, ਸਾਡਾ ਗੁਰੂ ਕਹਿੰਦੈ –

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*
*ਅੰਗ– ੧੩੮੨*

*ਵਵਾ ਵੈਰੁ ਨ ਕਰੀਐ ਕਾਹੂ ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਅੰਗ– ੨੫੯*

ਸਾਡਾ ਗੁਰੂ ਇਹ ਕਹਿੰਦੇ ਨੇ ਕਿ ਖ਼ਾਲਸਾ! ਸਭ ਦੇ ਅੰਦਰ ਅੱਲਾਹ ਦਾ ਨੂਰ ਹੈ। ਕੋਈ ਵੈਰੀ ਨਹੀਂ ਹੈ, ਸਭ ਦੇ ਅੰਦਰ ਅੱਲਾਹ ਹੈ।

ਕਹਿਣ ਲੱਗਿਆ, ਘਨਈਆ! ਤੂੰ ਮੈਨੂੰ ਪਾਣੀ ਹੀ ਨਹੀਂ ਪਿਲਾਇਆ, ਕੋਈ ਆਬੇ–ਹਿਆਤ ਪਿਲਾ ਦਿਤਾ ਮੈਨੂੰ। ਮੇਰੇ ਦਿਲ ਦੇ ਅੰਦਰ ਗੁਰੂ ਗੋਬਿੰਦ ਸਿੰਘ ਜੀ ਲਈ ਅਕੀਦਤ ਪੈਦਾ ਹੋ ਰਹੀ ਹੈ ਤੇ ਪਤਾ ਨਹੀਂ ਮੈਂ ਜਿਉਣਾ ਹੈ ਕਿ ਮਰਨਾ ਹੈ। ਮੈਂ ਇਥੋਂ ਹੀ ਸੀਸ ਨਿਵਾਉਂਦਾ ਹਾਂ, ਜਾਣ ਵੇਲੇ।

ਐਨੇ ਨੂੰ ਸਿੰਘਾਂ ਨੇ ਆ ਕੇ ਭਾਈ ਘਨਈਏ ਨੂੰ ਫੜ ਲਿਆ। ਕਹਿੰਦੇ, ਹੁਕਮ ਆਇਆ ਹੈ, ਤੈਨੂੰ ਗੁਰੂ ਦਸ਼ਮੇਸ਼ ਪਿਤਾ ਯਾਦ ਫੁਰਮਾਉਂਦੇ ਨੇ। ਮਸ਼ਕ ਉਥੇ ਹੀ ਸੁੱਟ ਦਿਤੀ। ਮੁਜਰਮ ਵਾਂਗੂੰ ਫੜ ਕੇ ਲੈ ਜਾਂਦੇ ਨੇ। ਸ੍ਰੀ ਗੁਰੂ ਦਸ਼ਮੇਸ਼ ਪਿਤਾ ਦੇ ਹਜ਼ੂਰ ਜਾ ਕੇ ਪੇਸ਼ ਕਰ ਦਿਤਾ।

ਪਾਤਸ਼ਾਹ! ਉਹ ਜਿਹੜਾ ਆਪਣਿਆਂ ਨੂੰ ਪਾਣੀ ਪਿਲਾਉਂਦਾ ਸੀ, ਉਹ ਇਹ ਸੀ, ਹੁਣ ਇਹ ਮੁਗਲ ਖਾਨ ਨੂੰ ਪਾਣੀ ਪਿਲਾ ਰਿਹਾ ਸੀ ਜਿਹੜਾ ਅੱਜ ਚੜ੍ਹ ਕੇ ਆਇਐ।

ਬੜੀ ਗੰਭੀਰ ਗੱਲ ਸੀ ਸਾਧਸੰਗਤ ਜੀ। ਕੋਈ ਹੋਰ ਜਰਨੈਲ ਹੁੰਦਾ, ਕੋਈ ਰਾਜਾ ਹੁੰਦਾ, ਕਹਿੰਦਾ, ਹੁਣੇ ਸਿਰ ਕੱਟ ਦਿਓ ਇਹਦਾ।

ਗੁਰੂ ਦਸ਼ਮੇਸ਼ ਪਿਤਾ ਕਹਿਣ ਲੱਗੇ, ਭਾਈ ਘਨਈਆ! ਤੂੰ ਕੀਹਨੂੰ ਪਾਣੀ ਪਿਲਾਉਂਦਾ ਰਿਹਾ ਅੱਜ? ਮੁਸਲਮਾਨਾਂ ਨੂੰ?

ਕਹਿੰਦਾ, ਨਾ ਮਹਾਰਾਜ।

ਫੇਰ ਤੂੰ ਪਹਾੜੀਆਂ ਨੂੰ ਪਾਣੀ ਪਿਲਾਉਂਦਾ ਰਿਹਾ?

ਕਹਿੰਦਾ, ਨਹੀਂ ਮਹਾਰਾਜ।

ਸਿੰਘ ਕਹਿੰਦੇ, ਮਹਾਰਾਜ! ਝੂਠ ਬੋਲਦੈ। ਅਸੀਂ ਅੱਖਾਂ ਨਾਲ ਦੇਖਿਐ, ਹੁਣ ਵੀ ਅਸੀਂ ਜਦ ਲੈ ਕੇ ਆਏ ਹਾਂ, ਉਸ ਮੁਗਲ ਖਾਨ ਨੂੰ ਪਾਣੀ ਪਿਲਾ ਰਿਹਾ ਸੀ।

ਮਹਾਰਾਜ ਕਹਿੰਦੇ, ਤੁਸੀਂ ਚੁੱਪ ਕਰੋ। ਪੁੱਛ ਲੈਣ ਦਿਓ ਮੈਨੂੰ।

ਓਸ ਵੇਲੇ ਮਹਾਰਾਜ ਪੁੱਛਣ ਲੱਗੇ, ਭਾਈ ਘਨਈਆ! ਤੂੰ ਫੇਰ ਕੀ ਖਾਲਸੇ ਨੂੰ ਪਾਣੀ ਪਿਲਾਉਂਦਾ ਰਿਹਾ?

ਕਹਿੰਦਾ, ਨਹੀਂ ਮਹਾਰਾਜ।

ਫੇਰ ਕੀਹਨੂੰ ਪਾਣੀ ਪਿਲਾਇਐ?

ਕਹਿਣ ਲੱਗਿਆ, ਪਾਤਸ਼ਾਹ! ਜਦੋਂ ਮੇਰੀਆਂ ਅੱਖਾਂ ਦੇ ਉਤੇ ਮੋਤੀਆਬਿੰਦ ਸੀ, ਉਸ ਵੇਲੇ ਮੈਨੂੰ ਮੁਸਲਮਾਨ ਵੀ ਨਜ਼ਰ ਆਉਂਦਾ ਸੀ। ਹਿੰਦੂ ਵੀ ਨਜ਼ਰ ਆਉਂਦੇ ਸੀ ਚੰਗੇ ਵੀ ਨਜ਼ਰ ਆਉਂਦੇ ਸੀ, ਮਾੜੇ ਵੀ ਆਉਂਦੇ ਸੀ। ਆਪਣੇ ਵੀ ਆਉਂਦੇ ਸੀ, ਬੇਗਾਨੇ ਵੀ ਆਉਂਦੇ ਸੀ। ਪਰ ਜਦੋਂ ਤੂੰ ਤੁਸੀਂ ਮੈਨੂੰ ਨਾਮ ਦਾ ਸੁਰਮਾ ਦਿਤੈ-

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ - ੨੯੩*

ਮੇਰੇ ਮਨ ਵਿਚ ਚਾਨਣਾ ਹੋ ਗਿਆ ਤੇ ਮੇਰੇ ਜਿਹੜੇ ਬੰਦ ਨੇਤਰ ਸੀ ਉਹਨਾਂ ਤੋਂ ਮੋਤੀਆਬਿੰਦ ਲਹਿ ਗਿਆ ਪਾਤਸ਼ਾਹ। ਜਦੋਂ ਮੇਰੀਆਂ ਅੱਖਾਂ ਖੁਲ੍ਹ ਗਈਆਂ, ਉਸ ਵੇਲੇ ਜੋ ਕੁਛ ਮੈਂ ਦੇਖਿਆ, ਉਹ ਮੈਂ ਤੁਹਾਨੂੰ ਬੇਨਤੀ ਕਰਦਾਂ, ਇਸ ਤਰ੍ਹਾਂ ਪੜ੍ਹੋ ਧਿਆਨ ਨਾਲ।

*ਧਾਰਨਾ - ਗੁਰਾਂ ਨੇ ਮੇਰੇ ਜੀ ਨੈਣ ਖੋਲ੍ਹ 'ਤੇ।*
*ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ।*

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ- ੪੦੭*

ਹੇ ਕਲਗੀ ਵਾਲਿਆ! ਮੈਂ ਤਾਂ ਹੁਣ ਤੁਹਾਡੇ ਹੀ ਦੀਦਾਰੇ ਕਰਦਾਂ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ਅੰਗ- ੨੯੩*

ਪਾਤਸ਼ਾਹ! ਮੈਨੂੰ ਹੁਣ ਹੋਰ ਕੋਈ ਨਹੀਂ ਦਿਸਦਾ, ਤੁਸੀਂ ਹੀ ਦਿਸਦੇ ਹੋਂ।

ਗੁਰੂ ਦਸ਼ਮੇਸ਼ ਪਿਤਾ ਗੱਦੀ ਤੋਂ ਉੱਠੇ। ਬੁੱਕਲ 'ਚ ਲੈ ਲਿਆ ਸਿੱਖ ਨੂੰ। ਸਿੱਖਾ! ਨਿਹਾਲ! ਨਿਹਾਲ! ਨਿਹਾਲ। ਅਗਮ ਨਿਗਮ ਦੀ ਸੋਝੀ ਦੇ ਦਿਤੀ। ਸਾਰੀਆਂ ਰਿੱਧੀਆਂ-ਸਿੱਧੀਆਂ ਸ਼ਕਤੀਆਂ ਬ੍ਰਹਮ ਗਿਆਨ ਦੇ ਭੰਡਾਰ ਹਵਾਲੇ ਕਰਕੇ ਕਹਿਣ ਲੱਗੇ, ਲੈ ਘਨਈਆ! ਤੂੰ ਸਿੱਖੀ ਦੀ ਉੱਚੀ ਪਦਵੀ ਪ੍ਰਾਪਤ ਕਰ ਲਈ। ਜਿੱਥੇ ਅਸੀਂ ਸਿੱਖ ਨੂੰ ਲਿਜਾਉਣਾ ਚਾਹੁੰਦੇ ਹਾਂ, ਤੂੰ ਉਥੇ ਪਹੁੰਚ ਗਿਆ। ਸਾਡਾ ਕਿਸੇ ਨਾਲ ਵੈਰ ਨਹੀਂ ਹੈ। ਇਹ ਸਾਰਾ -

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥*
*ਅੰਗ- ੧੩੫੦*

ਤੂੰ ਪਹੁੰਚ ਗਿਆ ਓਥੇ। ਹੁਣ ਇਸ ਤਰ੍ਹਾਂ ਕਰਿਆ ਕਰ, ਇਕੱਲਾ ਪਾਣੀ ਨਾ ਪਿਲਾਈਂ, ਆਹ ਫੜ ਮਲ੍ਹਮ ਦੀ ਡੱਬੀ। ਆਹ ਫੜ ਪੱਟੀਆਂ ਤੇ ਹੁਣ ਤੂੰ ਮੇਰੇ ਜ਼ਖਮਾਂ ਨੂੰ ਸਾਫ ਕਰਕੇ ਮਲ੍ਹਮ ਲਾ ਕੇ ਬੰਨ੍ਹ ਵੀ ਦਿਆਂ ਕਰੀਂ। ਨਾਲੇ ਮੈਨੂੰ ਪਾਣੀ ਪਿਲਾਈਂ।

ਫੇਰ ਕਿਹੋ ਜਿਹਾ ਗੁਰੂ ਹੈ ਸਾਧਸੰਗਤ ਜੀ! ਓਧਰ ਜੰਗ ਲੱਗਿਆ ਹੋਵੇ, ਇਕ-ਇਕ ਸਿੱਖ ਦੀ ਜਾਨ ਹੱਦ ਤੋਂ ਜ਼ਿਆਦਾ ਪਿਆਰੀ ਹੋਵੇ। ਓਧਰ ਇਹਨਾਂ ਦੇ ਸਿੱਖ ਓਨਾਂ ਨੂੰ ਪਾਣੀ ਪਿਲਾਉਣ ਵਾਲੇ।

ਕਹਿਣ ਲੱਗੇ, ਖਾਲਸਾ ਜੀ! ਇਹ ਜਿਹੜਾ ਘਨੑਈਏ ਨੇ ਪਾਣੀ ਪਿਲਾਇਐ। ਇਹ ਪਾਣੀ ਨਹੀਂ ਪਿਲਾਇਆ। ਇਹਦੇ ਹੱਥ ਤੋਂ ਤਾਂ ਅੰਮ੍ਰਿਤ ਵਰ੍ਹਿਐ। ਇਹਦੀ ਦ੍ਰਿਸ਼ਟੀ 'ਚੋਂ ਅੰਮ੍ਰਿਤ ਵਰ੍ਹਿਆ -

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*
*ਅੰਗ- ੨੭੩*

ਜਿੰਨਿਆਂ ਨੂੰ ਇਹਨੇ ਪਾਣੀ ਪਿਲਾਇਐ, ਨਾਲ ਦੀ ਨਾਲ ਸੋਝੀ ਦਿਤੀ ਹੈ। ਬੰਦੇ ਬਣਾ ਦਿਤੇ, ਵੈਰ ਕੱਢ ਦਿਤਾ।

ਓਹੀ ਮੁਗ਼ਲ ਖ਼ਾਨ, ਗੁਰੂ ਦਸ਼ਮੇਸ਼ ਪਿਤਾ ਨੇ ਕਿਹਾ, ਘਨਈਆ! ਜਾਹ, ਹੁਣ ਤੂੰ ਪ੍ਰਚਾਰ ਕਰ। ਕਿਉਂਕਿ ਹੁਣ ਤੇਰਾ ਤੇ ਮੇਰਾ ਫਰਕ ਨਹੀਂ -

*ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ ਰੰਚਕ ਨਾਹਨ ਭੇਵ॥*

*ਯਾ ਮੈ ਰੰਚ ਨ ਮਿਥਿਆ ਭਾਖੀ॥*
*ਪਾਰਬ੍ਰਹਮ ਗੁਰ ਨਾਨਕ ਸਾਖੀ॥ (ਸਰਬ ਲੋਹ ਗ੍ਰੰਥ 'ਚੋਂ)*

ਸੱਚੀ ਭਾਖੀ ਦਿਤੀ ਹੈ ਬਈ, ਅਸੀਂ ਕੋਈ ਮਿਥਿਆ ਬਾਤ ਨਹੀਂ ਕਹਿੰਦੇ। ਜਿਹੜਾ ਆਤਮ ਰਸ ਦੇ ਵਿਚ ਪਹੁੰਚ ਗਿਆ, ਉਹਦੇ ਵਿਚ ਤੇ ਰੱਬ ਵਿਚ ਤੇ ਗੁਰੂ ਵਿਚ ਕੋਈ ਭੇਦ ਨਹੀਂ ਹੋਇਆ ਕਰਦਾ -

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - ੩੯੭*

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥ ਅੰਗ - ੧੦੭੬*

ਭਾਈ ਘਨੑਈਆ! ਤੂੰ ਤੇ ਮੈਂ ਇਕ ਹੋ ਗਏ। ਜਾਹ, ਹੁਣ ਤੂੰ ਪੱਛਮ 'ਚ ਚਲਿਆ ਜਾਹ। ਦੂਰ ਚਲਿਆ ਜਾਹ,

ਪਠਾਣਾਂ ਦੇ ਇਲਾਕੇ 'ਚ, ਉਥੇ ਜਾ ਕੇ ਆਪ ਨਾਮ ਜਪ ਤੇ ਸੰਸਾਰ ਨੂੰ ਨਾਮ ਜਪਾ। ਆਹੀ ਜਿਹੜੀ ਦ੍ਰਿਸ਼ਟੀ ਤੈਨੂੰ ਪ੍ਰਾਪਤ ਹੋਈ ਹੈ ਇਹ ਵੰਡ ਦੇ ਦੁਨੀਆਂ ਨੂੰ। ਧੂੜ ਮੰਗਦੇ ਹਾਂ ਅਸੀਂ ਉਹਨਾਂ ਸਿੱਖਾਂ ਦੀ –

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ- ੩੦੬*

ਮੁਗਲ ਖਾਨ ਟੋਲ੍ਹਦਾ ਹੋਇਆ ਪਹੁੰਚਦੈ ਉਥੇ। ਘਰ ਤੋਂ ਪਾਰਸ ਲੈ ਕੇ ਚੱਲਿਆ ਕਿ ਮੈਂ ਕੀ ਦੇਵਾਂ ਭਾਈ ਘਨਈਏ ਨੂੰ। ਉਹਨੇ ਮੇਰੀ ਜਾਨ ਬਚਾਈ ਹੈ, ਪਾਰਸ ਲੈ ਚਲਦਾਂ।

ਉਸ ਨੇ ਭਾਈ ਘਨ੍ਹਈਏ ਨੂੰ ਜਾ ਕੇ ਟੋਲ੍ਹ ਲਿਆ, ਇਕ ਨਦੀ ਦੇ ਕੰਢੇ ਬੈਠੇ ਸੀ। ਪਾਰਸ ਭੇਟਾ ਕਰ ਦਿਤਾ। ਸਮਾਧੀ ਲੱਗੀ ਹੋਈ ਹੈ ਭਾਈ ਘਨਈਏ ਦੀ। ਨੇਤਰ ਖੁੱਲ੍ਹੇ ਕਹਿਣ ਲੱਗਿਆ, ਮਹਾਰਾਜ! ਤੁਸੀਂ ਮੇਰੇ ਮੂੰਹ 'ਚ ਪਾਣੀ ਨਹੀਂ ਸੀ ਪਾਇਆ। ਆਬ-ਏ-ਹਿਆਤ ਪਾ ਦਿਤਾ, ਮੇਰੀ ਜ਼ਿੰਦਗੀ ਬਦਲ ਦਿਤੀ। ਮੈਂ ਨੌਕਰੀ ਛੱਡ ਦਿਤੀ ਤੇ ਮੈਂ ਤੁਹਾਡਾ ਮੁਰੀਦ ਬਣ ਕੇ ਤੁਹਾਡੇ ਚਰਨਾਂ ਦਾ ਸੇਵਕ ਬਣ ਕੇ ਆਇਆ ਹਾਂ। ਮੇਰੇ ਤੋਂ ਸੇਵਾ ਲੈ ਲਓ। ਆਹ ਪਾਰਸ ਸਾਡੇ ਬਜ਼ੁਰਗਾਂ ਨੂੰ ਕਿਸੇ ਥਾਂ ਤੋਂ ਪ੍ਰਾਪਤ ਹੋਇਆ ਸੀ। ਇਹਨੂੰ ਲੋਹੇ ਨਾਲ ਲਾ ਦਿਓ, ਸੋਨਾ ਹੀ ਸੋਨਾ ਬਣ ਜਾਊ। ਭਾਈ ਘਨ੍ਹਈਆ ਕਹਿਣ ਲੱਗੇ, ਮੁਗ਼ਲ ਖ਼ਾਨ ਇਹ ਸਾਡੇ ਕਿਸੇ ਕੰਮ ਦਾ ਨਹੀਂ। ਇਹ ਤਾਂ ਪੱਥਰ ਹੈ –

*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥ ਅੰਗ- ੨੭੫*

ਕਹਿੰਦੇ, ਸਾਡੇ ਕਿਸੇ ਕੰਮ ਦਾ ਨਹੀਂ ਹੈ, ਤੂੰ ਰੱਖ। ਤੂੰ ਦੁਨੀਆਂਦਾਰ ਹੈਂ ਤੇਰੇ ਕੰਮ ਆ ਜਾਏਗਾ।

ਕਹਿੰਦਾ, ਨਹੀਂ ਮਹਾਰਾਜ! ਮੈਂ ਤਾਂ ਤੁਹਾਡੇ ਚਰਨਾਂ 'ਚ ਭੇਟਾ ਕਰਨਾ ਹੈ।

ਕਹਿੰਦੇ, ਨਾ।

ਜਦੋਂ ਬਾਰ-ਬਾਰ ਕਹਿੰਦੈ, ਕਹਿੰਦੇ ਚੰਗਾ, ਸਾਡੇ ਕੋਲ ਆ ਗਿਆ, ਹੁਣ ਤੇਰਾ ਕਬਜ਼ਾ ਤਾਂ ਇਹਦੇ ਉਤੇ ਨਹੀਂ?

ਕਹਿੰਦਾ, ਨਹੀਂ।

ਵਗਾਹ ਕੇ ਨਦੀ 'ਚ ਮਾਰਿਆ।

ਮੁਗ਼ਲ ਖ਼ਾਨ ਰੋਣ ਲਗ ਗਿਆ। ਮਹਾਰਾਜ! ਇਹ ਤਾਂ ਮਿਲਣਾ ਹੀ ਨਹੀਂ ਹੈ। ਤੁਸੀਂ ਨਦੀ 'ਚ ਸੁੱਟ ਦਿਤਾ। ਫੇਰ ਕਹਿੰਦੇ ਕੀ ਕਰੀਏ?

ਕਹਿੰਦਾ, ਜੇ ਮਿਲ ਜਾਵੇ ਤਾਂ ਚੰਗਾ ਹੀ ਹੈ।

ਕਹਿੰਦੇ, ਚੰਗਾ। ਨਦੀ ਨੂੰ ਭਾਈ ਘਨਈਆ ਕਹਿਣ ਲੱਗਿਆ, ਐ ਨਦੀ! ਇਹਦਾ ਪਾਰਸ ਤੇਰੇ ਵਿਚ ਹੈ। ਇਹਨੂੰ ਦੇ-ਦੇ। ਦੇਖਦੇ-ਦੇਖਦੇ ਨਦੀ ਦੇ ਦੋ ਹਿੱਸੇ ਹੋ ਗਏ ਤੇ ਜਿੱਥੇ ਪਾਰਸ ਪਿਆ ਸੀ, ਉਥੇ ਉੱਚਾ ਥਾਉਂ ਆ ਗਿਆ। ਉਥੇ ਬੇਅੰਤ ਹੀ ਪੱਥਰ ਪਏ ਨੇ। ਪਾਣੀ 'ਚੋਂ ਤੈਰ ਕੇ ਉਥੇ ਪਹੁੰਚ ਗਿਆ। ਜਾ ਕੇ ਹੈਰਾਨ ਹੋ ਗਿਆ ਕਿ ਇਥੇ ਤਾਂ ਜਿੰਨੇ ਪੱਥਰ ਨੇ, ਸਾਰੇ ਹੀ ਪਾਰਸ ਨੇ। ਮੈਂ ਕਿਹੜੇ ਪਾਰਸ ਦੀ ਗੱਲ ਕਰਦਾ ਹਾਂ। ਸਮਝ ਆ ਗਈ, ਵਾਪਸ ਆ ਗਿਆ।

ਕਹਿਣ ਲੱਗਿਆ, ਭਾਈ ਸਾਹਿਬ! ਮੈਨੂੰ ਉਹ ਚੀਜ਼ ਦੇ ਦਿਓ, ਜਿਹੜੀ ਨਿਗ੍ਹਾ ਦੇ ਨਾਲ ਪੱਥਰ ਵੀ ਪਾਰਸ ਬਣ ਜਾਵੇ।

ਕਹਿੰਦੇ, ਉਹ ਤਾਂ ਪ੍ਰਮੇਸ਼ਰ ਦਾ ਨਾਮ ਹੈ ਭਾਈ। ਪ੍ਰਭੂ ਦਾ ਨਾਮ ਹੈ ਉਹਦੇ ਵਿਚ ਸ਼ਕਤੀ ਹੈ। ਜੋ ਕੁਝ ਜੀਅ ਕਰਦੈ ਬਣਾ ਲੈ।

ਇਸ ਤਰ੍ਹਾਂ ਦੇ ਨਾਲ ਗੁਰੂ ਨਿਰਵੈਰ, ਨਿਰਾਲਾ ਕਿਵੇਂ ਹੈ?

ਗੁਰੂ ਦਸ਼ਮੇਸ਼ ਪਿਤਾ ਨੂੰ ਜੇ ਅਸੀਂ ਬਹੁਤ ਧਿਆਨ ਦੇ ਨਾਲ, ਪਿਆਰ ਦੇ ਨਾਲ ਵਿਚਾਰ ਕਰੀਏ। ਇਕ-ਇਕ ਕੌਤਕ ਉਹਨਾਂ ਦਾ ਜੀਵਨ ਨੂੰ ਬਦਲਾਉਣ ਵਾਲਾ ਹੈ। ਉਹਨਾਂ ਦੀ ਮਹਿਮਾ ਕਹੀ ਨਹੀਂ ਜਾਂਦੀ। ਉਹਨਾਂ ਦੇ ਬਾਰੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ, ਪੜ੍ਹੋ ਪਿਆਰ ਨਾਲ-

*ਧਾਰਨਾ – ਵਾਹੁ ਵਾਹੁ ਗੋਬਿੰਦ ਸਿੰਘ ਪਿਆਰਾ,*
*ਆਪੇ ਗੁਰ ਚੇਲਾ।*

*ਸੱਚਾ ਅਮਰ ਗੋਬਿੰਦ ਦਾ ਸੁਣ ਗੁਰੂ ਪਿਆਰੇ।*
*ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।*
*ਵਿਚਿ ਸੰਗਤਿ ਢੋਈ ਨਾਂ ਲਹਿਨਿ ਜੋ ਖਸਮੁ ਵਿਸਾਰੇ।*
*ਗੁਰਮੁਖਿ ਮੱਥੇ ਉਜਲੇ ਸੱਚੇ ਦਰਬਾਰੇ।*
*ਹਰਿ ਗੁਰੁ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੂ ਚੇਲਾ॥*
*ਭਾਈ ਗੁਰਦਾਸ ਜੀ, ੪੧/੨*

ਸਾਰੇ ਧਰਮਾਂ 'ਚ ਜੋ ਅੱਜ ਤੱਕ ਕਿਸੇ ਵੀ ਧਰਮ ਨੇ ਗੱਲ ਨਹੀਂ ਕੀਤੀ, ਉਹ ਗੁਰੂ ਦਸ਼ਮੇਸ਼ ਪਿਤਾ ਨੇ ਕਰਕੇ ਦਿਖਾ ਦਿਤੀ। ਇਕ ਸਾਧਾਰਨ ਜਲ, ਸਾਧਾਰਨ ਪਤਾਸੇ, ਜਦੋਂ ਖੰਡਾ ਤੇ ਬਾਟਾ ਲੈ ਕੇ ਉਹਦੇ ਉਤੇ ਬਾਣੀ ਪੜ੍ਹਨੀ ਸ਼ੁਰੂ ਕੀਤੀ। ਉਹ ਤਿੰਨ ਚੀਜ਼ਾਂ ਭਰ ਦਿਤੀਆਂ, ਜੰਤਰ, ਮੰਤਰ, ਤੰਤਰ। ਇਹਨਾਂ ਦਾ ਬੜਾ ਜ਼ੋਰ ਸੀਗਾ ਉਸ ਵੇਲੇ। ਆਹ ਇਸਲਾਮ ਵਾਲੇ ਮੌਲਵੀ ਵਗੈਰਾ ਜੋ ਸੀ, ਇਹ ਬਹੁਤ ਵੱਡੇ ਮੰਤਰ ਜਾਣਦੇ ਸੀ। ਜਿਹੜੇ ਜੋਗੀ ਸੀ ਇਹ ਵੀ ਵੱਡੇ-ਵੱਡੇ ਮੰਤਰ ਜਾਣਦੇ ਸੀ। ਮਹਾਰਾਜ ਨੇ ਤਿੰਨਾਂ ਤੋਂ ਹੀ ਬਚਾ ਦਿਤਾ ਕਿ ਨਾ ਕੋਈ ਜੰਤਰ ਚੱਲੇ, ਨਾ ਮੰਤਰ ਚੱਲੇ, ਨਾ ਤੰਤਰ ਚੱਲੇ। ਉਹਨਾਂ ਸਾਰਿਆਂ ਤੋਂ ਸ੍ਰੇਸ਼ਟ ਜਲ ਨੂੰ ਮੰਤਰ ਦਿਤਾ। ਪੰਜ ਬਾਣੀਆਂ ਪੜ੍ਹ

ਕੇ ਜਦੋਂ ਪੂਰੇ ਜਲਾਲ ਦੇ ਨਾਲ ਤਿਆਰ ਹੋ ਗਿਆ ਬਾਟਾ, ਉਸ ਵੇਲੇ ਪਾਣੀ ਕੁਛ ਉੱਛਲ ਕੇ ਬਾਹਰ ਗਿਰ ਗਿਆ। ਜੋੜੀ ਚਿੜਿਆਂ ਦੀ ਨੱਠ ਕੇ ਆ ਕੇ ਇਕ-ਇਕ ਘੁੱਟ ਭਰ ਕੇ ਲੈ ਗਈ। ਭਰਨ ਦੀ ਦੇਰ ਸੀ ਉਥੇ ਹੀ ਲੜਨਾ ਸ਼ੁਰੂ ਕਰ ਦਿਤਾ ਉਹਨਾਂ ਨੇ। ਬਾਬਾ ਗੁਰਬਖਸ਼ ਸਿੰਘ ਜੀ, ਬਾਬਾ ਬੁੱਢਾ ਜੀ ਦੇ ਪੋਤਰੇ ਅਨੁਭਵੀ ਮਹਾਂਪੁਰਸ਼ ਤ੍ਰਿਕਾਲਦਰਸ਼ੀ, ਤਿੰਨਾਂ ਕਾਲਾਂ ਦੀ ਸੋਝੀ ਵਾਲੇ। ਨੇਤਰ ਭਰ ਕੇ ਜਦੋਂ ਦੇਖਣ ਲੱਗੇ, ਕਹਿਣ ਲੱਗੇ, ਹੈਂ! ਐਡਾ ਜ਼ਬਰਦਸਤ। ਇਹ ਤਾਂ ਜਲ ਬਣਾ ਦਿਤਾ ਗੁਰੂ ਪਾਤਸ਼ਾਹ ਨੇ। ਉਸੇ ਵੇਲੇ ਉਠ ਕੇ ਚਲੇ ਗਏ ਮਾਤਾ ਜੀਤੋ ਜੀ ਦੇ ਕੋਲ, ਜਾ ਕੇ ਕਹਿਣ ਲੱਗੇ, ਮਾਤਾ ਜੀ! ਗੁਰੂ ਮਹਾਰਾਜ ਨਵਾਂ ਪੰਥ ਸਜਾਉਣ ਲੱਗੇ ਨੇ। ਅੱਜ ਤਕ ਜਿੰਨੇ ਵੀ ਸ਼ੁਭ ਕਾਰਜ ਹੋਏ ਨੇ, ਸ੍ਰੀ ਰਾਮ ਚੰਦਰ ਜੀ ਨੇ ਜਦੋਂ ਰਾਵਣ ਦੇ ਉਤੇ ਚੜ੍ਹਾਈ ਕੀਤੀ। ਉਸ ਵੇਲੇ ਯੱਗ ਕਰਨ ਵੇਲੇ ਸੀਤਾ ਜੀ ਦੀ ਲੋੜ ਪਈ। ਰਾਵਣ ਨੂੰ ਬੇਨਤੀ ਕੀਤੀ ਗਈ ਕਿ ਤੂੰ ਸੀਤਾ ਨੂੰ ਲੈ ਕੇ ਆ। ਚੰਗੇ ਸੀ ਅੱਜਕੱਲ੍ਹ ਦੇ ਰਾਜਿਆਂ ਨਾਲੋਂ। ਵੈਰ ਸੀ, ਸਭ ਕੁਝ ਸੀ। ਲੇਕਿਨ ਬਚਨ ਦੇ ਪੱਕੇ ਸੀ। ਸੀਤਾ ਨੂੰ ਲਿਆਂਦਾ ਗਿਆ, ਯੱਗ ਸੰਪੂਰਨ ਹੋਇਆ। ਕਹਿਣ ਲੱਗੇ, ਤੂੰ ਬ੍ਰਾਹਮਣ ਵੀ ਹੈਂ, ਆਸ਼ੀਰਵਾਦ ਦੇਹ।

ਕਹਿਣ ਲੱਗਿਆ, ਹੇ ਰਾਮ! ਇਸ ਵੇਲੇ ਮੈਂ ਬ੍ਰਾਹਮਣ ਤੈਨੂੰ ਆਸ਼ੀਰਵਾਦ ਦਿੰਦਾ ਕਿ ਤੇਰੀ ਵਿਜੈ ਹੋਵੇ ਰਾਵਣ ਦੇ ਉਤੇ।

ਕਹਿਣ ਲੱਗੇ, ਮਾਤਾ ਜੀ! ਜਦੋਂ ਵੀ ਕੋਈ ਨੇਕ ਕੰਮ ਹੋਇਐ ਤਾਂ ਮਾਤਾਵਾਂ ਨਾਲ ਰਹੀਆਂ ਨੇ। ਅੱਜ ਪੰਥ ਦੀ ਸਾਜਨਾ ਹੋ ਰਹੀ ਹੈ। ਅੱਖਾਂ ਨਾਲ ਮੈਂ ਦੇਖ ਆਇਆ ਹਾਂ, ਇਕ ਹੀ ਘੁੱਟ ਭਰੀ ਹੈ ਚਿੜਿਆਂ ਨੇ, ਲਹੂ ਲੁਹਾਨ ਹੋ ਕੇ ਚੜ੍ਹਾਈ ਕਰ ਗਏ। ਇਹ ਤਾਂ ਬੜਾ ਕਰੂਰ ਪੰਥ ਹੋ ਜਾਏਗਾ। ਮਿਠਾਸ ਪਾਓ ਇਹਦੇ ਵਿਚ ਆ ਕੇ।

ਓਸ ਵੇਲੇ ਮਾਤਾ ਜੀ ਨੇ ਬਹੁਤ ਸਾਰੇ ਪਤਾਸੇ ਲਏ। ਬਾਟੇ 'ਚ ਲਿਆ ਕੇ ਪਾ ਦਿਤੇ। ਮਹਾਰਾਜ ਜੀ ਅਤਿ ਪ੍ਰਸੰਨ ਹੋ ਗਏ। ਕਹਿਣ ਲੱਗੇ, ਤੁਸੀਂ ਮਾਵਾਂ ਵਾਲਾ ਕੰਮ ਕਰਿਆ। ਬਹੁਤ ਚੰਗਾ ਕਰਿਆ ਤੁਸੀਂ। ਇਹ ਐਡਾ ਕਰੂਰ ਪੰਥ ਬਣਨਾ ਸੀ ਕਿ ਦੁਸ਼ਮਣ ਨੇ ਸਾਮ੍ਹਣੇ ਨਹੀਂ ਸੀ ਖੜ੍ਹਨਾ। ਮਾੜੇ ਆਦਮੀ 'ਤੇ ਇਹਦਾ ਜਲਾਲ ਐਨਾ ਹੋਣਾ ਸੀ, ਦੇਖਦੇ ਸਾਰ ਉਹਦੇ 'ਚੋਂ ਬੁਰਿਆਈ ਨਿਕਲ ਜਾਇਆ ਕਰਨੀ ਸੀ। ਚੰਗਾ ਕਰਿਆ ਤੁਸੀਂ ਮਠਿਆਸ ਲਿਆ ਦਿਤੀ। ਇਹ ਸੁਨਹਿਰਾ ਬਾਟਾ ਜਿਹੜਾ ਹੈ ਇਸ ਤੋਂ ਹੁਣ ਭਾਈ ਬਣਨਗੇ ਆਪਸ ਵਿਚ। ਜੇ ਲੜ ਵੀ ਪੈਣਗੇ ਤਾਂ ਇਹਦੀ ਸਾਂਝ ਇਹਨਾਂ ਨੂੰ ਇਕੱਠਾ ਕਰ ਦੇਵੇਗੀ। ਮਿਠਾਸ ਲਿਆ ਦਿਤੀ ਤੁਸੀਂ। ਸੋ ਭਾਈ ਗੁਰਦਾਸ ਜੀ ਜਿਹੜੇ ਗੁਰਦਾਸ ਸਿੰਘ ਜੀ ਹੋਏ ਨੇ, ਉਹ ਇਸ ਵਾਕਏ ਨੂੰ ਲਿਖਦੇ ਨੇ ਕਿ ਐ ਪਿਆਰਿਓ! ਹੁਣ ਸੰਸਾਰ ਦੇ ਵਿਚ ਪਾਹੁਲ ਤੋਂ ਖਾਲੀ ਨਾ ਕੋਈ ਰਹਿਓ। ਕਿਉਂਕਿ ਗੁਰੂ ਤੋਂ ਨਾਮ ਮਿਲਣ ਦਾ ਇੱਕੋ ਹੀ ਤਰੀਕਾ ਹੈ। ਸਮਰੱਥ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਗੁਰੂ ਦਸ਼ਮੇਸ਼ ਪਿਤਾ ਨੇ ਆਪਣੇ ਹੁੰਦੇ-ਹੁੰਦੇ, ਗੁਰੂ ਦੀ ਹਾਜ਼ਰੀ ਦੇ ਅੰਦਰ, ਪੰਜ ਪਿਆਰੇ ਜਿਸਨੂੰ ਪੰਥ ਦੇ ਸ਼੍ਰੋਮਣੀ ਕਹਿੰਦੇ ਨੇ। ਉਹਨਾਂ ਦੇ ਰਾਹੀਂ ਨਾਮ ਦੇਣ ਦੀ ਰੀਤ ਪਾਈ। ਜੋਤ ਗੁਰੂ ਦੀ, ਜੁਗਤ ਪੰਥ ਦੀ। ਸੋ ਪੰਜ ਪਿਆਰਿਆਂ ਦੀ ਹਜ਼ੂਰੀ 'ਚ ਆ ਕੇ ਨਾਮ ਦੀ ਦਾਤ ਪ੍ਰਾਪਤ ਕਰੋ। ਫੇਰ ਇਹ ਮੰਤਰ ਜਿਹੜਾ ਹੈ, ਇਹਦੀ ਕਮਾਈ ਕਰਕੇ, ਨਾਮ ਅੰਦਰੋਂ ਹੀ ਪ੍ਰਗਟ ਹੋ ਜਾਏਗਾ।

ਕਹਿੰਦੇ, ਇਸ ਤਰ੍ਹਾਂ ਹੋ ਵੀ ਜਾਂਦੈ?

ਕਿਉਂਕਿ ਨਾਮ ਐਸੀ ਚੀਜ਼ ਹੈ, ਜਿੰਨਾਂ ਚਿਰ ਕਮਾਏ ਹੋਏ ਹਿਰਦੇ 'ਚੋਂ ਨਾ ਆਵੇ, ਉਹਦੀ ਜੜ੍ਹ ਨਹੀਂ ਲਗਦੀ। ਆਹ ਬੋਹੜ ਦਾ ਦਰਖ਼ਤ ਹੈ, ਇਹਦੀ ਗੋਹਲ ਹੈ ਜਿਹੜੀ, ਰੂੜੀ 'ਚ ਦੱਬ ਦਿਓ, ਤਾਂ ਵੀ ਹਰਾ ਨਹੀਂ ਹੁੰਦਾ। ਪੰਛੀ ਖਾ ਜਾਵੇ ਉਹਦੇ ਮਿਹਦੇ 'ਚੋਂ ਹੋ ਕੇ ਆ ਜਾਵੇ, ਜਿੱਥੇ ਉਹਦੀ ਬਿੱਠ ਗਿਰ ਜਾਵੇ ਉਥੇ ਹੀ ਹਰਾ ਹੋ ਜਾਂਦੈ। ਇਸੇ ਤਰ੍ਹਾਂ ਬੰਦਗੀ ਕਰਨ ਵਾਲਿਆਂ ਦੇ ਮੁਖ ਤੋਂ ਨਾਮ ਦਾ ਉਚਾਰਨ ਹੋ ਜਾਵੇ, ਕੰਨਾਂ ਥਾਈਂ ਹਿਰਦੇ 'ਚ ਚਲਿਆ ਜਾਵੇ, ਉਹ ਨਾਮ ਜਪਣ ਲਗ ਜਾਵੇਗਾ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਨਾਰੰਗਵਾਲ ਵਾਲੇ ਮਹਾਂਪੁਰਸ਼ ਜਿਹੜੇ ਵੱਡੇ ਦੇਸ਼ ਭਗਤ ਵੀ ਸੀ ਤੇ ਨਾਲ ਵੱਡੇ ਮਹਾਂਪੁਰਸ਼, ਬਾਣੀ ਦੇ ਰਸੀਏ, ਆਪ ਲੁਧਿਆਣੇ ਅੰਮ੍ਰਿਤ ਛਕਾਉਣ ਚਲੇ ਗਏ। ਸਕੂਲ ਦੇ ਬੱਚਿਆਂ ਨੇ ਅੰਮ੍ਰਿਤ ਛਕਣਾ ਸੀ। ਚਾਰ ਪਿਆਰੇ ਆ ਗਏ, ਪੰਜਵੇਂ ਨਾ ਆਏ। ਛਾਂਟ-ਛਾਂਟ ਕੇ ਰਖਦੇ ਸੀ ਕਿ ਇਹਦੀ ਲਿਵ ਗੁਰੂ ਨਾਲ ਹਰ ਵਕਤ ਜੁੜੀ ਰਹਿੰਦੀ ਹੈ। ਜਣੇ ਖਣੇ ਨੂੰ ਨਹੀਂ ਫੜ ਕੇ ਕਹਿੰਦੇ ਸੀ ਕਿ ਪੰਜ ਪਿਆਰੇ ਬਣ ਜਾ। ਪਿਆਰਾ ਉਹੀ ਸੀ ਜਿਹਦੇ ਅੰਦਰ ਇਹ ਅਵਸਥਾ ਸੀ -

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*
*ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥*
*ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥*

*ਅੰਗ- ੫੧੭*

ਜਿਹੜੇ ਪਿਆਰ ਕਰਦੇ ਸੀ ਗੁਰੂ ਨਾਲ -

*ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ ਜਿਨ੍ਹੀ ਸਿਞਾਤਾ ਸਾਈ ॥*

*ਅੰਗ- ੧੪੨੫*

ਜਿਹੜੇ ਹਰ ਵਕਤ ਗੁਰੂ ਨਾਲ ਪਿਆਰ ਵਿਚ ਰਹਿੰਦੇ ਸੀ ਉਹਨਾਂ ਨੂੰ ਪੰਜ ਪਿਆਰੇ ਬਣਾਇਆ ਜਾਂਦਾ

ਸੀ ਤੇ ਓਸ ਵੇਲੇ ਭਾਈ ਸਾਹਿਬ ਨੂੰ ਅਨੁਭਵ ਹੋਇਆ ਕਿ ਆ ਗਏ। ਸ਼ਕਲ ਪਹਿਲਾਂ ਆ ਗਈ, ਸਰੀਰ ਪਿਛੋਂ ਆਇਆ। ਕਹਿੰਦੇ, ਕਰੋ ਅਰਦਾਸ। ਆ ਪਹੁੰਚੇ। ਅਰਦਾਸ ਹੋ ਗਈ, ਅਰਦਾਸੀਆ ਸਿੰਘ ਹੈਰਾਨ ਹੋਇਆ ਕਿ ਪੰਜ ਦੀ ਅਰਦਾਸ ਕਰੀ ਹੈ, ਹੈਗੇ ਹਾਜ਼ਰ ਚਾਰ। ਅਰਦਾਸ ਤੋਂ ਬਾਅਦ ਮੱਥਾ ਟੇਕ ਕੇ ਜਦੋਂ ਉੱਠ ਕੇ ਖੜ੍ਹਾ ਹੋਇਆ, ਕੀ ਦੇਖਦੈ, ਪੰਜਵੇਂ ਵੀ ਵਿਚੇ ਖੜ੍ਹੇ ਸੀ। ਭਾਈ ਸਾਹਿਬ ਕਹਿਣ ਲੱਗੇ, ਆ ਗਏ ਤੁਸੀਂ? ਕਹਿੰਦੇ, ਹਾਂ ਜੀ। ਕਹਿੰਦੇ, ਕਿੱਥੋਂ ਆਏ ਹੋਂ? ਕਹਿੰਦੇ, ਜਿੱਥੇ ਯਾਦ ਕਰਿਆ ਸੀ, ਉਥੋਂ ਹੀ ਆਏ ਹਾਂ। ਨਾ ਤਾਂ ਕੋਈ ਵਿੱਥ ਸੀ ਸਮੇਂ ਦੀ ਬਈ 10 ਮੀਲ ਜਾਣੈ, 20 ਮੀਲ ਜਾਣੈ ਕਿ 50 ਮੀਲ ਜਾਣੈ। ਇਧਰੋਂ ਯਾਦ ਕਰਿਆ, ਓਧਰ ਪਹੁੰਚ ਜਾਂਦੇ ਸੀ। ਇਹੋ ਜਿਹੇ ਗੁਰਸਿੱਖ ਸੀਗੇ। ਸੋ ਜਦੋਂ ਅੰਮ੍ਰਿਤ ਦੀ ਤਿਆਰੀ ਹੋ ਗਈ ਤਾਂ ਅੰਮ੍ਰਿਤ ਛਕਾਉਣਾ ਸ਼ੁਰੂ ਹੋਇਆ, ਉਹ ਬੀਬੀ ਜੀ (ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ) ਦੇ ਪਿਤਾ ਜੀ ਸੀਗੇ। ਇਹਨਾਂ ਦੀ ਵਾਰੀ ਮੂਹਰੇ ਸੀ। ਅੰਮ੍ਰਿਤ ਛਕਾਉਣ ਲੱਗੇ, ਪੰਜ ਚੂਲੇ ਸੀਸ 'ਚ ਪਾਏ, ਪੰਜ ਪਿਲਾਏ; ਜਦੋਂ ਨੇਤਰਾਂ 'ਚ ਛਿੱਟਾ ਦੇਣ ਲੱਗੇ, ਪੂਰੇ ਜਲਾਲ ਦੇ ਵਿਚ ਆ ਕੇ ਛਿੱਟਾ ਮਾਰਿਆ, ਕਹਿੰਦੇ, ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਉਹ ਬੱਚਾ ਅੱਧਾ ਤਾਂ ਕਹਿ ਗਿਆ, ਅੱਧਾ ਨਾ ਓਸ ਤੋਂ ਕਹਿ ਹੋਇਆ। ਭਾਈ ਸਾਹਿਬ ਨੇ ਦੇਖਿਆ, ਮੋਢਾ ਹਿਲਾਇਆ ਬੱਚੇ ਦੀ ਸੁਰਤ ਚੜ੍ਹ ਗਈ ਉਤੇ। ਕਹਿਣ ਲੱਗੇ, ਬਾਪੂ ਜੀ ਨੂੰ ਕਿ ਹੁਣ ਕੀ ਹੋਏਗਾ? ਕਹਿੰਦੇ, ਸਾਡੇ ਤੋਂ ਥੋੜ੍ਹਾ ਜਿਹਾ ਜ਼ੋਰ ਜ਼ਿਆਦਾ ਲਗ ਗਿਆ। ਸਾਨੂੰ ਧਿਆਨ ਨਾ ਰਿਹਾ। ਜਲਾਲ ਦੇ ਵਿਚ ਆ ਕੇ ਅੰਮ੍ਰਿਤ ਛਕਾ ਦਿਤਾ। ਕਹਿੰਦੇ, ਹੁਣ ਕੀ ਹੋਊ? ਕਹਿੰਦੇ, ਹੁਣ ਤਾਂ 56 ਘੰਟੇ ਨੂੰ ਸੁਰਤ ਉਤਰੇਗੀ ਇਹਦੀ। ਇਹਨੂੰ ਚੁੱਕ ਕੇ ਇਕ ਪਾਸੇ ਬਿਠਾ ਦਿਓ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਕਹਿਣ ਲੱਗੇ, ਦੇਖੋ ਪਿਆਰਿਓ! ਕੋਈ ਵੀ ਘੱਟ ਨਹੀਂ ਹੈ, ਤੁਹਾਡੇ ਸਾਰਿਆਂ 'ਚੋਂ। ਇਕ ਤੋਂ ਇਕ ਚੜ੍ਹਦੇ ਨੇ। ਥੋੜ੍ਹਾ-ਥੋੜ੍ਹਾ ਜ਼ੋਰ ਲਾਇਓ, ਬਹੁਤਾ ਨਾ ਲਾਇਓ। ਤੇਜ਼ ਨਾ ਦਿਖਾਇਓ, ਜਲਾਲ ਨਾ ਦਿਖਾਇਓ। ਜਿੰਨਾਂ ਕੁ ਭਾਂਡਾ ਹੈ ਓਨੀਂ ਕੁ ਵਸਤੂ ਪਾਓ, ਸਹਿ ਨਹੀਂ ਹੋਣੀ ਇਹਨਾਂ ਤੋਂ। ਅੰਮ੍ਰਿਤ ਛਕਾ ਦਿਤਾ, ਸ੍ਰੀ ਅਖੰਡ ਪਾਠ ਸਾਹਿਬ ਸ਼ੁਰੂ ਹੋ ਗਿਆ। ਉਸ ਤੋਂ ਬਾਅਦ 48 ਘੰਟੇ ਬਾਅਦ ਜਦੋਂ ਪਾਠ ਦਾ ਭੋਗ ਪਿਆ, ਪਹਿਲਾਂ ਪੂਰੇ 48 ਘੰਟੇ ਬਾਅਦ ਭੋਗ ਪਾਇਆ ਜਾਂਦਾ ਸੀ, ਪਹਿਲਾਂ ਨਹੀਂ ਸੀ ਪਾਉਂਦੇ। ਓਸ ਤੋਂ ਬਾਅਦ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਗਿਆ। 8 ਘੰਟੇ ਕੀਰਤਨ ਹੁੰਦੇ ਨੂੰ ਹੋ ਗਏ। 56 ਘੰਟੇ ਬਾਅਦ ਬੱਚਾ ਹਿੱਲਣ ਲਗ ਗਿਆ। ਹਿਲਦਾ-ਹਿਲਦਾ ਧਰਤੀ ਤੋਂ ਉੱਚਾ ਉੱਠ ਗਿਆ, ਉਠ ਕੇ ਸਾਰਿਆਂ ਦੇ ਸਿਰ ਤੋਂ ਉੱਚਾ ਹੋ ਗਿਆ। ਭਾਈ ਸਾਹਿਬ ਕਹਿੰਦੇ ਉਹਨੇ ਲੱਤਾਂ ਖੋਲ੍ਹ ਲਈਆਂ ਤੇ ਸੰਗਤ ਦੇ ਉਤੇ ਤੈਰਨ ਲਗ ਗਿਆ, ਜਿਵੇਂ ਮੱਛੀ ਤੈਰਦੀ ਹੁੰਦੀ ਹੈ। ਸਾਡੇ ਸੀਸ ਤੋਂ ਹੋ ਕੇ, ਵਾਜਿਆਂ ਦੇ ਉਤੇ ਦੀ ਹੋ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਮ੍ਹਣੇ ਦੀ ਆ ਕੇ ਲੰਮਾ ਪੈ ਗਿਆ। ਬਾਪੂ ਜੀ ਆਏ, ਕਹਿਣ ਲੱਗੇ, ਭਾਈ ਸਾਹਿਬ ਇਸ ਦੀ ਰੂਹ ਇਸ ਵੇਲੇ ਨਿਰੰਕਾਰ ਦੇ ਦਰਵਾਜ਼ੇ ਦੇ ਬਾਹਰ ਖੜ੍ਹੀ ਸੰਜੋਗ ਮੰਗ ਰਹੀ ਹੈ। ਤੁਸੀਂ ਲਾਵਾਂ ਦਾ ਕੀਰਤਨ ਸ਼ੁਰੂ ਕਰ ਦਿਓ। ਭਾਈ ਸਾਹਿਬ ਲਿਖਦੇ ਨੇ ਕਿ ਅਸੀਂ ਲਾਵਾਂ ਦਾ ਕੀਰਤਨ ਸ਼ੁਰੂ ਕਰ ਦਿਤਾ। ਉਸ ਤੋਂ ਬਾਅਦ ਉਸ ਬੱਚੇ ਨੂੰ ਹੋਸ਼ ਆਈ। ਸਰੀਰ ਵਿਚ ਮੁੜਿਆ, ਧਰਤੀ 'ਤੇ ਪੈਰ ਰੱਖੇ, ਧਰਤੀ 'ਤੇ ਪੈਰ ਨਾ ਲੱਗੇ। ਉੱਚਾ ਹੀ ਰਹੇ।

ਇਹ ਅੰਮ੍ਰਿਤ ਐਵੇਂ ਹੀ ਕੋਈ ਚੀਜ਼ ਨਹੀਂ ਕਿ ਐਵੇਂ ਹੀ ਛਕਾਈ ਜਾਓ। ਇਹਦਾ ਬੜਾ ਮੁੱਲ ਦੇਣਾ ਪੈਂਦੈ।

ਗੁਰੂ ਦਸ਼ਮੇਸ਼ ਪਿਤਾ ਜੀ ਨੇ ਜਦੋਂ ਅੰਮ੍ਰਿਤ ਛਕਾ ਦਿਤਾ। ਪੰਜ ਪਿਆਰਿਆਂ ਦੇ ਬਾਰੇ ਐਸਾ ਲਿਖਿਆ ਹੋਇਐ। ਹੁਣ ਤਾਂ ਐਡੇ ਕਮਜ਼ੋਰ ਬੰਦੇ ਆ ਗਏ, ਲਿਖਣ ਵਾਲੇ, ਬੋਲਣ ਵਾਲੇ, ਕਹਾਣੀਆਂ ਹੀ ਹੋਰ ਤਰ੍ਹਾਂ ਦੀਆਂ ਬਣਾ ਲੈਂਦੇ ਨੇ। ਜਦੋਂ ਤਾਂ ਬਾਬੇ ਅਟੱਲ ਦੀ ਸਾਖੀ ਦੱਸਣਗੇ ਕਿ ਬਾਬੇ ਅਟੱਲ ਨੇ ਮੋਹਨ ਤੋਂ ਪਿੱਤ ਲੈਣ ਵਾਸਤੇ ਰਾਤ ਦੇ ਮਰੇ ਹੋਏ ਦੇ ਗਲ ਵਿਚ ਖੂੰਡੀ ਪਾ ਕੇ ਕਿਹਾ ਕਿ ਮੋਹਨ ਸਾਡੀ ਪਿੱਤ ਦੇ ਕੇ ਜਾ। ਮੋਹਨ ਉੱਠ ਕੇ ਬਹਿ ਗਿਆ।

ਬਾਬਾ ਗੁਰਦਿੱਤਾ ਜੀ ਸਮੇਂ, ਗਊ ਮਰ ਗਈ ਕੀਰਤਪੁਰ ਸਾਹਿਬ। ਪਹਾੜੀਆਂ ਨੇ ਰੌਲਾ ਪਾ ਦਿਤਾ ਕਿ ਅਸੀਂ ਰਾਜੇ ਕੋਲ ਸ਼ਿਕਾਇਤ ਕਰਾਂਗੇ। ਗੁਰੂ ਛੇਵੇਂ ਪਾਤਸ਼ਾਹ ਨੇ ਸ਼ਸਤਰ ਉਤਾਰ ਦਿਤੇ ਸੀ। ਓਸ ਵੇਲੇ ਬਾਬਾ ਗੁਰਦਿੱਤਾ ਜੀ ਕਹਿਣ ਲੱਗੇ ਕਿ ਚੰਗਾ, ਤੁਸੀਂ ਸ਼ਿਕਾਇਤ ਨਾ ਕਰਿਓ, ਗੜਵੇ 'ਚੋਂ ਪਾਣੀ ਲਿਆ, 'ਸਤਿਨਾਮੁ ਵਾਹਿਗੁਰੂ' ਐਨਾ ਹੀ ਕਿਹਾ, ਗਊ ਉੱਠ ਕੇ ਖੜ੍ਹ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਆਉਂਦੈ ਕਿ ਨਾਮਦੇਵ ਜੀ ਦੇ ਕੋਲ ਮਰੀ ਹੋਈ ਗਊ ਰੱਖ ਦਿਤੀ ਕਿ ਇਹਨੂੰ ਜਿਉਂਦੀ ਕਰ। ਗਊ ਜਿਉਂਦੀ ਕਰ ਕੇ, ਉਹਦਾ ਦੁੱਧ ਕੱਢ ਕੇ, ਰਾਜੇ ਸਲੇਮ ਸ਼ਾਹ ਨੂੰ ਪਿਲਾ ਦਿਤਾ।

ਸ੍ਰੀ ਗੁਰੂ ਅਮਰਦਾਸ ਜੀ ਬੈਠੇ ਨੇ ਇਕ ਚੀਕ ਸੁਣੀ ਬਹੁਤ ਜ਼ੋਰ ਦੀ। ਮਹਾਰਾਜ ਕਹਿਣ ਲੱਗੇ, ਜਾਓ ਭਾਈ! ਪਤਾ ਕਰੋ ਕੌਣ ਦੁਖੀ ਹੈ। ਆ ਕੇ ਦੱਸਿਆ ਕਿ ਮਹਾਰਾਜ! ਬ੍ਰਾਹਮਣੀ ਦਾ ਇਕਲੌਤਾ ਪੁੱਤਰ ਮਰ ਗਿਆ। ਮਹਾਰਾਜ ਕਹਿੰਦੇ, ਰੋਵੇ ਨਾ, ਜਾਓ ਕਹੋ ਸਾਡੇ ਕੋਲ ਸਵੇਰੇ ਲੈ ਆਵੇ। ਸਵੇਰੇ ਲਿਆਂਦਾ। ਮਹਾਰਾਜ ਜੀ ਨੇ ਚਰਨ ਲਾ ਦਿਤਾ, ਉਸੇ ਵੇਲੇ ਉੱਠ ਕੇ ਖੜ੍ਹਾ ਹੋ

ਗਿਆ।

ਸ੍ਰੀ ਅੰਗਦ ਸਾਹਿਬ ਦੇ ਪਾਸ ਸਿੱਖਾਂ ਨੇ ਬੇਨਤੀ ਕਰੀ ਪਾਤਸ਼ਾਹ ਕਲ੍ਹ ਬਾਬਾ ਅਮਰਦਾਸ ਜੀ ਦੇ ਨਾਲ ਅਸੀਂ ਤੁਰੇ ਜਾਂਦੇ ਸੀ। ਰਸਤੇ ਦੇ ਵਿਚ ਇਕ ਹੱਡੀ ਪਈ ਸੀ। ਉਸ ਨੂੰ ਇਹਨਾਂ ਦਾ ਚਰਨ ਲਗ ਗਿਆ। ਸਾਡੇ ਦੇਖਦੇ-ਦੇਖਦੇ ਸਾਹਾ (ਖਰਗੋਸ਼) ਬਣ ਗਿਆ, ਉਹ ਨੱਠ ਗਿਆ। ਕੀੜੇ ਮਰੇ ਪਏ ਸੀ, ਚਰਨ ਲਗ ਜਾਣ ਉੱਠ ਕੇ ਤੁਰ ਜਾਣ। ਸੱਚੇ ਪਾਤਸ਼ਾਹ! ਇਕ ਹੋਰ ਦੇਖਿਆ, ਇਕ ਹੱਡੀ ਪਈ ਕਿਸੇ ਮਨੁੱਖ ਦੀ ਇਹਨਾਂ ਦਾ ਚਰਨ ਸਹਿ ਸੁਭਾਅ ਲਗ ਗਿਆ। ਲਗਦੇ ਸਾਰ ਧੂੰਆਂ ਜਿਹਾ ਉਠਿਆ, ਮਨੁੱਖ ਬੋਲਣ ਲਗ ਗਿਆ ਉਹਦੇ ਵਿਚੋਂ।

ਸੋ ਆਹ ਗੱਲਾਂ ਅਸੀਂ ਸਾਰੀਆਂ ਮੰਨ ਲੈਂਦੇ ਹਾਂ। ਕੋਈ ਇਤਰਾਜ਼ ਨਹੀਂ ਕਰਦਾ। ਜਦੋਂ ਗੁਰੂ ਦਸ਼ਮੇਸ਼ ਪਿਤਾ ਦੀ ਗੱਲ ਆਉਂਦੀ ਹੈ ਨਾ, ਉਹਨਾਂ ਦੀ ਕਰਨੀ ਕਮਾਈ ਨੂੰ ਐਨਾ ਛੋਟਾ ਕਰ ਦਿੰਦੇ ਹਾਂ ਕਿ ਮਹਾਰਾਜ ਨੇ ਬੱਕਰੇ ਬੰਨ੍ਹ ਦਿਤੇ ਪੰਜ। ਅੰਦਰ ਲੈ ਜਾਂਦੇ ਸੀ ਤੇ ਬੱਕਰੇ ਦਾ ਗਲ ਵੱਢ ਦਿੰਦੇ ਸੀ। ਬੰਦਾ ਨਹੀਂ ਮਾਰਿਆ। ਓਸ ਵੇਲੇ ਦਾ ਅਖਬਾਰ ਨਵੀਸ ਸੀ, ਔਰੰਗਜ਼ੇਬ ਦਾ, ਉਹਨੇ ਰਿਪੋਰਟ ਦਿਤੀ। ਕਹਿਣ ਲੱਗਿਆ, ਬਾਦਸ਼ਾਹ ਸਲਾਮਤ! ਗੁਰੂ ਨੇ ਐਲਾਨ ਕੀਤਾ ਕਿ ਸਾਰੇ ਇਕ ਪੰਗਤ ਵਿਚ ਬੈਠ ਕੇ ਖਾਓ। ਇਕੱਠੇ ਖਾਓ, ਇਕ ਬਾਟੇ 'ਚ। ਸਾਰੇ ਇਕ ਬਾਟੇ 'ਚੋਂ ਅੰਮ੍ਰਿਤ ਛਕੋ। ਜਾਤ-ਪਾਤ ਕੋਈ ਨਹੀਂ, ਕਿਸੇ ਮੜ੍ਹੀ-ਮਸਾਣੀ, ਦੇਵੀ-ਦੇਵਤੇ ਨੂੰ ਨਹੀਂ ਮੰਨਣਾ। ਅੱਜ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ -

*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥*
*ਅੰਗ - ੭੫੦*

ਇਹ ਸੀਸ ਹੋਰ ਕਿਸੇ ਅੱਗੇ ਨਹੀਂ ਅੱਜ ਤੋਂ ਬਾਅਦ ਝੁੱਕਣਾ। ਓਸ ਵੇਲੇ ਕੁਝ ਬ੍ਰਾਹਮਣ ਤੇ ਕੁਝ ਸਿਆਣੇ ਖੱਤਰੀ ਉੱਠ ਕੇ ਖੜ੍ਹ ਗਏ, ਕਹਿਣ ਲੱਗੇ, ਅਸੀਂ ਆਹ ਮੁੰਡੇ ਦੀ ਗੱਲ ਨਹੀਂ ਮੰਨ ਸਕਦੇ। ਚਾਰ ਯੁੱਗ ਦਾ ਧਰਮ ਅਸੀਂ ਨਹੀਂ ਛੱਡ ਸਕਦੇ। ਥੋੜ੍ਹੇ ਜਿਹੇ ਨਿਕਲੇ, ਮਹਾਰਾਜ, ਬਾਕੀ ਮਹਾਰਾਜ! ਜਿਹੜੀ ਗੱਲ ਮੈਂ ਤੁਹਾਨੂੰ ਦੱਸਣੀ ਹੈ ਉਹ ਇਹ ਹੈ ਕਿ ਜਦੋਂ ਸੀਸ ਮੰਗਣੇ ਸ਼ੁਰੂ ਕੀਤੇ। ਸੀਸ ਦਿਤਾ ਪਹਿਲੇ ਨੇ, ਸਾਰਿਆਂ ਦੇ ਸਾਮ੍ਹਣੇ ਗਰਦਨ ਕੱਟ ਦਿਤੀ ਓਸਦੀ। ਕਿਤੇ ਅੰਦਰ ਨਹੀਂ ਲੈ ਕੇ ਗਏ। ਉਥੇ ਸੁੱਟ ਦਿਤਾ। ਦੂਜਾ ਮੰਗਿਆ, ਦੂਜੇ ਦੀ ਗਰਦਨ ਕੱਟ ਦਿਤੀ, ਤੀਜਾ ਮੰਗਿਆ ਤੀਸਰੇ ਦੀ ਕੱਟ ਦਿਤੀ। ਮੈਂ ਡਰ ਗਿਆ। ਅੱਖਾਂ 'ਤੇ ਹੱਥ ਰੱਖ ਲਏ ਮੇਰੇ ਤੋਂ ਦੇਖ ਨਾ ਹੋਵੇ। ਇਸ ਤਰ੍ਹਾਂ ਪੰਜਾਂ ਦੇ ਸੀਸ ਕੱਟੇ। ਉਸ ਤੋਂ ਬਾਅਦ ਆਬ-ਏ-ਹਿਆਤ ਤਿਆਰ ਕੀਤਾ। ਉਸ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਜੋੜ ਦਿਤੇ। ਮੈਨੂੰ ਨਹੀਂ ਪਤਾ ਕੀਹਦਾ ਸਿਰ ਕੀਹਦੇ ਧੜ ਨਾਲ ਜੋੜਿਆ। ਕਿਉਂਕਿ ਮੈਂ ਡਰਿਆ ਹੋਇਆ ਸੀ, ਦੂਰ ਬੈਠਾ ਸੀ। ਮੈਨੂੰ ਡਰ ਸੀ ਕਿ ਥੱਲੇ ਉਤਰ ਕੇ ਮੈਨੂੰ ਹੀ ਨਾ ਵੱਢ ਦੇਣ। ਕਹਿੰਦਾ, ਮੈਂ ਹੈਰਾਨ ਹੋ ਗਿਆ, ਜਦੋਂ ਉਹਨਾਂ ਦੇ ਛਿੱਟਾ ਮਾਰਿਆ, ਉੱਠ ਕੇ ਉਵੇਂ ਜਿਵੇਂ ਖੜ੍ਹੇ ਹੋ ਗਏ ਸਾਰੇ।

ਸੋ ਸਾਧਸੰਗਤ ਜੀ! ਅਸੀਂ ਉਸ ਅੰਮ੍ਰਿਤ ਨੂੰ ਐਨਾ ਛੋਟਾ ਬਣਾ ਦਿੰਦੇ ਹਾਂ। ਇਕ ਡਰਾਮਾ ਬਣਾ ਦਿੰਦੇ ਹਾਂ ਕਿ ਤੰਬੂ 'ਚ ਲੈ ਗਏ। ਬੱਕਰੇ ਲੈ ਗਏ, ਉਹਦੇ ਉਤੇ ਬਹਿਸ ਚਲਦੀ ਹੈ ਬਹੁਤ। ਜਦ ਸਾਧੂ ਜਿਉਂਦਾ ਕਰ ਦਿੰਦੇ ਨੇ। ਸਮਸ਼ ਤਬਰੇਜ਼ ਦੇ ਮੂਹਰੇ ਮਰਿਆ ਹੋਇਆ ਬੱਚਾ ਲਿਆ ਕੇ ਰੱਖ ਦਿਤਾ। ਉਹ ਕਹਿੰਦਾ, ਓ ਲੜਕੇ, ਖ਼ੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ, ਮੁਲਤਾਨ ਦਾ ਸੀ ਪੀਰ। ਬੱਚਾ ਖੜ੍ਹਾ ਨਹੀਂ ਹੁੰਦਾ। ਦੂਸਰੀ ਵਾਰ ਕਿਹਾ, ਓ ਲੜਕੇ ਖ਼ੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ। ਨਹੀਂ ਹੋਇਆ। ਫੇਰ ਕਿਹਾ, ਤੀਜੀ ਵਾਰ। ਪਰ ਉਹ ਖੜ੍ਹਾ ਨਹੀਂ ਹੋਇਆ। ਕਹਿਣ ਲੱਗੇ, ਨਵਾਬ ਸਾਹਿਬ! ਖ਼ੁਦਾ ਦਾ ਹੁਕਮ ਨਹੀਂ ਮੰਨਦਾ ਤੁਹਾਡਾ ਲੜਕਾ। ਕਹਿੰਦੇ, ਪੀਰ ਜੀ! ਕੁਛ ਕਰੋ, ਮੇਰਾ ਬੱਚਾ ਜਿਉਂਦਾ ਹੋਣਾ ਚਾਹੀਦੈ। ਕਹਿੰਦੇ, ਓ ਲੜਕੇ, ਦਰਵੇਸ ਕੇ ਹੁਕਮ ਸੇ ਉਠ ਕੇ ਖੜ੍ਹਾ ਹੋ ਜਾ। ਬੱਚਾ ਦਿਕ ਦਮ ਉੱਠ ਕੇ ਖੜ੍ਹਾ ਹੋ ਗਿਆ।

ਇਕ ਮਿਸਾਲ ਨਹੀਂ ਦੁਨੀਆਂ ਦੇ ਇਤਿਹਾਸ ਦੇ ਅੰਦਰ, ਬੇਅੰਤ ਮਿਸਾਲਾਂ ਈਸਾ ਜੀ ਦੀਆਂ, ਸਾਰੇ ਧਰਮਾਂ ਦੀਆਂ ਨੇ। ਜਦੋਂ ਸ੍ਰੀ ਗੁਰੂ ਦਸ਼ਮੇਸ਼ ਪਿਤਾ ਜੀ ਦੀ ਵਡੱਤਣ ਆਉਂਦੀ ਹੈ, ਉਥੇ ਪਤਾ ਨਹੀਂ ਕਿਹੜੇ ਬੰਦੇ ਰਲ ਗਏ, ਕਿਨ੍ਹਾਂ ਨੇ ਲਿਖ ਦਿਤਾ। ਉਥੇ ਬੱਕਰਿਆਂ ਦੀ ਗਲ ਲਿਖਣੀ ਸ਼ੁਰੂ ਕਰ ਦਿਤੀ।

ਆਹ ਗੱਲ ਨਹੀਂ ਸਾਧਸੰਗਤ ਜੀ! ਅੰਮ੍ਰਿਤ 'ਚ ਤਾਕਤ ਹੈ ਬਹੁਤ। ਇਹਦਾ ਨਾਉਂ ਤਾਂਹੀ ਅੰਮ੍ਰਿਤ ਰੱਖਿਆ ਹੈ। ਇਕ ਅੰਮ੍ਰਿਤ ਤੁਹਾਡੇ ਅੰਦਰ ਹੈ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥* *ਅੰਗ- ੬੪੪*

ਦੂਜਾ ਇਹ ਜਲ ਬਣਾਇਆ, ਇਹਦੀ ਮਹੱਤਤਾ ਐਨੀ ਜ਼ਬਰਦਸਤ। ਸ੍ਰੀ ਗੁਰੂ ਦਸ਼ਮੇਸ਼ ਪਿਤਾ ਨੇ ਪੰਜਾਂ ਪਿਆਰਿਆਂ ਨੂੰ ਕਿਹਾ ਕਿ ਹੁਣ ਤੁਸੀਂ ਇਥੇ ਬੈਠੋ, ਮੈਂ ਇਧਰ ਬੈਠਦਾ ਹਾਂ। ਆਹ ਉੱਚੀ ਥਾਂ ਬੈਠੋ ਤੁਸੀਂ, ਆਪਣੀ ਥਾਂ ਬਿਠਾ ਦਿਤਾ। ਹੈਰਾਨ ਹੋ ਗਏ। ਭਾਈ ਦਇਆ ਸਿੰਘ ਕਹਿਣ ਲੱਗੇ, ਪਾਤਸ਼ਾਹ! ਅਸੀਂ ਆਪ ਦਾ ਤੇਜ ਪ੍ਰਤਾਪ ਸਹਿਨ ਨਹੀਂ ਕਰ ਸਕਦੇ। ਸਾਨੂੰ ਉੱਚਾ ਨਾ ਬਿਠਾਓ ਅਸੀਂ ਗੁਰਸਿੱਖ ਹਾਂ।

ਕਹਿੰਦੇ, ਭਾਈ ਦਇਆ ਸਿੰਘ! ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਉੱਚਾ ਬਿਠਾਇਆ ਸੀ ਕਿ ਨਹੀਂ ਤੇ ਆਪ ਨਮਸ਼ਕਾਰ ਕੀਤੀ ਸੀ? ਓਹੀ ਸ੍ਰੀ ਗੁਰੂ ਨਾਨਕ ਅੱਜ ਦਸਵੇਂ ਜਾਮੇ 'ਚ

ਆਇਐ, ਅੱਜ ਪੂਰਾ ਕਰਨੈ ਪੰਥ। ਜਿਵੇਂ ਅਸੀਂ ਅੰਮ੍ਰਿਤ ਤਿਆਰ ਕਰਿਆ ਸੀ। ਤੁਸੀਂ ਵਾਰੀ-ਵਾਰੀ ਕਰੋ ਸਾਰੇ। ਵਾਰੀ-ਵਾਰੀ ਅੰਮ੍ਰਿਤ ਤਿਆਰ ਕੀਤਾ। ਸ੍ਰੀ ਗੁਰੂ ਦਸ਼ਮੇਸ਼ ਪਿਤਾ ਸਾਮ੍ਹਣੇ ਖੜ੍ਹੇ ਨੇ, ਕਹਿੰਦੇ, ਮੈਨੂੰ ਅੰਮ੍ਰਿਤ ਦੀ ਦਾਤ ਦਿਓ। ਮੇਰਾ ਨਾਉਂ ਗੋਬਿੰਦ ਰਾਏ ਤੋਂ, ਗੋਬਿੰਦ ਸਿੰਘ ਮੈਨੂੰ ਵੀ ਕਰ ਦਿਓ, ਮੈਂ ਤੁਹਾਡੇ ਵਿਚ ਰਲ ਜਾਵਾਂਗਾ। ਨਹੀਂ ਮੈਂ ਅੱਡ ਰਹਿ ਜਾਵਾਂਗਾ।

ਸੋ ਅੰਮ੍ਰਿਤ ਦੀ ਦਾਤ ਕੋਈ ਸੁਖਾਲੀ ਚੀਜ਼ ਨਹੀਂ। 91000 ਤੋਂ ਉਤੇ ਅੰਮ੍ਰਿਤ ਛਕਾ ਦਿਤਾ ਇਸ ਜੱਥੇ ਨੇ 10 ਸਾਲ 'ਚ। ਲੇਕਿਨ ਹੁਣ ਮੈਂ ਥੋੜ੍ਹਾ ਜਿਹੀ ਇਸ ਗੱਲ ਦਾ ਬਦਲਾਵ ਕੀਤੈ, ਕਿ ਇਸ ਤਰ੍ਹਾਂ ਨਾ ਅੰਮ੍ਰਿਤ ਛਕਾਓ। ਐਡੀ ਕੀਮਤੀ ਚੀਜ਼ ਜਦੋਂ ਅਨ-ਅਧਿਕਾਰੀਆਂ ਦੇ ਪੱਲੇ ਪੈ ਜਾਂਦੀ ਹੈ, ਉਹ ਮੁੜ ਕੇ ਸ਼ਰਾਬ ਪੀ ਲੈਂਦੇ ਨੇ। ਮੁੜ ਕੇ ਪਿੱਠ ਦੇ ਦਿੰਦੇ ਨੇ ਗੁਰੂ ਨੂੰ। ਗਿਣਤੀਆਂ ਨਾ ਵਧਾਓ, ਕੁਆਲਿਟੀ ਵਧਾਓ। ਜਿਹਨੂੰ ਸ਼ੌਂਕ ਹੋਏਗਾ, ਰਤਵਾੜਾ ਸਾਹਿਬ ਪਹੁੰਚੋ, ਪੂਰਨਮਾਸ਼ੀ ਨੂੰ ਅੰਮ੍ਰਿਤ ਛਕੋ। ਭਾਈ ਗੁਰਦਾਸ ਸਿੰਘ ਜੀ ਇਸ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ। ਪੜ੍ਹੋ ਪਿਆਰ ਨਾਲ -

*ਧਾਰਨਾ - ਪੀਵਹੁ ਪਾਹੁਲ ਖੰਡੇਧਾਰ*
*ਹੋਵੇ ਜਨਮ ਸੁਹੇਲਾ।*

*ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*

*ਭਾਈ ਗੁਰਦਾਸ ਜੀ, ਵਾਰ ੪੧/੧*

ਪੁਰਾਣੀਆਂ ਰਸਮਾਂ, ਰੀਤਾਂ, ਰਿਵਾਜਾਂ, ਵਹਿਮਾਂ ਸਾਰਿਆਂ ਦੇ ਵਿਚੋਂ ਕੱਢ ਕੇ ਮਨੁੱਖ ਨੂੰ ਅਜ਼ਾਦ ਕਰ ਦਿਤਾ। ਗੁਰੂ ਦਸ਼ਮੇਸ਼ ਪਿਤਾ ਕਹਿਣ ਲੱਗੇ, ਪਿਆਰਿਓ! ਇਕ ਨੂੰ ਮੰਨ ਲਓ, 33 ਕਰੋੜ ਨੂੰ ਨਾ ਮੰਨੋ। ਕਿਸੇ ਨੇ ਸਹਾਇਤਾ ਨਹੀਂ ਕਰਨੀ। ਇਕ ਪੀਰ ਨੂੰ ਮੰਨ ਲਓ, ਪੰਜ-ਪੰਜ ਨੂੰ ਇਕੱਠੇ ਨਾ ਮੰਨੋ। ਕਿਹੜਾ ਬਹੁੜੇਗਾ ਤੁਹਾਡੀ ਸਹਾਇਤਾ ਕਰਨ ਵਾਸਤੇ। ਤੁਸੀਂ ਜੇ ਨਾਮ ਜਪਣੈ, ਪ੍ਰਮੇਸ਼ਰ ਦਾ ਨਾਮ ਜਪ ਲਓ। ਤੁਹਾਨੂੰ ਮੈਂ ਤੇਜ ਦਿਤੈ -

*ਸਵਾ ਲਾਖ ਸੇ ਏਕ ਲੜਾਊਂ।*
*ਚਿੜੀਆਂ ਕੋਲੋਂ ਬਾਜ ਤੁੜਾਊਂ।*
*ਤਬੈ ਗੋਬਿੰਦ ਸਿੰਘ ਨਾਮ ਕਹਾਊਂ।*
*ਚੜ੍ਹੈ ਸਿੰਘ ਤਿਸ ਮੁਕਤ ਕਰਾਊਂ।*

ਤੁਹਾਡੇ ਅੰਦਰ ਮੈਂ ਤੇਜ ਭਰਿਐ। ਆਪਣਾ ਤੇਜ, ਜਲਾਲ ਭਰਿਐ। ਤੁਸੀਂ ਕਿਸੇ ਦੇ ਅੱਗੇ ਨਿਵਣਾ ਨਹੀਂ ਹੈ। ਨਾ ਕਿਸੇ ਨੂੰ ਨਿਵਾਉਣੈ। ਨਾ ਕਿਸੇ ਤੋਂ ਡਰਨੈ, ਨਾ ਕਿਸੇ ਨੂੰ ਡਰਾਉਣੈ। ਕਾਲ ਤੁਹਾਡੇ ਮੂਹਰੇ ਕੋਈ ਚੀਜ਼ ਨਹੀਂ, ਇਕ ਬਦਲੀ ਹੈ। ਸਰੀਰ ਇਕ ਪੁਰਾਣਾ ਕੱਪੜਾ ਲਾਹ ਕੇ ਪਰ੍ਹੇ ਕਰ ਦਿਤਾ, ਨਵਾਂ ਫੇਰ ਪਹਿਨ ਲਿਆ। ਮੌਤ ਤੋਂ ਨਹੀਂ ਡਰਨਾ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*

*ਅੰਗ- ੧੩੬੫*

ਤੇ ਤੁਸੀਂ ਜੁੜੋ ਜ਼ਿੰਦਗੀ ਦੇ ਨਾਲ, ਜੋ ਸਾਰਿਆਂ ਦੀ ਜ਼ਿੰਦਗੀ ਹੈ। ਜਦੋਂ ਤੁਸੀਂ ਉਹਦੇ ਨਾਲ ਜੁੜੋਂਗੇ, ਮੌਤ ਨਾਮ ਦੀ ਚੀਜ਼ ਤੁਹਾਡੇ ਨੇੜੇ ਨਹੀਂ ਆਏਗੀ, ਅਮਰ ਜ਼ਿੰਦਗੀ ਪ੍ਰਾਪਤ ਹੋ ਜਾਏਗੀ। ਉਹਦਾ ਧਿਆਨ ਧਰੋ -

*ਧਾਰਨਾ - ਜਪੋ ਖ਼ਾਲਸਾ ਤੁਸੀਂ ਜਾਗਦੀ ਜੋਤ ਨੂੰ।*

*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ।*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖ਼ਾਲਸ ਜਾਨੈ॥*

ਇਕ ਸਾਡੇ ਕੋਲ ਪ੍ਰੇਮੀ ਆ ਗਿਆ। ਫਿੱਡਿਆਂ ਪਿੰਡ ਦਾ ਸੀ। ਭੁਪਿੰਦਰ ਸਿੰਘ ਉਹਦਾ ਨਾਂ ਸੀ। ਦਿੱਲੀ ਉਹ ਗੱਡੀ ਚਲਾਇਆ ਕਰਦਾ ਸੀ। ਟੈਕਸੀਆਂ ਸੀ ਉਹਦੀਆਂ। ਕਹਿੰਦਾ, ਬਾਬਾ ਜੀ! ਮੈਂ ਬਹੁਤ ਬੀਮਾਰ ਹਾਂ, ਮੈਨੂੰ ਇਕ ਪੀਰ ਨੇ ਫੜਿਆ ਹੋਇਐ। ਉਹ ਤਾਂ ਖਾ ਰਿਹੈ ਮੇਰੇ ਅੰਦਰੋਂ। ਉਹ ਗਿਰ ਜਾਇਆ ਕਰੇ। ਗੁਰਦੁਆਰੇ ਆ ਗਿਆ। ਸਿੰਘ ਚੁੱਕ ਕੇ ਲਿਆਇਆ ਕਰਨ, ਕੁੰਭ ਦਾ ਜਲ ਦਿਆ ਕਰੀਏ। ਠੀਕ ਹੋ ਜਾਇਆ ਕਰੇ।

ਮੈਂ ਕਿਹਾ ਤੂੰ ਅੰਮ੍ਰਿਤ ਛਕ, ਤਿਆਰ-ਬਰ-ਤਿਆਰ ਸਿੰਘ ਬਣ। ਪੀਰ ਦੀ ਕੀ ਤਾਕਤ ਕਿ ਤੇਰੇ ਕੋਲ ਆ ਜਾਏ। ਇਹਦਾ ਤਾਂ ਨਿਗੁਰਿਆਂ ਕੋਲ ਆਉਣਾ ਹੁੰਦੈ, ਜਿਨ੍ਹਾਂ ਦੇ ਜੀਵਨ ਕਮਜ਼ੋਰ ਹੁੰਦੇ ਨੇ, ਭੂਤ ਪ੍ਰੇਤ ਉਹਨਾਂ ਦੇ ਕੋਲ ਆਉਂਦੇ ਨੇ ਕਿਉਂਕਿ ਉਹ ਆਪ ਭੂਤ ਹੁੰਦੇ ਨੇ। ਭੂਤਾਂ ਨੂੰ ਮਿਲਣ ਵੀ ਭੂਤ ਆ ਜਾਂਦੇ ਨੇ -

*ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥*
*ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥*

*ਅੰਗ- ੧੩੭੪*

ਜਿਹੜੇ ਪ੍ਰਮੇਸ਼ਰ ਤੋਂ ਬੇਮੁਖ ਨੇ, ਕਦੇ ਭੁੱਲ ਕੇ ਵੀ ਸੰਗਤ ਵਿਚ ਨਹੀਂ ਆਉਂਦੇ ਤੇ ਨਾਮ ਨਹੀਂ ਜਪਦੇ। ਪਾਠ ਨਹੀਂ ਕਰਦੇ। ਉਥੇ ਕਿਨ੍ਹਾਂ ਨੇ ਰਹਿਣੈ। ਉਥੇ ਤਾਂ ਭੂਤ ਹੀ ਰਹਿਣਗੇ।

ਸੋ ਤੂੰ ਨਾਮ ਜਪ। 1000 ਜਪੁਜੀ ਸਾਹਿਬ ਦਾ ਪਾਠ ਕਰਕੇ ਸ਼ੁੱਧ ਕਰ ਆਪਣੇ ਆਪ ਨੂੰ। ਪਾਠ ਕਰ ਲਿਆ, ਸ਼ੁੱਧ ਹੋ ਗਿਆ, ਅੰਮ੍ਰਿਤ ਛਕਾ ਦਿਤਾ। ਸੇਵਾ ਕਰਦਾ ਰਿਹਾ। ਮੈਂ ਕਿਹਾ, ਹੁਣ ਤੇਰਾ ਪੀਰ ਆਇਆ ਕਿ ਨਹੀਂ। ਕਹਿੰਦਾ, ਜੀ ਪੀਰ ਤਾਂ ਆਇਆ ਨਹੀਂ। ਮੈਂ ਕਿਹਾ, ਫੇਰ ਤੇਰੀ ਹੁਣ ਕੀ ਸਲਾਹ ਹੈ? ਕਹਿੰਦਾ, ਮੈਂ ਟੈਕਸੀਆਂ ਫੇਰ ਚਲਾ ਰਿਹਾਂ। ਮੇਰੀਆਂ ਦਿੱਲੀ ਵਿਚ ਟੈਕਸੀਆਂ ਚਲ ਰਹੀਆਂ ਨੇ। ਸਾਰਾ ਹੀ ਟੱਬਰ ਫੜਿਆ ਹੋਇਆ ਸੀ, ਘਰਵਾਲੀ ਵੀ ਫੜੀ ਹੋਈ, ਬੱਚੇ ਵੀ ਫੜੇ ਹੋਏ, ਮੱਝਾਂ ਗਾਈਆਂ ਵੀ ਫੜੀਆਂ ਹੋਈਆਂ। ਮੈਂ ਕਿਹਾ, ਆਹ ਕੀ ਗੱਲ ਹੋ ਗਈ, ਤੁਸੀਂ ਤਾਂ ਸਾਰੇ ਹੀ ਨਿਗੁਰੇ ਹੋਂ, ਭੂਤ ਹੀ ਹੋਂ, ਸਾਰੇ ਟੱਬਰ ਨੂੰ ਅੰਮ੍ਰਿਤ ਛਕਾਇਆ। ਖਹਿੜਾ ਛੁਟ ਗਿਆ।

ਦਿੱਲੀ ਚਲਿਆ ਗਿਆ ਉਹ। ਛੇ ਮਹੀਨੇ ਬਾਅਦ ਫੇਰ ਆ ਗਿਆ। ਕਹਿਣ ਲੱਗਾ, ਜੀ ਮੈਨੂੰ ਫੇਰ ਫੜ ਲਿਆ। ਮੈਂ ਘੂਰ ਦਿਤਾ ਕਿ ਤੂੰ ਕੋਈ ਕੁਰਹਿਤ ਕਰੀ ਹੈ, ਅੰਮ੍ਰਿਤਧਾਰੀ ਸਿੰਘ ਦੇ ਨੇੜੇ ਨਹੀਂ ਆ ਸਕਦਾ ਭੂਤ। ਜਾਂ ਤਾਂ ਤੂੰ ਸ਼ਰਾਬ ਪੀਤੀ ਹੈ, ਜਾਂ ਤੂੰ ਕੋਈ ਹੋਰ ਗਲਤੀ ਕਰੀ ਹੈ। ਸੱਚ-ਸੱਚ ਦਸ ਦੇ ਮੈਨੂੰ। ਕਹਿੰਦਾ ਜੀ, ਇਕ ਦਿਨ ਇਕ ਬੰਦਾ ਨਾਲ ਲੈ ਗਿਆ। ਕਹਿੰਦਾ, ਭੁਪਿੰਦਰ ਸਿੰਘ! ਜੇ ਤੂੰ ਇਥੇ ਮੱਥਾ ਟੇਕ ਦੇਵੇਂ ਇਸ ਕਬਰ ਨੂੰ, ਕੋਈ ਭੂਤ ਤੇਰੇ ਨੇੜੇ ਨਹੀਂ ਆ ਸਕਦਾ। ਮੈਂ ਮੱਥਾ ਟੇਕ ਦਿਤਾ। ਮੈਨੂੰ ਉਥੇ ਹੀ ਭੂਤਾਂ ਨੇ ਫੜ ਲਿਆ।

ਮਹਾਰਾਜ ਕਹਿੰਦੇ, ਦੇਖਿਓ, ਪ੍ਰੇਮੀਓ! ਤੁਹਾਨੂੰ ਇਹਨਾਂ ਭੂਤਾਂ ਪ੍ਰੇਤਾਂ 'ਚੋਂ ਕੱਢ ਕੇ ਖ਼ਾਲਸੇ ਦਾ ਰੂਪ ਦਿਤੈ ਤੇ ਇਹਨਾਂ ਨੂੰ ਭੁੱਲ ਕੇ ਵੀ ਨਹੀਂ ਮੰਨਣਾ ਕਦੇ -

*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।*

'ਗੋਰ' ਕਹਿੰਦੇ ਨੇ ਕਬਰ ਨੂੰ। ਭੁੱਲ ਕੇ ਵੀ ਕਿਤੇ ਮੱਥਾ ਨਾ ਟੇਕਿਓ, ਇਹ ਸੁੱਚਾ ਹੋ ਗਿਆ ਅੰਮ੍ਰਿਤ ਛਕ ਕੇ। ਇਕ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਦੇ ਦਿਤਾ ਇਹ ਸੀਸ। ਹੁਣ ਇਹ ਕਿਸੇ ਹੋਰ ਅੱਗੇ ਝੁਕਣਾ ਨਹੀਂ ਚਾਹੀਦਾ। ਭੂਤਾਂ, ਪ੍ਰੇਤਾਂ, ਮੜ੍ਹੀਆਂ, ਕਬਰਾਂ; ਐਵੇਂ ਹੀ ਆਹ ਫਲਾਣਾ ਹੈ ਜੀ, ਆਹ ਢਿਮਕਾ ਹੈ ਜੀ। ਉਹਨਾਂ ਦੇ ਅੱਗੇ ਦਰ-ਬ-ਦਰ ਫਿਰਦੈ। ਮਹਾਰਾਜ ਕਹਿੰਦੇ, ਤੁਹਾਨੂੰ ਆਪਣਾ ਤੇਜ ਦਿਤੈ। ਇਹਨੂੰ ਯਾਦ ਰੱਖਿਓ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਦਿਤਾ ਖ਼ਾਲਸਾ ਤੈਨੂੰ ਤੇਜ ਆਪਣਾ ਮੈਂ।*

ਜਿਹੜੇ ਗੁਰੂ ਦੇ ਨਾਲ ਜੁੜੇ ਰਹਿਣਗੇ ਉਹਨਾਂ ਦਾ ਵਾਲ ਵਿੰਗਾ ਵੀ ਨਹੀਂ ਹੋਣਾ -

*ਰੋਗਨ ਤੇ ਅਰ ਸੋਗਨ ਤੇ*
*ਜਲ ਜੋਗਨ ਤੇ ਬਹੁਤ ਭਾਂਤਿ ਬਚਾਵੈ॥*
*ਸਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰੁ ਦੈ ਕਰਿ, ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੋਂ,*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥ (ਅਕਾਲ ਉਸਤਤਿ)*

ਗੁਰੂ ਤੇ ਭਰੋਸਾ ਕਰੋ, ਬਾਣੀ ਪੜ੍ਹਿਆ ਕਰੋ, ਨਾਮ ਜਪਿਆ ਕਰੋ, ਨਾਮ ਵਿਚ ਸਾਰੀਆਂ ਸ਼ਕਤੀਆਂ ਨੇ, ਨਾਮ ਨਾਲ ਜੁੜੇ ਰਹੋ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੱਲ ਮੰਨੋ, ਇਤਿਹਾਸ ਦੀ ਸਾਰੀ ਗੱਲ ਨਾ ਮੰਨੋ। ਇਤਿਹਾਸ ਵਿਚ ਬੜਾ ਗਲਤ-ਫਲਤ ਵੀ ਲਿਖਿਆ ਹੋਇਐ। ਪ੍ਰਚਾਰਕ ਬਹੁਤ ਗੱਲਾਂ ਕਰ ਜਾਂਦੇ ਨੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਾ ਛੱਡਿਓ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਾ ਛੱਡਿਆ, ਤੁਹਾਡਾ ਵਾਲ ਵੀ ਕੋਈ ਵਿੰਗਾ ਨਹੀਂ ਕਰ ਸਕਦਾ। ਵੱਡੀ ਤੋਂ ਵੱਡੀ ਔਖਿਆਈ ਵੀ ਕੁਛ ਨਹੀਂ ਵਿਗਾੜ ਸਕਦੀ।

ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਮੈਂ ਸਮਾਪਤ ਕਰਦਾ ਹਾਂ।

*ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।*

***(ਵੀਡੀਓ ਫਿਲਮ, ਦੀਵਾਨ ਨੰ: 261)***

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. **ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**
2. **ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**
3. **'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।**

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-42)*

ਬੇਅੰਤ ਕਿਸਮ ਦੇ ਕਰਮ ਧਰਮ ਭਾਰਤ ਵਿਚ ਪ੍ਰਚਲਤ ਹਨ। ਜੀਵ ਇਨ੍ਹਾਂ ਕਰਮਾਂ ਦੇ ਚਿੱਕੜ ਵਿਚ ਫਸੇ ਹੋਏ ਆਤਮਕ ਰਸ ਤੋਂ ਵਾਂਝੇ ਰਹਿੰਦੇ ਹਨ। ਵੈਸੇ ਉਨ੍ਹਾਂ ਦੇ ਜਦੋਂ ਕਰਮ ਧਰਮ ਦੇਖਦੇ ਹਾਂ ਤਾਂ ਅਸਾਡੇ ਮਨ ਵਿਚ ਵੀ ਸ਼ਰਧਾ ਪੈਦਾ ਹੋ ਜਾਂਦੀ ਹੈ ਕਿ ਇਹ ਬੰਦੇ ਬਹੁਤ ਸ੍ਰੇਸ਼ਟ ਹਨ ਪਰ ਜਦੋਂ ਕਸਵੱਟੀ ਤੇ ਲਾ ਕੇ ਪਰਖਿਆ ਜਾਂਦਾ ਹੈ ਤਾਂ ਉਸ ਅਵਸਥਾ ਵਿਚ ਨਹੀਂ ਪਹੁੰਚਦੇ। ਨਾਮ ਆਤਮ ਤੱਤ ਦਾ ਚੀਨਣਾ ਹੋਇਆ ਕਰਦਾ ਹੈ। ਆਤਮ ਤੱਤ ਚੀਨਣਾ ਸ਼੍ਰੋਮਣੀ ਸਾਧਨ ਹੈ ਪ੍ਰਭੂ ਵਿਚ ਅਭੇਦ ਹੋਣ ਲਈ। ਬਾਕੀ ਹੋਰ ਸਾਰੇ ਕਰਮ ਧਰਮ ਪਾਖੰਡ ਸ਼੍ਰੇਣੀ ਵਿਚ ਸੰਮਿਲਤ ਹੋਏ ਰਹਿੰਦੇ ਹਨ। ਕਲਜੁੱਗ ਕਰਮ ਧਰਮ ਕਰਨ ਦਾ ਜੁਗ ਨਹੀਂ, ਇਹ ਨਾਮ ਜਪਣ ਦਾ ਸਮਾਂ ਹੈ। ਸਮਰੱਥ ਗੁਰੂ ਜਾਂ ਤੱਤ ਵੇਤੇ ਪੂਰਨ ਪੁਰਖ ਗੁਰਮੁਖਿ ਰਾਹੀਂ ਜਪਿਆ ਨਾਮ ਛੇਤੀ ਫਲੀਭੂਤ ਹੋ ਜਾਂਦਾ ਹੈ। ਆਤਮ ਚੀਨਣ ਦੀ ਜੁਗਤਿ ਮਹਾਂਪੁਰਸ਼ਾਂ, ਗੁਰਮੁਖ ਪਿਆਰਿਆਂ ਤੋਂ ਸਹਿਜੇ ਹੀ ਪ੍ਰਾਪਤ ਹੋ ਜਾਇਆ ਕਰਦੀ ਹੈ। ਗੁਰਮਤਿ ਵਿਚ ਭਗਤੀ ਸਹਿਤ ਗਿਆਨ ਪ੍ਰਵਾਨ ਹੈ। ਸੰਸਾਰ ਵਿਚ 'ਵਰਤਨਿ ਬੈਰਾਗ, ਮੁਖ ਭਗਤੀ, ਨਿਸ਼ਚੇ ਗਿਆਨ ਹੋਣਾ' ਸੁਖਾਲਾ ਗਾਡੀ ਰਾਹ, ਮਾਰਗ ਹੈ। ਹੋਰ ਫੋਕਟ ਕਰਮਾਂ ਬਾਰੇ ਫੁਰਮਾਨ ਹੈ -

*ਤਨਿ ਚੰਦਨੁ ਮਸਤਕਿ ਪਾਤੀ॥*
*ਰਿਦ ਅੰਤਰਿ ਕਰ ਤਲ ਕਾਤੀ॥*
*ਠਗ ਦਿਸਟਿ ਬਗਾ ਲਿਵ ਲਾਗਾ।।*
*ਦੇਖਿ ਬੈਸਨੋ ਪ੍ਰਾਨ ਮੁਖ ਭਾਗਾ॥*
*ਕਲਿ ਭਗਵਤ ਬੰਦ ਚਿਰਾਂਮੰ॥*
*ਕ੍ਰੂਰ ਦਿਸਟਿ ਰਤਾ ਨਿਸਿ ਬਾਦੰ॥*
*ਨਿਤਪ੍ਰਤਿ ਇਸਨਾਨੁ ਸਰੀਰੰ॥*
*ਦੁਇ ਧੋਤੀ ਕਰਮ ਮੁਖਿ ਖੀਰੰ॥*
*ਰਿਦੈ ਛੁਰੀ ਸੰਧਿਆਨੀ॥*
*ਪਰ ਦਰਬੁ ਹਿਰਨ ਕੀ ਬਾਨੀ॥*
*ਸਿਲ ਪੂਜਸਿ ਚਕ੍ਰ ਗਣੇਸੰ।।*
*ਨਿਸਿ ਜਾਗਸਿ ਭਗਤਿ ਪ੍ਰਵੇਸੰ॥*
*ਪਗ ਨਾਚਸਿ ਚਿਤ ਅਕਰਮੰ॥*
*ਏ ਲੰਪਟ ਨਾਚ ਅਧਰਮੰ॥*
*ਮ੍ਰਿਗ ਆਸਣੁ ਤੁਲਸੀ ਮਾਲਾ।।*
*ਕਰ ਊਜਲ ਤਿਲਕੁ ਕਪਾਲਾ॥*
*ਰਿਦੈ ਕੂੜੁ ਕੰਠਿ ਰੁਦ੍ਰਾਖੰ।।*
*ਰੇ ਲੰਪਟ ਕ੍ਰਿਸਨੁ ਅਭਾਖੰ॥*
*ਜਿਨਿ ਆਤਮ ਤਤੁ ਨ ਚੀਨਿਆ।।*
*ਸਭ ਫੋਕਟ ਧਰਮ ਅਬੀਨਿਆ॥*
*ਕਹੁ ਬੇਣੀ ਗੁਰਮੁਖਿ ਧਿਆਵੈ॥*
*ਬਿਨੁ ਸਤਿਗੁਰ ਬਾਟ ਨ ਪਾਵੈ॥*

***ਅੰਗ - ੧੩੫੧***

ਹੋਮ ਕਰਦਿਆਂ, ਜੱਗ ਕਰਦਿਆਂ, ਤੀਰਥਾਂ ਤੇ ਭ੍ਰਮਣ ਕਰਦਿਆਂ, ਵੇਦਾਂ, ਪੁਰਾਣਾਂ, ਕੁਰਾਨ ਸ਼ਰੀਫ, ਬਾਈਬਲ ਦੀ ਵਿਚਾਰ ਕਰਦਿਆਂ ਮਨ ਦੀ ਮੈਲ ਨਹੀਂ ਉਤਰਦੀ। ਗੁਰੂ ਮਹਾਰਾਜ ਜੀ ਨੇ ਇਕੋ ਸਾਧਨ ਦਸਿਆ ਹੈ, ਜੋ ਕਰਮ ਹਉਮੈ ਦੀ ਮੈਲ ਕੱਟਣ ਦੀ ਸਮਰੱਥਾ ਰਖਦਾ ਹੈ। ਉਹ ਹੈ ਅੱਲਾਹ ਦੀ ਇਬਾਦਤ, ਰਿਆਜ਼ਤ (ਭਗਤੀ) ਅਤੇ ਤਤ੍ਵ ਗਿਆਨ ਦੀ ਪ੍ਰਾਪਤੀ ਹੋ ਕੇ, ਪੰਜ ਭਰਮਾਂ ਦਾ ਨਾਸ਼ ਹੋ ਕੇ, ਹਰ ਥਾਂ ਪ੍ਰਭੂ ਦਰਸ਼ਨ ਹੋਣੇ ਅਤੇ ਆਪਾ ਭਾਵ ਮਿਟ ਜਾਣਾ ਹੈ -

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ।।*

***ਅੰਗ - ੪***

ਦੂਜੇ ਕਰਮਾਂ ਬਾਰੇ ਤਾਂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਹਉਮੈ ਦੀ ਮੈਲ ਹੋਰ ਲਗ ਜਾਂਦੀ ਹੈ -

*ਹੋਮ ਜਗ ਸਭਿ ਤੀਰਥਾ*
*ਪੜ੍ਹਿ ਪੰਡਿਤ ਥਕੇ ਪੁਰਾਣ॥*
*ਬਿਖੁ ਮਾਇਆ ਮੋਹੁ ਨ ਮਿਟਈ*
*ਵਿਚਿ ਹਉਮੈ ਆਵਣੁ ਜਾਣੁ॥*
*ਸਤਿਗੁਰ ਮਿਲਿਐ ਮਲੁ ਉਤਰੀ*
*ਹਰਿ ਜਪਿਆ ਪੁਰਖੁ ਸੁਜਾਣੁ॥*
*ਜਿਨਾ ਹਰਿ ਹਰਿ ਪ੍ਰਭੁ ਸੇਵਿਆ*
*ਜਨ ਨਾਨਕੁ ਸਦ ਕੁਰਬਾਣੁ॥*

***ਅੰਗ - ੧੪੧੭***

84 ਆਸਣ ਸਿੱਖ ਕੇ ਸਿਧਾਂ ਦੇ ਪ੍ਰਾਣਾਯਾਮ ਕਰਨ ਦੇ ਨਾਲ ਨਿਉਲੀ, ਧੋਤੀ, ਬਸਤੀ, ਤ੍ਰਾਟਕ, ਕਪਾਲ ਭਾਤੀ ਆਦਿ ਕਰਮ ਮਨ ਨੂੰ ਸ਼ਾਂਤ ਨਹੀਂ ਕਰ ਸਕਦੇ। ਜਪ ਤਪ ਕੀਤੇ ਹੋਏ ਮਨ ਵਿਚ ਸ਼ਾਂਤੀ ਨਹੀਂ ਲਿਆ ਸਕਦੇ। ਮਨ ਵਿਚ ਸ਼ਾਂਤੀ ਤੋਂ ਬਗੈਰ ਜੀਵ ਗੰਦਗੀ ਦਾ ਕੀੜਾ ਹੀ ਹੋਇਆ ਕਰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਮਨ

ਨੂੰ ਸ਼ਾਂਤ ਕਰਨ ਵਾਸਤੇ ਕੇਵਲ ਨਾਮ ਹੀ ਸਮਰੱਥ ਹੋਇਆ ਕਰਦਾ ਹੈ ਜਿਵੇਂ ਕਿ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ।।*
*ਬਿਨ ਹਰਿ ਨਾਮ ਨ ਸਾਂਤ ਹੋਇ*
*ਕਿਤੁ ਬਿਧਿ ਮਨ ਧੀਰੇ॥*

*ਅੰਗ - ੭੦੭*

ਇਸ ਦੇ ਵਿਪਰੀਤ ਜਿਸ ਦੇ ਮਨ ਵਿਚ ਸ਼ਾਂਤੀ ਹੈ ਉਸਦੇ ਕੋਲ ਚਾਹੇ ਪਦਾਰਥਾਂ ਦੀ ਪ੍ਰਾਪਤੀ ਨਾ ਹੋਵੇ, ਰਹਿਣ ਵਾਸਤੇ ਕੁਲੀ ਨਾ ਹਵੋ, ਕੋਈ ਬੰਦਾ ਉਸ ਦੇ ਨਾਲ ਸਿੱਧੇ ਮੂੰਹ ਚਾਹੇ ਗੱਲ ਨਾ ਕਰਦਾ ਹੋਵੇ, ਜਾਤ ਵੀ ਉਚੀ ਨਾ ਹੋਵੇ ਪਰ ਜੇ ਉਸਦੇ ਹਿਰਦੇ ਵਿਚ ਨਾਮ ਵਸਿਆ ਹੋਇਆ ਹੈ ਤਾਂ ਉਹ ਰਾਜਿਆਂ ਦਾ ਰਾਜਾ ਹੈ। ਚਲਦੇ ਦਰਿਆ ਉਸ ਨੂੰ ਰਸਤਾ ਦੇ ਦਿੰਦੇ ਹਨ, ਪੌਣ ਉਸ ਦੇ ਹੁਕਮ ਵਿਚ ਚਲਦੀ ਹੈ। ਪਉਣ, ਪਾਣੀ, ਬੈਸੰਤਰ ਉਸ ਦਾ ਹੁਕਮ ਮੰਨਦੇ ਹਨ ਇਥੋਂ ਤਕ ਕਿ ਦਰਗਾਹ ਵਿਚ ਵੀ ਉਨ੍ਹਾਂ ਦਾ ਹੁਕਮ ਚਲਦਾ ਹੈ ਜਿਵੇਂ ਕਿ ਫੁਰਮਾਨ ਹੈ -

*ਬਸਤਾ ਤੂਟੀ ਝੂੰਪੜੀ ਚੀਰ ਸਭਿ ਛਿੰਨਾ॥*
*ਜਾਤਿ ਨ ਪਤਿ ਨ ਆਦਰੋ*
*ਉਦਿਆਨ ਭ੍ਰਮਿੰਨਾ॥*
*ਮਿਤ੍ਰ ਨ ਇਠ ਧਨ ਰੂਪਹੀਣ*
*ਕਿਛੁ ਸਾਕੁ ਨ ਸਿੰਨਾ।।*
*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ॥*
*ਤਿਸ ਕੀ ਧੂੜਿ ਮਨੁ ਉਧਰੈ*
*ਪ੍ਰਭੁ ਹੋਇ ਸੁਪ੍ਰਸੰਨਾ॥* *ਅੰਗ- ੭੦੭*

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥*

*ਅੰਗ- ੧੮੬*

ਉਸਦੀ ਅਵਸਥਾ ਐਨੀ ਉਚੀ ਹੋ ਜਾਂਦੀ ਹੈ ਕਿ ਉਸ ਦੇ ਇਨਸਾਨੀ ਵਜੂਦ ਵਿਚੋਂ ਪ੍ਰਭੂ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ ਅਤੇ ਤਿੰਨੋਂ ਮੁਖ ਦੇਵਤੇ ਉਸ ਦੇ ਦਰਸ਼ਨ ਕਰਕੇ ਆਪਣੇ ਆਪ ਨੂੰ ਧੰਨਭਾਗ ਸਮਝਦੇ ਹਨ ਜਿਵੇਂ ਕਿ -

*ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*

*ਅੰਗ - ੨੭੩*

ਸੋ ਇਸ ਕਰਕੇ ਵਾਹਿਗੁਰੂ ਦੇ ਨਾਮ ਬਿਨਾਂ ਜੋ ਹੋਰ ਕਰਮ ਧਰਮ ਆਦਮੀ ਕਰਦਾ ਹੈ ਉਹ ਬਿਰਥੇ ਹੀ ਹੋਇਆ ਕਰਦੇ ਹਨ ਅਤੇ ਓਰੇ ਹੋਇਆ ਕਰਦੇ ਹਨ ਉਨ੍ਹਾਂ ਦਾ ਫਲ ਜਮਦੂਤ ਲੁੱਟ ਲਿਆ ਕਰਦੇ ਹਨ। ਕੁਝ ਸੰਸਾਰ ਦੇ ਲੋਕੀ ਆਪਣੇ ਪਾਪਾਂ ਨੂੰ ਦੂਰ ਕਰਾਉਣ ਵਾਸਤੇ ਲੁੱਟ ਲਿਆ ਕਰਦੇ ਹਨ। ਸੱਚਾ ਧੰਨ ਕੇਵਲ 'ਹਰਿਨਾਮ' ਦਾ ਹੈ। ਬਾਕੀ ਕਰਮ ਧਰਮ ਸਭ ਬਿਰਥੇ ਹਨ-

*ਹਰਿ ਬਿਨੁ ਅਵਰ ਕ੍ਰਿਆ ਬਿਰਥੇ॥*
*ਜਪੁ ਤਪ ਸੰਜਮ ਕਰਮ ਕਮਾਣੇ*
*ਇਹਿ ਓਰੈ ਮੂਸੇ॥*
*ਬਰਤ ਨੇਮ ਸੰਜਮ ਮਹਿ ਰਹਤਾ*
*ਤਿਨ ਕਾ ਆਢੁ ਨ ਪਾਇਆ॥*
*ਆਗੈ ਚਲਣੁ ਅਉਰੁ ਹੈ ਭਾਈ*
*ਊਂਹਾ ਕਾਮਿ ਨ ਆਇਆ॥*
*ਤੀਰਥਿ ਨਾਇ ਅਰੁ ਧਰਨੀ ਭ੍ਰਮਤਾ*
*ਆਗੈ ਠਉਰ ਨ ਪਾਵੈ॥*
*ਊਹਾ ਕਾਮਿ ਨ ਆਵੈ ਇਹ ਬਿਧਿ*
*ਓਹੁ ਲੋਗਨ ਹੀ ਪਤੀਆਵੈ।।*
*ਚਤੁਰ ਬੇਦ ਮੁਖ ਬਚਨੀ ਉਚਰੈ*
*ਆਗੈ ਮਹਲੁ ਨ ਪਾਈਐ॥*
*ਬੂਝੈ ਨਾਹੀ ਏਕੁ ਸੁਧਾਖਰੁ*
*ਓਹੁ ਸਗਲੀ ਝਾਖ ਝਖਾਈਐ॥*
*ਨਾਨਕੁ ਕਹਤੋ ਇਹੁ ਬੀਚਾਰਾ*
*ਜਿ ਕਮਾਵੈ ਸੁ ਪਾਰ ਗਰਾਮੀ॥*
*ਗੁਰੁ ਸੇਵਹੁ ਅਰੁ ਨਾਮੁ ਧਿਆਵਹੁ*
*ਤਿਆਗਹੁ ਮਨਹੁ ਗੁਮਾਨੀ॥*

*ਅੰਗ - ੨੧੬*

ਭਵਸਾਗਰ ਨੂੰ ਤਾਰਨ ਲਈ ਕਰਮ ਧਰਮ ਸਮਰੱਥ ਨਹੀਂ ਹਨ ਕਿਉਂਕਿ ਕਰਮ ਧਰਮਾਂ ਨਾਲ 'ਕਰਮ' ਬਣਦਾ ਹੈ। ਕਰਮ ਦਾ ਫਲ ਭੋਗਣਾ ਪੈਂਦਾ ਹੈ, ਕਰਮਾਂ ਦਾ ਫਲ ਭੋਗਣ ਲਈ ਜਨਮਾਂ-ਜਨਮਾਂਤਰਾਂ ਵਿਚ ਘੁੰਮਣਾ ਪੈਂਦਾ ਹੈ। ਵਾਹਿਗੁਰੂ ਜੀ ਪਿਆਰ ਕਰੇ ਤੋਂ ਭਿਜਦੇ ਹਨ। ਕਰਮ ਧਰਮ ਦਾ ਮੁੱਲ ਬਹੁਤ ਘੱਟ ਹੈ, ਨਾਮ ਅਮੁੱਲਾ ਹੈ। ਨਾਮ ਨਿਰਾ ਹੀ ਪਿਆਰ ਦਾ ਵਹਿੰਦਾ ਦਰਿਆ ਹੈ, ਵਾਹਿਗੁਰੂ ਜੀ ਪ੍ਰੇਮ ਦਾ ਸਾਗਰ ਹੈ, ਅਸਾਡੇ ਨਿਕੇ ਆਪੇ ਦਾ ਪਰਮ ਆਪੇ ਨਾਲ ਕੀਤਾ ਪਿਆਰ ਉਸ ਨੂੰ ਖਿਚਦਾ ਹੈ। ਪ੍ਰੇਮੀ, ਪ੍ਰੀਤ ਵਿਹੂਣਾ ਮੁਰਦਾ ਹੋਇਆ ਕਰਦਾ ਹੈ। ਮੁਰਦੇ ਦਾ ਕੀ ਅਚਾਰ, ਕੀ ਵਿਉਹਾਰ, ਮੁਰਦੇ ਦਾ ਕੀ ਸ਼ਿੰਗਾਰ? ਨਾਮ ਕਰਨ ਜੀਵਨ ਨਿਸ਼ਾਨੀ ਹੈ ਜਦ ਕਿ ਕਰਮ ਧਰਮ ਮੁਰਦੇ ਦੇ ਸਾਧਨ ਹਨ। ਫੁਰਮਾਨ ਹੈ -

*ਕਰਮ ਧਰਮ ਨੇਮ ਬ੍ਰਤ ਪੂਜਾ॥*
*ਪਾਰਬ੍ਰਹਮ ਬਿਨੁ ਜਾਨੁ ਨ ਦੂਜਾ॥*
*ਤਾ ਕੀ ਪੂਰਨ ਹੋਈ ਘਾਲ॥*

*ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ॥*
*ਸੋ ਬੈਸਨੋ ਹੈ ਅਪਰ ਅਪਾਰੁ॥*
*ਕਹੁ ਨਾਨਕ ਜਿਨਿ ਤਜੇ ਬਿਕਾਰ॥*

**ਅੰਗ – ੧੯੯**

ਸੋ ਗੁਰੂ ਮਹਾਰਾਜ ਜੀ ਸਿੱਟਾ ਕੱਢਦੇ ਹੋਏ ਫੁਰਮਾਨ ਕਰਦੇ ਹਨ ਕਿ ਸਭ ਤੋਂ ਉਤਮ ਭਾਗ ਜੀਵ ਦੇ ਹੋਇਆ ਕਰਦੇ ਹਨ ਜਦੋਂ ਉਸ ਨੂੰ ਸਮਰੱਥ ਗੁਰੂ ਮਿਲ ਜਾਵੇ ਅਤੇ ਉਸ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ, ਆਪਣੇ ਸਰੂਪ ਦਾ ਗਿਆਨ ਪ੍ਰਾਪਤ ਕਰਕੇ, ਰੂਹਾਨੀਅਤ ਦੀਆਂ ਪੌੜੀਆਂ ਚੜ੍ਹਦਾ-ਚੜ੍ਹਦਾ ਵਾਹਿਗੁਰੂ ਵਿਚ ਅਭੇਦ ਹੋ ਜਾਂਦਾ ਹੈ –

*ਬੇਦੁ ਪੁਕਾਰੈ ਮੁਖ ਤੇ ਪੰਡਤ*
*ਕਾਮਾਮਨ ਕਾ ਮਾਠਾ॥*
*ਮੋਨੀ ਹੋਇ ਬੈਠਾ ਇਕਾਂਤੀ*
*ਹਿਰਦੈ ਕਲਪਨ ਗਾਠਾ॥*
*ਹੋਇ ਉਦਾਸੀ ਗ੍ਰਿਹੁ ਤਜਿ ਚਲਿਓ*
*ਛੁਟਕੈ ਨਾਹੀ ਨਾਠਾ॥*
*ਜੀਅ ਕੀ ਕੈ ਪਹਿ ਬਾਤ ਕਹਾ॥*
*ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ*
*ਐਸੋ ਕਹਾ ਲਹਾ॥ਰਹਾਉ॥*
*ਤਪਸੀ ਕਰਿ ਕੈ ਦੇਹੀ ਸਾਧੀ*
*ਮਨੂਆ ਦਹ ਦਿਸ ਧਾਨਾ॥*
*ਬ੍ਰਹਮਚਾਰਿ ਬ੍ਰਹਮਚਜੁ ਕੀਨਾ*
*ਹਿਰਦੈ ਭਇਆ ਗੁਮਾਨਾ॥*
*ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ*
*ਉਸੁ ਮਹਿ ਕ੍ਰੋਧੁ ਬਿਗਾਨਾ॥*
*ਘੂੰਘਰ ਬਾਧਿ ਭਏ ਰਾਮਦਾਸਾ*
*ਰੋਟੀਅਨ ਕੇ ਓਪਾਵਾ॥*
*ਬਰਤ ਨੇਮ ਕਰਮ ਖਟ ਕੀਨੇ*
*ਬਾਹਰਿ ਭੇਖ ਦਿਖਾਵਾ॥*
*ਗੀਤ ਨਾਦ ਮੁਖਿ ਰਾਗ ਅਲਾਪੇ*
*ਮਨਿ ਨਹੀ ਹਰਿ ਹਰਿ ਗਾਵਾ॥*
*ਹਰਖ ਸੋਗ ਲੋਭ ਮੋਹ ਰਹਤ ਹਹਿ*
*ਨਿਰਮਲ ਹਰਿ ਕੇ ਸੰਤਾ॥*
*ਤਿਨ ਕੀ ਧੂੜਿ ਪਾਏ ਮਨੁ ਮੇਰਾ*
*ਜਾ ਦਇਆ ਕਰੇ ਭਗਵੰਤਾ॥*
*ਕਹੁ ਨਾਨਕ ਗੁਰੁ ਪੂਰਾ ਮਿਲਿਆ*
*ਤਾਂ ਉਤਰੀ ਮਨ ਕੀ ਚਿੰਤਾ॥*
*ਮੇਰਾ ਅੰਤਰਜਾਮੀ ਹਰਿ ਰਾਇਆ॥*
*ਸਭੁ ਕਿਛੁ ਜਾਣੈ ਮੇਰੇ ਜੀਅ ਕਾ ਪ੍ਰੀਤਮੁ*
*ਬਿਸਰਿ ਗਏ ਬਕਬਾਇਆ॥*

**ਅੰਗ – ੧੦੦੩**

ਸੋ ਇਸ ਕਰਕੇ ਰਾਮ ਦੇ ਨਾਮ ਤੋਂ ਬਗੈਰ ਮੁਕਤੀ ਨਹੀਂ ਹੁੰਦੀ ਅਤੇ ਹੋਰ ਕੋਈ ਵੀ ਐਸਾ ਕਰਮ ਨਹੀਂ ਜੋ ਇਸ ਨੂੰ ਸੰਸਾਰ ਸਾਗਰ ਤੋਂ ਪਾਰ ਕਰਾ ਦੇਵੇ। ਸੋ ਰਾਮ ਨਾਮ ਦਾ ਜਪਣਾ ਹੀ ਸ੍ਰੇਸ਼ਟ ਕਰਮ ਹੈ ਜਿਸ ਨਾਮ ਤੋਂ ਨਿਰਮਲ ਕਰਮ ਪ੍ਰਗਟ ਹੁੰਦੇ ਹਨ। ਜਗਿਆਸੂ ਨੂੰ ਨਾਮ ਜਪਦਿਆਂ ਸੋਝੀ ਹੋ ਆਉਂਦੀ ਹੈ ਕਿ ਸਭ ਕੁਝ ਵਾਹਿਗੁਰੂ ਜੀ ਦੇ ਹੁਕਮ ਵਿਚ ਹੀ ਹੋ ਰਿਹਾ ਹੈ, ਮੈਂ ਕੁਝ ਭੀ ਕਰਨ ਦੀ ਸਮਰੱਥਾ ਨਹੀਂ ਰਖਦਾ। ਨਾਮ ਉਸ ਦੀ ਕ੍ਰਿਪਾ ਰਾਹੀਂ ਹੀ ਜਪਿਆ ਜਾ ਰਿਹਾ ਹੈ। ਪੂਰੇ ਗੁਰੂ ਦੀ ਮਤਿ ਧਾਰਨ ਕਰਕੇ ਭਗਤੀ ਕਰਦਾ ਹੈ। ਸ਼ਬਦ ਦੀ ਕਮਾਈ ਕਰਕੇ ਆਪਣੇ ਆਤਮ ਸਰੂਪ ਦੀ ਸੋਝੀ ਉਤਪੰਨ ਹੁੰਦੀ ਹੈ ਅਤੇ ਪ੍ਰਮਾਤਮ ਸਰੂਪ ਵਿਚ ਸਮਾਈ ਹੁੰਦੀ ਹੈ। ਬਾਕੀ ਕਰਮਾਂ ਨੂੰ ਫੋਕਟ ਕਰਮ ਹੀ ਕਿਹਾ ਗਿਆ ਹੈ –

*ਇਕਿ ਸੋਗੀ ਇਕਿ ਰੋਗਿ ਵਿਆਪੇ॥*
*ਜੋ ਕਿਛੁ ਕਰੇ ਸੁ ਆਪੇ ਆਪੇ॥*
*ਭਗਤਿ ਭਾਉ ਗੁਰ ਕੀ ਮਤਿ ਪੂਰੀ*
*ਅਨਹਦਿ ਸਬਦਿ ਲਖਾਈ ਹੇ॥*
*ਇਕਿ ਨਾਗੇ ਭੂਖੇ ਭਵਹਿ ਭਵਾਏ।।*
*ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ।।*
*ਗਤਿ ਅਵਿਗਤ ਕੀ ਸਾਰ ਨ ਜਾਣੈ*
*ਬੂਝੈ ਸਬਦੁ ਕਮਾਈ ਹੇ।।*
*ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ॥*
*ਇਕਿ ਅਗਨਿ ਜਲਾਵਹਿ ਦੇਹ ਖਪਾਵਹਿ॥*
*ਰਾਮ ਨਾਮ ਬਿਨੁ ਮੁਕਤਿ ਨ ਹੋਈ*
*ਕਿਤੁ ਬਿਧਿ ਪਾਰਿ ਲੰਘਾਈ ਹੇ॥*

**ਅੰਗ – 1025**

ਸੋ ਇਹ ਬੰਧਨ ਜੀਵ ਦਾ ਬਹੁਤ ਹੀ ਭਿਆਨਕ ਹੈ ਇਸ ਦੀ ਨਵਿਰਤੀ ਗੁਰੂ ਪਾਸੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਹੀ ਹੋਇਆ ਕਰਦੀ ਹੈ। ਜਦੋਂ ਤਕ ਇਸ ਨੂੰ ਯਥਾਰਥ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ, ਇਸ ਦੀ ਪ੍ਰਮਗਤ ਨਹੀਂ ਹੋਇਆ ਕਰਦੀ ਕਿਉਂਕਿ ਹਉਮੈ ਦੀ ਮੈਲ ਪੂਰੇ ਗੁਰੂ ਤੋਂ ਬਿਨਾਂ ਧੋਣ ਨੂੰ ਕੋਈ ਸਮਰੱਥ ਨਹੀਂ। ਫਲ ਦੇਣ ਵਾਸਤੇ ਫਲ ਦਾ ਦਰੱਖਤ ਫਲਦਾ ਹੈ, ਉਸ ਨੂੰ ਫੁੱਲ ਆਉਂਦੇ ਹਨ। ਫੁਲਾਂ ਵਿਚੋਂ ਡੋਡੀਆਂ ਨਿਕਲਦੀਆਂ ਹਨ ਅਤੇ ਫਲ ਦੇ ਰੂਪ ਵਿਚ ਫਲਦੀਆਂ ਹਨ। ਜੀਵ ਦਾ ਕੰਮ ਫਲ ਹਾਸਲ ਕਰਨਾ ਹੈ। ਜਦੋਂ ਫਲ ਹੱਥ ਆ ਗਿਆ ਫੇਰ ਜੋ ਉਸ ਦਰੱਖਤ ਨੂੰ ਫਲ ਲੈਣ ਤੋਂ ਬਾਦ ਵੀ ਛੜਕਾਉ (spray) ਕੀਤੀ ਜਾਵੇ ਤਾਂ ਉਹ ਬਹੁਤੀ ਫਲਦਾਇਕ ਨਹੀਂ ਹੋਇਆ ਕਰਦੀ। ਸੋ ਸਾਰੇ ਕਰਮਾਂ ਦਾ ਖਾਤਮਾ ਹੋ ਜਾਂਦਾ ਹੈ। ਜਦੋਂ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ, ਤਾਂ ਕਰਮ ਫਲ ਦੇਣੋਂ ਹਟ ਜਾਂਦੇ ਹਨ।

*'ਚਲਦਾ..........।'*

# ਸਰਬ ਰੋਗ ਕਾ ਅਉਖਦੁ ਨਾਮੁ

*ਸੰਤ ਬਾਬਾ ਹਰਪਾਲ ਸਿੰਘ ਜੀ*

*ਪਰਮੇਸਰਿ ਦਿਤਾ ਬੰਨਾ ॥*
*ਦੁਖ ਰੋਗ ਕਾ ਡੇਰਾ ਭੰਨਾ ॥*
*ਅਨਦ ਕਰਹਿ ਨਰ ਨਾਰੀ ॥*
*ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥ ੧ ॥*
*ਸੰਤਹੁ ਸੁਖੁ ਹੋਆ ਸਭ ਥਾਈ ॥*
*ਪਾਰਬ੍ਰਹਮੁ ਪੂਰਨ ਪਰਮੇਸਰੁ*
*ਰਵਿ ਰਹਿਆ ਸਭਨੀ ਜਾਈ ॥ ਰਹਾਉ ॥*
*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥*
*ਦਇਆਲ ਪੁਰਖ ਮਿਹਰਵਾਨਾ ॥*
*ਹਰਿ ਨਾਨਕ ਸਾਚੁ ਵਖਾਨਾ ॥ ਅੰਗ - ੬੨੨*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕਣ ਦਾ ਯਤਨ ਕਰੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ, ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।' ਪਾਤਸ਼ਾਹ ਜੀ ਦੀ ਕ੍ਰਿਪਾ ਹੋਈ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੬੨੨*

ਕਿਉਂਕਿ ਸਤਿਸੰਗ ਦੇ ਵਿਚ, ਨਾਮ ਦੀ ਵਿਆਖਿਆ ਹੈ ਕਿ ਕਿਵੇਂ ਨਾਮ ਦੇ ਵਿਚ ਸਥਿਤੀ ਹੋਣੀ ਹੈ। ਨਾਮ ਦੇ ਨਾਲ ਜੁੜਨਾ ਹੈ। ਕਿਉਂਕਿ ਭੁਲੇਖਾ ਹੁੰਦਾ ਹੈ ਕਿ ਨਾਮ ਬਾਹਰੋਂ ਮਿਲੇਗਾ। ਬਾਹਰ ਤੋਂ ਨਾਮ ਤਾਂ ਕੋਈ ਦੇ ਨਹੀਂ ਸਕਿਆ। ਨਾ ਦਿੰਦਾ ਹੈ। ਬਾਹਰੋਂ ਮੰਤਰ ਮਿਲਦਾ ਹੈ। ਸਾਰੇ ਗੁਰੂ ਘਰ ਦੇ ਮੰਤਰ, ਮੂਲਮੰਤਰ, ਗੁਰਮੰਤਰ ਹਨ। ਜਿਨ੍ਹਾਂ ਨੂੰ ਜਪ ਕੇ ਨਾਮ 'ਚ ਸਥਿਤੀ ਹੁੰਦੀ ਹੈ-

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*

ਸੁਣ ਰਹੇ ਸੀ, ਸਾਰੇ ਦੁਖਾਂ ਦਾ, ਸਾਰੇ ਰੋਗਾਂ ਦਾ ਇਲਾਜ ਹੀ ਨਾਮ ਹੈ, ਨਾਮ ਫੇਰ ਸਭ ਦੇ ਅੰਦਰ ਹੈ-

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ- ੨੫੯*

ਦੁਖ ਦਾ ਨਾਮ ਨਿਸ਼ਾਨ ਨਹੀਂ ਰਹਿੰਦਾ। ਇਹ ਦਵਾਈ -

*ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ- ੨੭੪*

ਸਾਰਿਆਂ ਸਰੀਰਾਂ ਦੇ ਵਿਚ ਪਾਈ ਹੈ। ਇਥੋਂ ਤਕ ਕਿ -

*ਨਾਮ ਕੇ ਧਾਰੇ ਸਗਲੇ ਜੰਤ ॥ ਅੰਗ - ੨੭੩*

ਜਿੰਨੇ ਜੀਵ-ਜੰਤ ਹਨ ਉਹਨਾਂ ਸਾਰਿਆਂ ਦੇ ਅੰਦਰ ਨਾਮ ਹੈ। ਪਰ ਉਹਨਾਂ ਨੂੰ ਅਧਿਕਾਰ ਨਹੀਂ, ਇਕ ਮਾਨੁੱਖ ਤਨ ਨੂੰ ਅਧਿਕਾਰ ਹੈ ਕਿ ਗੁਰਮੰਤ੍ਰ ਲੈ ਕੇ ਉਸ ਦੀ ਕਮਾਈ ਕਰਕੇ, ਨਾਮ ਤਕ ਰੁਸਵਾਈ ਕਰੇ। ਨਾਮ ਸਾਰੇ ਦੁੱਖਾਂ ਦਾ, ਸਾਰੇ ਰੋਗਾਂ ਦਾ ਇਲਾਜ ਹੈ। ਅੱਜ ਅਸੀਂ ਦੇਖ ਰਹੇ ਹਾਂ -

*ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥*
*ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥*
*ਅੰਗ- ੧੩੮੨*

ਸਾਰੇ ਹੀ ਦੁਖੀ ਨੇ -

*ਨਾਨਕ ਦੁਖੀਆ ਸਭ ਸੰਸਾਰ।*

ਜੋ ਮੰਨ ਲਵੇ -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ਅੰਗ- ੯੫੪*

ਬਾਕੀ ਕੰਮ ਨਹੀਂ। ਇਹ ਜਿਹੜਾ ਕਰਮ ਕਰ ਰਹੇ ਹਾਂ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ- ੬੪੨*

ਸਭ ਤੋਂ ਵੱਡਾ ਇਹ ਸ੍ਰੇਸ਼ਟ ਕਰਮ ਹੈ। ਜੋ ਮਿਲਿਆ ਹੈ ਸੰਚਿਤ ਕਰਮ, ਫਲ ਦੇਣ ਵਾਸਤੇ ਤਿਆਰ ਹੋਏ। ਸਤਿਸੰਗ ਦੇ ਵਿਚ ਜੁੜੇ ਹਾਂ। ਸਤਿਸੰਗਤ ਦੇ ਵਿਚ ਜੁਗਤੀ ਮਿਲਦੀ ਹੈ ਕਿ ਕਿਵੇਂ ਨਾਮ ਤਕ ਪਹੁੰਚਣਾ ਹੈ। ਕਿਉਂਕਿ ਸਾਰੇ ਦੁੱਖਾਂ ਦਾ, ਸਾਰੇ ਰੋਗਾਂ ਦਾ ਇਹੀ ਇਲਾਜ ਹੈ।

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ-੨੬*

ਸੇਵਾ ਤੇ ਸਿਮਰਨ ਕਰਨ ਵਾਸਤੇ ਮਾਨੁੱਖ ਤਨ ਮਿਲਿਆ ਹੈ -

*ਗੁਰ ਕੀ ਸੇਵਾ ਪਾਏ ਮਾਨੁ ॥ ਅੰਗ- ੮੬੪*

ਸੇਵਾ ਦੇ ਨਾਲ ਸਿਮਰਨ ਵੀ ਜ਼ਰੂਰੀ ਹੈ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ- ੧੩੭੩*

ਤੇ ਨਾਮ ਜਪਣ ਦੇ ਨਾਲ ਸਾਰੇ ਦੁੱਖ ਦੂਰ ਹੋ ਜਾਦੇ ਹਨ। ਰੋਗ ਵੀ ਦੂਰ ਹੋ ਜਾਂਦੇ ਹਨ -

*ਦੁਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਅੰਗ- ੯੨੨*

ਸਾਡੇ ਘਰ ਦਾ ਤਾਂ ਮੰਤਰ ਹੀ ਬਹੁਤ ਸੁਖਾਲਾ ਹੈ। ਇਹਨੂੰ ਜਪੋ। ਜਿੰਨਾਂ ਲੰਬਾ ਸਵਾਸ ਲੈ ਕੇ ਜਪਾਂਗੇ ਓਨਾ ਫਲਦਾਇਕ। ਕੋਈ ਸਵਾਸ ਖਾਲੀ ਨਾ ਜਾਵੇ। ਫੇਰ ਦੇਖੋ ਸਾਰੇ ਦੁਖ ਰੋਗ ਅੰਦਰੋਂ ਬਾਹਰ ਆ ਜਾਣਗੇ - 'ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ॥' ਦੁਖਾਂ ਤੇ ਰੋਗਾਂ ਨੇ ਜਿਹੜਾ ਅੰਦਰ ਡੇਰਾ ਲਾਇਆ ਹੈ, ਉਹਨਾਂ ਦਾ ਡੇਰਾ ਹੀ ਚੁੱਕ ਦਿਤਾ ਜਾਵੇਗਾ। ਕਿੱਡਾ ਸੁਖਾਲਾ ਮੰਤਰ ਹੈ। ਸਵਾਸ ਦੇ ਉਤੇ ਆ ਜਾਂਦਾ ਹੈ। ਬੋਲੋ, ਬੋਲ ਕੇ ਕਰੋ। ਜਿਵੇਂ ਪਹਿਲੀਆਂ ਜਮਾਤਾਂ 'ਚ ਬੱਚੇ ਮੁਹਾਰਨੀ ਪੜ੍ਹਦੇ ਨੇ, ਉੱਚੀ-ਉੱਚੀ ਬੋਲ ਕੇ ਕਰੋ। ਫੇਰ ਅੰਦਰ ਹੋਣਾ ਸ਼ੁਰੂ ਹੋ ਜਾਂਦਾ ਹੈ। ਫੇਰ ਹਿਰਦੇ 'ਚ ਹੋਣਾ ਸ਼ੁਰੂ ਹੋ ਜਾਂਦਾ ਹੈ -

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥ ਅੰਗ- ੧੨੫੬*

ਫੇਰ ਪਰਾ ਬਾਣੀ 'ਚ। ਕਿਉਂਕਿ ਚਾਰ ਖਾਣੀਆਂ ਹਨ। ਅੰਡਜ, ਜੇਰਜ, ਉਤਭੁਜ, ਸੇਤਜ। ਆਂਡਿਆਂ ਤੋਂ ਪੈਦਾ ਹੋਣ ਵਾਲੀਆਂ, ਜੇਰ ਤੋਂ ਪੈਦਾ ਹੋਣ ਵਾਲੀਆਂ, ਪਸੀਨੇ ਇਤਿਆਦਿਕ, ਧਰਤੀ 'ਚੋਂ ਪੈਦਾ ਉਤਭੁਜ ਹੋਣ ਵਾਲੀਆਂ। ਇਸੇ ਤਰ੍ਹਾਂ ਦੇ ਨਾਲ ਚਾਰ ਬਾਣੀਆਂ ਹਨ- ਬੈਖਰੀ, ਮਧਮਾ, ਪਸੰਤੀ, ਪਰਾ ਬਾਣੀ। ਇਹ ਧੁਰ ਕੀ ਬਾਣੀ ਹੈ, ਜੋ ਸਾਰੇ ਦੁਖ ਰੋਗ ਦੂਰ ਕਰ ਦਿੰਦੀ ਹੈ -

*ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*
*ਅੰਗ- ੬੨੮*

ਅੱਜ -

*ਚਿੰਤਤ ਹੀ ਦੀਸੈ ਸਭੁ ਕੋਇ ॥ ਅੰਗ- ੯੩੨*

ਜਿਸਨੂੰ ਵੀ ਦੇਖ ਲਓ, ਚਿੰਤਾਵਾਨ ਹੈ। ਚਿੰਤਾ ਦਾ ਗ੍ਰਸਿਆ ਪਿਆ ਹੈ। ਚਿੰਤਾ ਚਿਖਾ 'ਤੇ ਬਿਠਾ ਦਿੰਦੀ ਹੈ। ਚਿੰਤਨ ਕਰੋ। ਚਿੰਤਨ ਕਰਨ ਵਾਸਤੇ ਗੁਰੂ ਤੋਂ ਮੰਤਰ ਲਓ, ਮੰਤਰ ਦੀ ਕਮਾਈ; ਕਮਾਈ ਵਾਲੇ ਮਹਾਂਪੁਰਸ਼ਾਂ ਨੂੰ ਮਿਲ ਕੇ ਕਰੋ, ਉਹ ਜੁਗਤ ਦਸ ਦਿੰਦੇ ਨੇ। ਇਕ ਦਿਨ ਐਸੀ ਅਵਸਥਾ ਆ ਜਾਂਦੀ ਹੈ। ਕਿਉਂਕਿ ਜਦੋਂ ਪ੍ਰਾਣਾਯਾਮ ਹੁੰਦਾ ਹੈ, ਪ੍ਰਾਣ ਵਾਯੂ ਜਿੰਨੀ ਅੰਦਰ ਜਾਂਦੀ ਹੈ, ਪੂਰਾ ਪੇਟ ਭਰ ਕੇ ਲਓ, ਜੇ ਛੱਡੋ ਵੀ ਪੂਰਾ ਪੇਟ ਖਾਲੀ ਕਰ ਦਿਓ। ਇਸ ਨੂੰ ਖਾਲੀ ਨਾ ਜਾਣ ਦਿਓ।

*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥*
*ਅੰਗ- ੩੧੯*

ਕਰਕੇ ਵੇਖੋ। ਅੰਮ੍ਰਿਤ ਵੇਲਾ ਹੈ। ਉਸ ਵੇਲੇ ਕੀ ਕਰੋ-

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥*
*ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥*
*ਅੰਗ- ੬੧੧*

ਅੱਜ ਬੀਮਾਰ ਕਿਉਂ ਹਾਂ? ਸਾਡਾ ਤਾਂ ਗੁਰਮੰਤ੍ਰ ਐਨਾ ਸ਼ਕਤੀਸ਼ਾਲ ਹੈ। ਕੋਈ ਬਿਮਾਰ ਨਹੀਂ ਹੋਣਾ ਚਾਹੀਦਾ। ਕਿਉਂਕਿ ਅਸੀਂ ਅੰਮ੍ਰਿਤ ਵੇਲੇ ਨੂੰ ਛੱਡ ਦਿਤਾ। ਦੇਰ ਰਾਤ ਤਕ ਮੀਡੀਆ ਹੈ। ਕਲਜੁਗ ਇਹਦੇ ਰਾਹੀਂ ਪ੍ਰਵੇਸ਼ ਕਰ ਗਿਆ। ਅੱਧੀ-ਅੱਧੀ ਰਾਤ ਤਕ ਜਾਗਣਾ, ਫੇਰ ਸਵੇਰੇ ਅੰਮ੍ਰਿਤ ਵੇਲੇ ਉਠਣਾ ਹੀ ਨਾ। ਅੰਮ੍ਰਿਤ ਵੇਲਾ ਲੰਘ ਜਾਂਦਾ ਹੈ। ਜੇ ਛੇਤੀ ਸੌਂ ਜਾਵਾਂਗੇ, ਛੇਤੀ ਉੱਠ ਜਾਵਾਂਗੇ। ਉਸ ਸਮੇਂ ਪੇਟ ਖਾਲੀ ਹੁੰਦੈ। ਦਿਮਾਗ 'ਤੇ ਕੋਈ ਭਾਰ ਨਹੀਂ। ਉਸ ਸਮੇਂ ਉਠ ਕੇ ਸਿਮਰਨ ਕਰੇ-

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ- ੩੦੫*

ਕਰਕੇ ਦੇਖੋ। ਖਾਲੀ ਤਾਂ ਬਹੁਤ ਲੰਮਾ ਸਵਾਸ ਹੋ ਜਾਂਦਾ ਹੈ। ਘੱਟੋ-ਘੱਟ ਇਹ 30 ਸੈਕਿੰਡ ਤਕ ਹੋਣਾ ਹੋ ਜਾਵੇ। ਅੱਧਾ ਘੰਟਾ ਘੱਟੋ-ਘੱਟ ਕਰਨਾ ਸ਼ੁਰੂ ਕਰ ਦਿਓ। ਫੇਰ ਪੂਰਾ-ਪੂਰਾ ਲਾਭ ਇਸ ਦਾ ਮਿਲਦਾ ਹੈ।

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ- ੭੯੭*

ਕਰਕੇ ਦੇਖੋ ਕਿੰਨਾ ਅਨੰਦ ਵਰਤ ਜਾਂਦਾ ਹੈ। ਸਾਰੀਆਂ ਬਿਮਾਰੀਆਂ, ਸਾਰੇ ਦੁੱਖ ਇਹਦੇ ਨਾਲ ਦੂਰ ਹੋ ਜਾਂਦੇ ਹਨ। ਸੋ ਆਓ ਇਸ ਤਰ੍ਹਾਂ ਰੋਜ਼ ਨੇਮ ਬਣਾ ਲਓ ਕਿ ਕਰਨਾ ਹੀ ਕਰਨਾ ਹੈ -

*ਊਠਤ ਬੈਠਤ ਸੋਵਤ ਨਾਮ ॥*
*ਕਹੁ ਨਾਨਕ ਜਨ ਕੈ ਸਦ ਕਾਮ ॥ ਅੰਗ- ੨੮੬*

ਇਹੀ ਸਦਾ ਕੰਮ ਕਰਨਾ ਹੈ। ਬਾਕੀ ਤਾਂ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ- ੧੨*

ਸੋ ਪਾਤਸ਼ਾਹ ਕ੍ਰਿਪਾ ਕਰੋ -

*ਰੋਗੀ ਕਾ ਪ੍ਰਭ ਖੰਡਹੁ ਰੋਗੁ ॥ ਅੰਗ- ੧੧੪੬*

ਕਿਉਂਕਿ ਰੋਗੀ ਤਾਂ ਸਾਰੇ ਹੀ ਹਨ। ਇਸੇ ਕਰਕੇ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ -

*ਨਾਨਕ ਨਾਮ ਚੜ੍ਹਦੀ ਕਲਾ॥*
*ਤੇਰੇ ਭਾਣੇ ਸਰਬੱਤ ਕਾ ਭਲਾ॥*

ਪੰਜ ਪਿਆਰੇ ਜਿਹੜਾ ਮੰਤਰ ਦਿੰਦੇ ਹਨ ਇਸ ਦੀ ਕਮਾਈ ਕਰਕੇ ਇਕ ਐਸੀ ਦਵਾਈ ਮਿਲਦੀ ਹੈ -

*ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥ ਅੰਗ- ੧੦੧*

ਉਹ ਨਾਮ ਦੀ ਦਵਾਈ ਮਿਲਦੀ ਹੈ। ਜਿਹਨੇ ਮੰਤਰ ਲੈ ਲਿਆ, ਮੰਤਰ ਦੀ ਕਮਾਈ ਕਰ ਲਈ। ਦਵਾਈ ਵੀ ਰਾਸ ਓ ਗਈ -

*ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥*
*ਅੰਗ- ੧੩੬੩*

*(ਬਾਕੀ ਪੰਨਾ 41 'ਤੇ)*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-50)*

**ਸਿਰੀਰਾਗ ਮਹਲਾ ੧**
**ਸੁਣਿ ਮਨ ਭੂਲੇ ਬਾਵਰੇ**
**ਗੁਰ ਕੀ ਚਰਣੀ ਲਾਗੁ॥**

ਹੇ ਪਰਮੇਸ਼ਰ ਤੋਂ ਭੁੱਲੇ ਹੋਏ ਅਤੇ ਵਿਕਾਰਾਂ ਵਿਚ ਬਾਵਰੇ=ਕਮਲੇ, ਝੱਲੇ ਹੋਏ ਮਨ! ਸੁਣਨਾ ਕਰ ਵਾ: ਹੇ ਮਨਾਂ! ਸੁਣਨਾ ਕਰ, ਤੂੰ ਪਰਮੇਸ਼ਰ ਦੇ ਨਾਮ ਨੂੰ ਭੁੱਲ ਕੇ ਵਿਕਾਰਾਂ ਵਿਚ ਕਮਲਾ ਹੋਇਆ ਫਿਰਦਾ ਹੈਂ, ਜਿਥੋਂ ਤੈਨੂੰ ਕੁਝ ਵੀ ਪ੍ਰਾਪਤ ਨਹੀਂ ਹੋਵੇਗਾ। ਜੀਵਨ ਮੁਕਤੀ ਦਾ ਅਨੰਦ ਪ੍ਰਾਪਤ ਕਰਨ ਲਈ ਸਤਿਗੁਰਾਂ ਦੇ ਚਰਨਾਂ ਕਮਲਾਂ ਨਾਲ ਲੱਗਣਾ ਕਰ ਭਾਵ ਜੁੜਨਾ ਕਰ।

**ਹਰਿ ਜਪਿ ਨਾਮੁ ਧਿਆਇ ਤੂ**
**ਜਮੁ ਡਰਪੈ ਦੁਖ ਭਾਗੁ॥**

ਤੂੰ ਬਾਣੀ ਕਰਕੇ ਪਰਮੇਸ਼ਰ ਦਾ ਨਾਮ ਜਪਣਾ ਕਰ ਤੇ ਹਿਰਦੇ ਕਰਕੇ ਉਸ ਪਰਮੇਸ਼ਰ ਨੂੰ ਧਿਆਉਣਾ ਕਰ, ਫਿਰ ਤੇਰੇ ਸਾਰੇ ਦੁਖ ਭਾਗੁ=ਭੱਜ ਜਾਣਗੇ ਭਾਵ ਨਾਸ ਹੋ ਜਾਣਗੇ ਤੇ ਜਮ ਵੀ ਤੇਰੇ ਕੋਲੋਂ ਡਰਪੈ=ਭੈ ਖਾਵੇਗਾ ਵਾ: ਜਮ ਜੋ ਦੁੱਖ ਦੇਣ ਵਾਲਾ ਹੈ, ਉਹ ਵੀ ਡਰ ਕੇ ਭੱਜ ਜਾਵੇਗਾ।

**ਦੂਖੁ ਘਣੋ ਦੋਹਾਗਣੀ**
**ਕਿਉ ਥਿਰੁ ਰਹੈ ਸੁਹਾਗੁ॥੧॥**

ਜਿਵੇਂ ਦੋਹਾਗਣੀ=ਛੁੱਟੜ ਇਸਤ੍ਰੀ ਹੁੰਦੀ ਹੈ ਜਿਸ ਨੂੰ ਔਗੁਣਾਂ ਕਰਕੇ ਪਤੀ ਛੱਡ ਦਿੰਦਾ ਹੈ, ਫਿਰ ਉਹਨਾਂ ਨੂੰ ਬਹੁਤਾ ਦੁੱਖ ਪ੍ਰਾਪਤ ਹੁੰਦਾ ਹੈ। ਇਸੇ ਤਰ੍ਹਾਂ ਜਿਨ੍ਹਾਂ ਨੇ ਸਤਿਗੁਰਾਂ ਦੇ ਉਪਦੇਸ਼ ਨੂੰ ਸੁਣ ਕੇ ਉਸ ਦੀ ਕਮਾਈ ਨਹੀਂ ਕੀਤੀ, ਉਪਦੇਸ਼ ਹਿਰਦੇ ਵਿਚ ਧਾਰਨ ਨਹੀਂ ਕੀਤਾ, ਉਹ ਜੀਵ ਛੁੱਟੜ ਇਸਤ੍ਰੀਆਂ ਦੀ ਨਿਆਈਂ ਹਨ। ਉਨ੍ਹਾਂ ਨੂੰ ਲੋਕ ਪਰਲੋਕ ਵਿਚ ਘਣੋ=ਬਹੁਤਾ ਦੁੱਖ ਪ੍ਰਾਪਤ ਹੁੰਦਾ ਹੈ ਵਾ: ਜੰਮਣ ਮਰਣ ਦਾ ਬਹੁਤਾ ਦੁੱਖ ਪ੍ਰਾਪਤ ਹੁੰਦਾ ਹੈ। ਐਸੇ ਜੀਵ ਦਾ ਜੋ ਸੁਹਾਗੁ=ਅਨੰਦ ਹੈ, ਉਹ ਕਿਵੇਂ ਥਿਰੁ=ਇਸਥਿਤ ਰਹਿ ਸਕਦਾ ਹੈ ਭਾਵ ਨਹੀਂ ਰਹਿ ਸਕਦਾ।

**ਭਾਈ ਰੇ ਅਵਰੁ ਨਾਹੀ ਮੈ ਥਾਉ॥**

ਹੇ ਭਾਈ! ਮੈਨੂੰ ਤਾਂ ਇਕ ਅਕਾਲ ਪੁਰਖ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਥਾਉ=ਟਿਕਾਣਾ ਨਹੀਂ ਹੈ। ਉਸ ਦੇ ਸਰੂਪ ਤੋਂ ਬਿਨਾਂ ਹੋਰ ਕਿਹੜੇ ਸਰੂਪ ਦੀ ਓਟ ਰੱਖੀਏ ਕਿਉਂਕਿ ਉਸ ਤੋਂ ਵੱਡਾ ਕੋਈ ਹੋਰ ਹੈ ਹੀ ਨਹੀਂ।

**ਮੈ ਧਨੁ ਨਾਮੁ ਨਿਧਾਨੁ ਹੈ**
**ਗੁਰਿ ਦੀਆ ਬਲਿ ਜਾਉ॥੧॥ਰਹਾਉ॥**

ਮੈ=ਮੇਰੇ ਕੋਲ ਸਤਿਗੁਰਾਂ ਦਾ ਦਿਤਾ ਹੋਇਆ ਨਾਮ ਦਾ ਨਿਧਾਨੁ=ਖਜ਼ਾਨਾ ਹੈ। ਐਸੇ ਸਤਿਗੁਰਾਂ ਤੋਂ ਬਲਿ=ਬਲਿਹਾਰ ਕੁਰਬਾਨ ਜਾਣਾ ਕਰੀਏ, ਜਿਨ੍ਹਾਂ ਨੇ ਇਹ ਖਜ਼ਾਨਾ ਬਖਸ਼ਿਆ ਹੈ।

**ਗੁਰਮਤਿ ਪਤਿ ਸਾਬਾਸਿ ਤਿਸੁ**
**ਤਿਸ ਕੈ ਸੰਗਿ ਮਿਲਾਉ॥**

ਜਿਸ ਦੇ ਅੰਦਰ ਸਤਿਗੁਰਾਂ ਦੀ ਮਤਿ=ਸਿੱਖਿਆ ਪ੍ਰਾਪਤ ਹੋਈ ਹੈ, ਉਸ ਦੀ ਇਸ ਲੋਕ ਵਿਚ ਪਤਿ=ਇੱਜ਼ਤ ਹੁੰਦੀ ਹੈ ਅਤੇ ਪਰਲੋਕ ਵਿਚ ਵੀ ਉਸ ਦਾ ਸਾਬਾਸਿ=ਧੰਨਵਾਦ ਕੀਤਾ ਜਾਂਦਾ ਹੈ ਵਾ: ਉਸ ਨੂੰ ਸਾਬਾਸਿ=ਧੰਨ-ਧੰਨ ਆਖਿਆ ਜਾਂਦਾ ਹੈ ਕਿਉਂਕਿ ਉਹ ਧੰਨਤਾ ਦੇ ਯੋਗ ਹਨ। ਹੇ ਸੱਚੇ ਪਾਤਸ਼ਾਹ! ਐਸੇ ਜੋ ਗੁਰਮੁਖ ਹਨ, ਉਹਨਾਂ ਦੇ ਸੰਗ ਵਿਚ ਮਿਲਾਉਣਾ ਕਰੋ ਅਥਵਾ ਜਿਨ੍ਹਾਂ ਨੂੰ ਗੁਰਮਤਿ ਦੀ ਪ੍ਰਾਪਤੀ ਹੁੰਦੀ ਹੈ, ਉਹ ਵਿਸ਼ਿਆਂ ਤੋਂ ਨਿਰਵਿਕਾਰ ਜੀਵਨ ਹੋਣ ਕਰਕੇ ਪਤਿ=ਇੱਜ਼ਤ ਵਾਲੇ ਹਨ ਅਤੇ ਉਹੀ ਦੈਵੀ ਗੁਣਾਂ ਦੇ ਧਾਰਨੀ ਹੋ ਕੇ ਅਭਿਮਾਨ ਤੋਂ ਰਹਿਤ ਹੋਣ ਕਰਕੇ ਸਾਬਾਸਿ=ਧੰਨਤਾ ਦੇ ਯੋਗ ਹਨ। ਐਸੇ ਗੁਰੂ ਦੀ ਮਤਿ ਨੂੰ ਧਾਰਨ ਕਰਨ ਵਾਲੇ ਜੋ ਗੁਰਮੁਖ ਹਨ, ਉਨ੍ਹਾਂ ਦੀ ਸੰਗਤ ਵਿਚ ਸਾਨੂੰ ਮਿਲਾਉਣਾ ਕਰੋ।

**ਤਿਸੁ ਬਿਨੁ ਘੜੀ ਨ ਜੀਵਊ**
**ਬਿਨੁ ਨਾਵੈ ਮਰਿ ਜਾਉ॥**

ਐਸੇ ਪ੍ਰਭੂ ਦੇ ਪਿਆਰਿਆਂ ਤੋਂ ਬਿਨਾਂ ਘੜੀ ਮਾਤਰ ਵੀ ਸਾਡਾ ਜਿਊਣਾ ਨਹੀਂ ਹੁੰਦਾ ਵਾ: ਤਿਸੁ=ਉਸ ਪ੍ਰਮੇਸ਼ਰ ਤੋਂ ਬਿਨਾਂ ਇਕ ਘੜੀ ਵੀ ਜੀਅ ਨਹੀਂ ਸਕਦੇ, ਨਾਮ ਤੋਂ ਬਿਨਾਂ ਤਾਂ ਸਾਡਾ ਮਰ ਜਾਣਾ ਹੁੰਦਾ ਹੈ।

**ਮੈ ਅੰਧੁਲੇ ਨਾਮੁ ਨ ਵੀਸਰੈ**
**ਟੇਕ ਟਿਕੀ ਘਰਿ ਜਾਉ॥੨॥**

ਜਿਸ ਪ੍ਰਕਾਰ ਅੰਧੁਲੇ=ਅੰਨ੍ਹੇ ਪੁਰਸ਼ ਦੇ ਹੱਥ ਵਿਚ ਸੋਟੀ ਹੁੰਦੀ ਹੈ, ਉਹ ਉਸ ਸੋਟੀ ਦੀ ਟੇਕ ਨੂੰ ਟਿਕਾ ਕੇ ਉਸ ਦਾ ਆਸਰਾ ਲੈ ਕੇ ਟੋਇਆਂ, ਨਾਲੀਆਂ, ਪੱਥਰਾਂ ਆਦਿ ਨੂੰ ਟੋਹ ਕੇ ਚਲਦਾ ਹੈ ਤੇ ਆਪਣੇ ਘਰ ਪਹੁੰਚ ਜਾਂਦਾ ਹੈ ਅਥਵਾ ਇਸ ਪ੍ਰਕਾਰ ਹੇ ਸੱਚੇ ਪਾਤਸ਼ਾਹ! ਅਸੀਂ ਵੈਰਾਗ-ਬਿਬੇਕ ਰੂਪ ਨੇਤਰਾਂ ਤੋਂ ਅੰਨ੍ਹੇ ਹਾਂ। ਪਰੋਖ-ਅਪਰੋਖ ਗਿਆਨ ਤੋਂ ਹੀਣੇ ਹਾਂ। ਸਾਨੂੰ ਨਾਮ ਸੋਟੀ ਦੀ ਨਿਆਈਂ ਹੈ। ਇਸ ਕਰਕੇ ਕਦੇ ਵੀ ਸਾਨੂੰ ਨਾਮ ਨਾ ਭੁੱਲੇ। ਇਸ ਨਾਮ ਦੀ ਹੀ ਟੇਕ ਟਿਕਾ ਕੇ ਭਾਵ ਨਾਮ ਦੇ ਆਸਰੇ ਸੰਸਾਰ ਵਿਚ ਭਗਤੀ ਮਾਰਗ 'ਤੇ ਚਲਦੇ ਹਾਂ। ਇਸ ਨਾਮ ਦੇ ਆਸਰੇ ਹੀ ਆਪਣੇ ਸਰੂਪ ਰੂਪੀ ਘਰ

ਵਿਚ ਪਹੁੰਚ ਸਕਦੇ ਹਾਂ।

**ਗੁਰੂ ਜਿਨਾ ਕਾ ਅੰਧੁਲਾ
ਚੇਲੇ ਨਾਹੀ ਠਾਉ॥**

ਜਿਨ੍ਹਾਂ ਦਾ ਗੁਰੂ ਹੀ ਅੰਧੁਲਾ=ਅੰਨ੍ਹਾ ਹੈ ਭਾਵ ਗੁਰੂ ਦੇ ਮਨ, ਬੁੱਧ ਰੂਪ ਨੇਤਰਾਂ ਵਿਚ ਗਿਆਨ ਦਾ ਪ੍ਰਕਾਸ਼ ਨਹੀਂ, ਉਹ ਅੰਨ੍ਹਾ ਹੈ। ਉਨ੍ਹਾਂ ਦੇ ਚੇਲਿਆਂ ਨੂੰ ਸਰੂਪ ਰੂਪ ਠਾਉ=ਥਾਂ ਪ੍ਰਾਪਤ ਨਹੀਂ ਹੋ ਸਕਦੀ ਕਿਉਂਕਿ ਅੰਨ੍ਹਾ ਪੁਰਸ਼ ਕਿਸੇ ਨੂੰ ਸਹੀ ਮਾਰਗ ਨਹੀਂ ਦਸ ਸਕਦਾ।

**ਬਿਨੁ ਸਤਿਗੁਰ ਨਾਉ ਨ ਪਾਈਐ
ਬਿਨੁ ਨਾਵੈ ਕਿਆ ਸੁਆਉ॥**

ਸਤਿਗੁਰਾਂ ਤੋਂ ਬਿਨਾਂ ਜੀਵ ਨੂੰ ਨਾਮ ਪ੍ਰਾਪਤ ਨਹੀਂ ਹੋ ਸਕਦਾ, ਕਿਉਂਕਿ ਸਤਿਗੁਰੂ ਜੀ ਅਕਾਲ ਪੁਰਖ ਦਾ ਸਰੂਪ ਹਨ। ਨਾਮ ਦੀ ਦਾਤ ਸਤਿਗੁਰਾਂ ਤੋਂ ਹੀ ਪ੍ਰਾਪਤ ਹੋ ਸਕਦੀ ਹੈ, ਕਿਸੇ ਪਖੰਡੀ ਤੋਂ ਨਹੀਂ। ਨਾਮ ਪ੍ਰਾਪਤ ਕੀਤੇ ਤੋਂ ਬਿਨਾਂ ਦੁਨੀਆਂ ਵਿਚ ਆਉਣ ਦਾ ਕੀ ਸੁਆਉ=ਪ੍ਰਯੋਜਨ, ਲਾਭ ਹੈ ਭਾਵ ਨਾਮ ਤੋਂ ਬਿਨਾਂ ਸੰਸਾਰ ਵਿਚ ਆਉਣਾ ਵਿਅਰਥ ਹੈ ਵਾ: ਪ੍ਰਭੂ ਦੇ ਨਾਮ ਤੋਂ ਬਿਨਾਂ ਆਤਮਾਨੰਦ ਦਾ ਸੁਆਉ=ਸੁਆਦ ਰਸ ਕਿਵੇਂ ਆ ਸਕਦਾ ਹੈ ਭਾਵ ਨਹੀਂ ਆ ਸਕਦਾ ਵਾ: ਨਾਮ ਤੋਂ ਬਿਨਾਂ ਪਰਮ ਪ੍ਰਯੋਜਨ ਦੀ ਸਿੱਧੀ, ਪਰਮਾਨੰਦ ਦੀ ਪ੍ਰਾਪਤੀ ਸੰਸਾਰ ਦੁੱਖ ਦੀ ਨਵਿਰਤੀ ਰੂਪ ਸੁਆਉ=ਪ੍ਰਯੋਜਨ ਕੀ ਸਿੱਧ ਹੋ ਸਕਦਾ ਹੈ ਭਾਵ ਨਹੀਂ ਹੋ ਸਕਦਾ।

**ਆਇ ਗਇਆ ਪਛੁਤਾਵਣਾ
ਜਿਉ ਸੁੰਞੈ ਘਰਿ ਕਾਉ॥੩॥**

ਸੰਸਾਰ ਵਿਚ ਜਨਮ ਧਾਰ ਕੇ ਜੀਵ ਆਇਆ ਪਰ ਨਾਮ ਨਾ ਜਪਣ ਕਰਕੇ ਨਾਮ ਦੀ ਪ੍ਰਾਪਤੀ ਤੋਂ ਹੀਣਾ ਸੰਸਾਰ ਵਿਚੋਂ ਪ੍ਰਲੋਕ ਨੂੰ ਇਸ ਤਰ੍ਹਾਂ ਪਛੁਤਾਉਂਦਾ ਚਲਾ ਜਾਂਦਾ ਹੈ ਜਿਸ ਤਰ੍ਹਾਂ ਸੁੰਞੈ=ਖਾਲੀ ਘਰ ਵਿਚੋਂ ਕਾਂ ਭੁੱਖਾਂ ਹੀ ਤੁਰ ਜਾਂਦਾ ਹੈ, ਕਿਉਂਕਿ ਸੁੰਞੈ ਘਰ ਵਿਚ ਕਾਂ ਬੱਚਿਆਂ ਕੋਲੋਂ ਟੁਕੜੇ ਨਹੀਂ ਖੋਹ ਸਕਦਾ ਕਿਉਂਕਿ ਉਥੇ ਬੱਚੇ ਹੈ ਹੀ ਨਹੀਂ। ਇਸ ਪ੍ਰਕਾਰ ਜੀਵ ਨੇ ਵੈਰਾਗ ਬਿਬੇਕ ਰੂਪ ਬੱਚਿਆਂ ਪਾਸੋਂ ਸ਼ੁਭ ਗੁਣਾਂ ਰੂਪ ਟੁੱਕੜ ਪ੍ਰਾਪਤ ਕਰਨਾ ਸੀ ਪਰ ਇਹ ਸਾਰੀ ਉਮਰ ਕੁਸੰਗਤ ਵਿਕਾਰਾਂ ਵਾਲੀਆਂ ਨਾਮ ਤੋਂ ਖਾਲੀ ਥਾਵਾਂ 'ਤੇ ਹੀ ਫਿਰਦਾ ਰਿਹਾ ਤੇ ਅੰਤ ਨੂੰ ਸੰਸਾਰ ਵਿਚੋਂ ਪਛੁਤਾਉਂਦਾ ਹੋਇਆ ਸੰਸਾਰ ਰੂਪੀ ਘਰ ਵਿਚੋਂ ਖਾਲੀ ਤੁਰ ਜਾਂਦਾ ਹੈ ਜਿਵੇਂ ਖਾਲੀ ਘਰ ਵਿਚੋਂ ਭੁੱਖਾ ਕਾਂ ਤੁਰ ਜਾਂਦਾ ਹੈ।

**ਬਿਨੁ ਨਾਵੈ ਦੁਖੁ ਦੇਹੁਰੀ
ਜਿਉ ਕਲਰ ਕੀ ਭੀਤਿ॥**

ਪਰਮੇਸ਼ਰ ਦੇ ਨਾਮ ਤੋਂ ਬਿਨਾਂ ਇਸ ਦੇਹੁਰੀ=ਮਨੁੱਖਾ ਦੇਹੀ ਵਾ: ਬੁੱਧੀ ਵਿਚ ਸਦਾ ਦੁੱਖ ਬਣਿਆ ਰਹਿੰਦਾ ਹੈ। ਇਸ ਦੀ ਹਾਲਤ ਕੱਲਰ ਕੀ=ਕੀ ਭੀਤਿ=ਕੰਧ ਵਰਗੀ ਹੋ ਰਹੀ ਹੈ। ਜਿਸ ਤਰ੍ਹਾਂ ਕੱਲਰ ਦੀ ਕੰਧ ਕਿਰਦੀ ਰਹਿੰਦੀ ਹੈ ਤੇ ਕਿਰ-ਕਿਰ ਕੇ ਟੁੱਟਦੀ ਰਹਿੰਦੀ ਹੈ, ਇਸੇ ਤਰ੍ਹਾਂ ਵਿਸੇ ਰੂਪ ਵਾ: ਨਿਸ਼ਰਧਕਪੁਣੇ ਰੂਪ ਕੱਲਰ ਕਰਕੇ ਇਹ ਦੇਹ ਟੁੱਟਦੀ ਹੀ ਜਾਂਦੀ ਹੈ। ਬੁੱਧੀ ਜਿਹੜੀ ਹੈ ਉਹ ਪ੍ਰਮਾਰਥ ਵਲੋਂ ਡਿਗਦੀ ਜਾ ਰਹੀ ਹੈ। ਇਸ ਪ੍ਰਕਾਰ ਕੱਲਰ ਦੀ ਨਿਆਈਂ ਨਿਸ਼ਰਧਕ ਸਾਕਤ ਪੁਰਸ਼ਾਂ ਦੀ ਦੇਹ ਹੈ। ਉਹ ਸਦਾ ਹੀ ਬਿਨਾਂ ਨਿਸ਼ਚੇ ਤੋਂ ਵਰਤਦੇ ਹਨ। ਅਖੀਰ ਕਿਰਦੇ-ਕਿਰਦੇ ਭਾਵ ਹਰ ਰੋਜ਼ ਸੁਆਸਾਂ ਦੀ ਗਿਣਤੀ ਘਟਦੀ ਜਾਂਦੀ ਹੈ ਅਤੇ ਅੰਤ ਨੂੰ ਇਹ ਦੇਹ ਡਿੱਗ ਪੈਂਦੀ ਹੈ ਤੇ ਸਰੀਰ ਦਾ ਅੰਤ ਹੋ ਜਾਂਦਾ ਹੈ।

**ਤਬ ਲਗੁ ਮਹਲੁ ਨ ਪਾਈਐ
ਜਬ ਲਗੁ ਸਾਚੇ ਨ ਚੀਤਿ॥**

ਤਬ=ਤਦੋਂ ਲਗੁ=ਤੱਕ ਮਹਲੁ=ਸਰੂਪ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਬ=ਜਦੋਂ ਲਗੁ=ਤੱਕ ਸੱਚਾ ਨਾਮ ਚਿੱਤ ਵਿਚ ਨਹੀਂ ਵਸਿਆ। ਜਦੋਂ ਸੱਚੇ ਪਰਮੇਸ਼ਰ ਦਾ ਨਾਮ ਚਿੱਤ ਵਿਚ ਵੱਸ ਗਿਆ, ਉਦੋਂ ਸਰੂਪ ਦੀ ਪ੍ਰਾਪਤੀ ਹੋ ਜਾਵੇਗੀ।

**ਸਬਦਿ ਰਪੈ ਘਰੁ ਪਾਈਐ
ਨਿਰਬਾਣੀ ਪਦੁ ਨੀਤਿ॥੪॥**

ਜੋ ਜਗਿਆਸੂ ਸਤਿਗੁਰਾਂ ਦੇ ਸ਼ਬਦ ਵਿਚ ਚਿੱਤ ਨੂੰ ਰਪੈ=ਰੰਗ ਲੈਂਦਾ ਹੈ, ਜਿਸ ਦੇ ਚਿੱਤ ਨੂੰ ਪ੍ਰੇਮ ਰੂਪੀ ਰੰਗ ਚੜ੍ਹ ਜਾਂਦਾ ਹੈ ਭਾਵ ਸ਼ਬਦ ਦਾ ਅਨੰਦ ਆ ਜਾਂਦਾ ਹੈ, ਉਹ ਫਿਰ ਆਤਮ ਘਰੁ=ਸਰੂਪ ਨੂੰ ਪਾਈਐ=ਪ੍ਰਾਪਤ ਕਰ ਲੈਂਦਾ ਹੈ ਅਤੇ ਨੀਤਿ=ਨਿਤ ਰਹਿਣ ਵਾਲੀ ਨਿਰਬਾਣੀ=ਬੰਧਨਾਂ ਤੋਂ ਰਹਿਤ ਪਦੁ=ਪਦਵੀ ਵਿਚ ਇਸਥਿਤ ਹੋ ਜਾਂਦਾ ਹੈ ਵਾ: ਗੁਰਾਂ ਦੇ ਸ਼ਬਦ ਵਿਚ ਆਪਣੇ ਮਨ ਨੂੰ ਰੰਗ ਕੇ ਨਿੱਤ ਰਹਿਣ ਵਾਲੇ ਨਿਰਬਾਣੀ=ਬੰਧਨਾਂ ਤੋਂ ਰਹਿਤ ਨਿਰਗੁਣ ਪਰਮੇਸ਼ਰ ਦੇ ਨਿਰਗੁਣ ਘਰੁ=ਸਰੂਪ ਵਿਚ ਅਭੇਦਤਾ ਰੂਪ ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ।

**ਹਉ ਗੁਰ ਪੂਛਉ ਆਪਣੇ
ਗੁਰ ਪੂਛਿ ਕਾਰ ਕਮਾਉ॥**

ਹਉ=ਅਸੀਂ ਆਪਣੇ ਅਕਾਲ ਪੁਰਖ ਸਤਿਗੁਰੂ ਨੂੰ ਪੂਛਉ=ਪੁੱਛਦੇ ਹਾਂ ਤੇ ਗੁਰੂ ਸਾਹਿਬ ਜੀ ਨੂੰ ਪੁੱਛ ਕੇ ਭਾਵ ਗੁਰੂ ਦੀ ਆਗਿਆ ਵਿਚ ਰਹਿ ਕੇ ਭਗਤੀ ਰੂਪ ਕਾਰ ਨੂੰ ਕਮਾਉ=ਕਮਾਉਂਦੇ ਹਾਂ।

**ਸਬਦਿ ਸਲਾਹੀ ਮਨਿ ਵਸੈ
ਹਉਮੈ ਦੁਖੁ ਜਲਿ ਜਾਉ॥**

ਸਤਿਗੁਰਾਂ ਦੇ ਸਬਦਿ=ਉਪਦੇਸ਼ ਦੁਆਰਾ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰਨ ਨਾਲ ਨਾਮ ਮਨ ਵਿਚ ਵਸ ਜਾਵੇਗਾ। ਫਿਰ ਜੋ ਹਉਮੈ=ਹੰਗਤਾ, ਮਮਤਾ, ਜੰਮਣ, ਮਰਣ ਰੂਪ ਦੁੱਖ ਦੇਣ ਵਾਲੀ ਹੈ, ਇਹ ਵੀ ਨਾਮ ਰੂਪ ਅੱਗ ਕਰਕੇ ਸੜ ਜਾਵੇਗੀ। ਫਿਰ ਮੁੜ ਕੇ ਸੰਸਾਰ ਵਿਚ ਜੰਮਣਾ, ਮਰਣਾ ਨਹੀਂ ਹੋਵੇਗਾ। ਕਿਉਂਕਿ ਜੀਵ ਹਉਮੈ ਕਰਕੇ ਹੀ ਜੰਮਦਾ ਮਰਦਾ ਹੈ ਤੇ ਪ੍ਰਭੂ ਨਾਮ ਇਸ ਦੁੱਖ ਦੇਣ ਵਾਲੀ ਹਉਮੈ ਨੂੰ ਸਾੜ ਕੇ ਸੁਆਹ ਕਰ ਦਿੰਦਾ ਹੈ।

**ਸਹਜੇ ਹੋਇ ਮਿਲਾਵੜਾ**
**ਸਾਚੇ ਸਾਚਿ ਮਿਲਾਉ॥੫॥**

ਸੱਚੇ ਪ੍ਰਮੇਸ਼ਰ ਦੇ ਸੱਚੇ ਨਾਮ ਦੇ ਮਿਲਣ ਕਰਕੇ ਸਹਜ=ਸਰੂਪ ਦਾ ਵਾ: ਸਹਜੇ=ਗਿਆਨ ਕਰਕੇ ਵਾ: ਸਹਜੇ=ਸੁਤੇ-ਸਿੱਧ ਪ੍ਰਭੂ ਦਾ ਮਿਲਾਵੜਾ=ਮਿਲਾਪ ਹੋ ਜਾਵੇਗਾ ਅਥਵਾ ਜਿਹੜੇ ਸੱਚੇ ਸ਼ਰਧਾਵਾਨ ਜਗਿਆਸੂ ਹਨ, ਉਨ੍ਹਾਂ ਦਾ ਸ੍ਰਵਣ ਨਾਲ ਮਿਲਾਪ ਹੁੰਦਾ ਹੈ। ਜਿਨ੍ਹਾਂ ਦਾ ਸ੍ਰਵਣ ਨਾਮ ਮਿਲਾਪ ਹੁੰਦਾ ਹੈ, ਉਨ੍ਹਾਂ ਦਾ ਪ੍ਰਮਾਣਗਤ ਸੰਸਾ ਮਿਟ ਜਾਂਦਾ ਹੈ। ਫੇਰ ਜਿਹੜੇ ਸੱਚੇ ਸਿੱਖ ਮੰਨਣ ਕਰਨ ਵਾਲੇ ਹਨ, ਉਨ੍ਹਾਂ ਦਾ ਸੱਚ ਸਰੂਪ ਦਾ ਨਿਧਿਆਸਣ ਨਾਲ ਮਿਲਾਪ ਹੋ ਕੇ ਪ੍ਰਮੇਯ ਸੰਸਾ ਤੇ ਵਿਪਰਜੇ ਸੰਸਾ ਨਾਸ ਹੋ ਜਾਂਦਾ ਹੈ। ਇਉਂ ਸੱਚੇ ਸਰੂਪ ਦੇ ਗਿਆਨ ਕਰਕੇ ਸੱਚੇ ਪਰਮੇਸ਼ਰ ਦੀ ਸਾਖਿਆਤਤਾ ਰੂਪ ਮਿਲਾਪ ਹੁੰਦਾ ਹੈ।

**ਸਬਦਿ ਰਤੇ ਸੇ ਨਿਰਮਲੇ;**
**ਤਜਿ ਕਾਮ ਕ੍ਰੋਧੁ ਅਹੰਕਾਰੁ॥**

ਜਿਨ੍ਹਾਂ ਨੇ ਵਸਤ ਵਿਚਾਰ ਦੁਆਰਾ ਕਾਮ, ਸ਼ਾਂਤੀ ਦੁਆਰਾ ਕ੍ਰੋਧ ਅਤੇ ਨਿਮਰਤਾ ਨਾਲ ਅਹੰਕਾਰ ਨੂੰ ਤਜਿ=ਛੱਡ ਕੇ ਆਪਣੇ ਮਨ ਨੂੰ ਸਤਿਗੁਰਾਂ ਦੇ ਸ਼ਬਦ ਨਾਲ ਰਤੇ=ਰੰਗ ਲਿਆ ਹੈ, ਸੇ=ਉਹ ਪਾਪਾਂ ਦੀ ਮੈਲ ਤੋਂ ਰਹਿਤ ਨਿਰਮਲੇ=ਉੱਜਲ ਪੁਰਖ ਹਨ ਅਥਵਾ ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਤਿਆਗ ਕੇ ਸ਼ਬਦ ਵਿਚ ਆਪਣੇ ਮਨ ਨੂੰ ਰੰਗਦੇ ਹਨ, ਉਹ ਨਿਰਮਲੇ=ਪਾਪਾਂ ਦੀ ਮੈਲ ਤੋਂ ਰਹਿਤ ਹੋ ਜਾਂਦੇ ਹਨ।

**ਨਾਮੁ ਸਲਾਹਨਿ ਸਦ ਸਦਾ**
**ਹਰਿ ਰਾਖਹਿ ਉਰ ਧਾਰਿ॥**

ਉਹ ਵਿਕਾਰਾਂ ਨੂੰ ਮੇਟਣ ਵਾਸਤੇ ਸਦਾ ਹੀ ਨਾਮ ਨੂੰ ਸਲਾਹੁੰਦੇ ਰਹਿੰਦੇ ਹਨ ਅਤੇ ਸਦਾ ਹੀ ਹਰਿ=ਪਰਮੇਸ਼ਰ ਨੂੰ ਉਰ=ਹਿਰਦੇ ਵਿਚ ਧਾਰਿ=ਧਾਰਨ ਕਰਕੇ ਰੱਖਦੇ ਹਨ, ਫਿਰ ਉਨ੍ਹਾਂ ਨੂੰ ਸਦਾ ਰਹਿਣ ਵਾਲੇ ਪਰਮੇਸ਼ਰ ਦੀ ਸਦਾ ਵਾਸਤੇ ਸਾਖਿਆਤਤਾ ਹੋ ਜਾਂਦੀ ਹੈ।

**ਸੋ ਕਿਉ ਮਨਹੁ ਵਿਸਾਰੀਐ**
**ਸਭ ਜੀਆ ਕਾ ਆਧਾਰੁ॥੬॥**

ਐਸੇ ਪਰਮੇਸ਼ਰ ਨੂੰ ਮਨ ਵਿਚੋਂ ਕਿਉਂ ਵਿਸਾਰੀਐ=ਭੁਲਾਉਣਾ ਕਰੀਏ, ਜੋ ਸਭ=ਸਾਰੇ ਜੀਆ=ਜੀਵਾਂ ਦਾ ਆਧਾਰੁ=ਆਸਰਾ ਰੂਪ ਹੈ।

**ਸਬਦਿ ਮਰੈ ਸੋ ਮਰਿ ਰਹੈ**
**ਫਿਰਿ ਮਰੈ ਨ ਦੂਜੀ ਵਾਰ॥**

ਜਿਹੜਾ ਪੁਰਸ਼ ਸਤਿਗੁਰਾਂ ਦੇ ਸ਼ਬਦ ਦੁਆਰਾ ਜੀਵਤ (ਹਉਮੈ) ਭਾਵ ਤੋਂ ਮਰਦਾ ਹੈ, ਉਹ ਮਰਿ ਰਹੈ=ਮਰਨ ਤੋਂ ਰਹਿਤ ਹੋ ਜਾਂਦਾ ਹੈ। ਜਦੋਂ ਇਕ ਵਾਰ ਸ਼ਬਦ ਦੁਆਰਾ ਜੀਵਤ (ਹਉਮੈ) ਭਾਵ ਤੋਂ ਮਰ ਗਿਆ, ਫਿਰ ਕਦੇ ਦੂਜੀ ਵਾਰ ਮਰਨਾ ਨਹੀਂ ਹੁੰਦਾ ਵਾ: ਦਵੈਤ ਕਰਕੇ ਸੰਸਾਰ ਵਿਚ ਜੰਮਣਾ ਮਰਣਾ ਹੁੰਦਾ ਹੈ। ਜਦੋਂ ਦੂਜੀ=ਦਵੈਤ ਨੂੰ ਹੀ ਵਾਰ=ਵਰਜ ਦਿਤਾ ਭਾਵ ਦੂਰ ਕਰ ਦਿਤਾ ਤਾਂ ਫਿਰ ਉਨ੍ਹਾਂ ਦਾ ਦੁਬਾਰਾ ਮਰਨਾ ਨਹੀਂ ਹੁੰਦਾ। ਉਹ ਇੱਕੋ ਵਾਰ ਹੀ ਜੀਵਤ ਭਾਵ ਤੋਂ ਮਰ ਜਾਂਦੇ ਹਨ।

**ਸਬਦੈ ਹੀ ਤੇ ਪਾਈਐ**
**ਹਰਿ ਨਾਮੇ ਲਗੈ ਪਿਆਰੁ॥**

ਸਤਿਗੁਰਾਂ ਦੇ ਸ਼ਬਦ ਦੀ ਕਮਾਈ ਕਰਕੇ ਹੀ ਜੰਮਣ ਮਰਨ ਤੋਂ ਰਹਿਤ ਅਨੰਦ ਸਰੂਪ ਪ੍ਰਭੂ ਨੂੰ ਪ੍ਰਾਪਤ ਕਰੀਦਾ ਹੈ, ਕਿਉਂਕਿ ਸਤਿਗੁਰਾਂ ਦੇ ਸ਼ਬਦ ਉਪਦੇਸ਼ ਦੁਆਰਾ ਹੀ ਹਰਿ=ਪਰਮੇਸ਼ਰ ਦੇ ਨਾਮ ਨਾਲ ਪਿਆਰ ਲੱਗਦਾ ਹੈ।

**ਬਿਨੁ ਸਬਦੈ ਜਗੁ ਭੂਲਾ ਫਿਰੈ**
**ਮਰਿ ਜਨਮੈ ਵਾਰੋ ਵਾਰ॥੭॥**

ਸ਼ਬਦ ਦੀ ਕਮਾਈ ਤੋਂ ਬਿਨਾਂ ਸਾਰਾ ਸੰਸਾਰ ਅਗਿਆਤ ਹੋ ਕੇ ਭਰਮ ਵਿਚ ਹੀ ਭੁੱਲਿਆ ਫਿਰਦਾ ਹੈ ਤੇ ਮੌਤ ਦਾ ਮਾਰਿਆ ਹੋਇਆ ਮਰਦਾ ਰਹਿੰਦਾ ਹੈ ਤੇ ਵਾਸ਼ਨਾ ਕਰਕੇ ਜੰਮਦਾ ਮਰਦਾ ਰਹਿੰਦਾ ਹੈ। ਇਉਂ ਜੰਮਣ ਮਰਣ ਆਵਾਗੌਣ ਵਿਚ ਹਰਟ ਦੀਆ ਟਿੰਡਾਂ ਵਾਂਗ ਭਰਮਣ ਕਰਦਾ ਰਹਿੰਦਾ ਹੈ।

**ਸਭ ਸਾਲਾਹੈ ਆਪ ਕਉ**
**ਵਡਹੁ ਵਡੇਰੀ ਹੋਇ॥**

ਸੰਸਾਰ ਵਿਚ ਕਿਸੇ ਨੂੰ ਵੀ ਵੇਖ ਲਈਏ, ਕੋਈ ਵੀ ਘੱਟ ਨਹੀਂ ਅਖਵਾਂਦਾ। ਸਭ ਕੋਈ ਆਪਣੇ ਆਪ ਕਉ=ਨੂੰ ਸਾਲਾਹੈ=ਸਲਾਹੁੰਦਾ ਹੈ ਕਿ ਮੈਂ ਵਡਹੁ ਵਡੇਰੀ=ਵੱਡਿਆਂ ਤੋਂ ਵੀ ਵੱਡਾ ਹੋਇ=ਹੋ ਜਾਵਾਂ ਵਾ: ਵੱਡਿਆਂ ਤੋਂ ਵੀ ਵੱਡੀ ਮੇਰੀ ਸੋਭਾ ਹੋ ਜਾਵੇ। ਆਪਣੇ ਆਪ ਨੂੰ ਈਸਾ ਜੀ, ਮੂਸਾ ਜੀ ਵਰਗੇ ਪੈਗੰਬਰਾਂ ਤੋਂ ਵੀ ਵੱਡਾ ਬਣ ਕੇ ਵਿਖਾਉਂਦਾ ਹੈ।

**ਗੁਰ ਬਿਨੁ ਆਪੁ ਨ ਚੀਨੀਐ**
**ਕਹੇ ਸੁਣੇ ਕਿਆ ਹੋਇ॥**

ਸਤਿਗੁਰੂ ਜੀ ਤੋਂ ਬਿਨਾਂ ਆਪਣੇ ਆਤਮ ਸਰੂਪ ਨੂੰ ਨਹੀਂ ਚੀਨੀਐ=ਜਾਣਿਆ ਜਾ ਸਕਦਾ। ਜੇ ਆਪਣੇ ਚੇਲਿਆਂ ਵਿਚ ਕਹਿ ਲਿਆ ਕਿ ਮੈਂ ਬ੍ਰਹਮ ਸਰੂਪ ਹਾਂ। ਇਸੇ ਪ੍ਰਕਾਰ ਚੇਲਿਆਂ ਤੋਂ ਆਪਣੀ ਵਡਿਆਈ ਕੰਨਾਂ ਨਾਲ ਸੁਣ ਲਈ ਕਿ ਸਾਡੇ ਸੰਤ ਬਿਦੇਹ ਮੁਕਤ ਹਨ, ਰਾਤ ਨੂੰ ਹੱਥ ਪੈਰ ਵੱਖਰੇ-ਵੱਖਰੇ ਕਰ ਲੈਂਦੇ ਹਨ ਆਦਿ। ਇਸ ਪ੍ਰਕਾਰ ਆਪਣੀ ਵਡਿਆਈ ਆਪ ਕਹਿਣ ਨਾਲ ਤੇ ਚੇਲਿਆਂ ਤੋਂ ਸੁਣਨ ਨਾਲ ਕੀ ਹੋ ਸਕਦਾ ਹੈ ਭਾਵ ਅਕਾਲ ਪੁਰਖ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋ ਸਕਦੀ।

**ਨਾਨਕ ਸਬਦਿ ਪਛਾਣੀਐ**
**ਹਉਮੈ ਕਰੈ ਨ ਕੋਇ॥੮॥੮॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਤਿਗੁਰਾਂ ਦੇ ਸ਼ਬਦ ਦੁਆਰਾ ਅਕਾਲ ਪੁਰਖ ਵਾਹਿਗੁਰੂ ਦੀ ਪਛਾਣ ਕਰੀਏ। ਜਿਹੜਾ ਸ਼ਬਦ ਦੁਆਰਾ ਪਛਾਣਦਾ ਹੈ, ਉਹ ਕਦੇ ਵੀ ਹਉਮੈ=ਹੰਗਤਾ ਨਹੀਂ ਕਰਦਾ।

*'ਚਲਦਾ..........।'*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ-53)*

ਰੁਹੇਲੀ ਬੋਲੀ - ਜ਼ਰਾ ਨਜ਼ਰ ਭਰ ਕੇ ਚਿਹਰੇ ਵਲ ਤਕ ਤਾਂ ਸਹੀ ਤੇ ਜ਼ਰਾ ਹੋਸ਼ ਤਾਂ ਕਰ, ਸੋਚ ਜੋ ਮੁੜ-ਮੁੜ ਓਸੇ ਥਾਂ ਆਉਂਦਾ ਹੈ, ਤੇਰੀ ਕੈਦ ਤੇ ਵਿਕਰੀ ਤੋਂ ਡਰਦਾ ਨਹੀਂ, ਉਹ ਮਨੁੱਖ ਹੋ ਸਕਦਾ ਹੈ? ਇਹ ਗੱਲ ਕੁਛ ਕਾਟ ਕਰ ਗਈ, ਰੁਹੇਲੇ ਨੇ ਨਜ਼ਰ ਭਰ ਡਿੱਠਾ ਤਾਂ ਕੀ ਵੇਖੇ ਕਿ ਇਕ ਤਰ੍ਹਾਂ ਤਿੱਖੇ ਚਾਨਣੇ ਦੀਆਂ ਕਿਰਨਾਂ ਸਤਿਗੁਰੂ ਜੀ ਦੇ ਸਰੀਰ ਦੇ ਉਦਾਲੇ ਚੱਕਰ ਫੇਰ ਲਾ ਰਹੀਆਂ ਹਨ ਅਰ ਐਸ ਤਰ੍ਹਾਂ ਦੇ ਤੇਜ ਦਾ ਚੁਫੇਰੇ ਮੀਂਹ ਵਸ ਰਿਹਾ ਜਾਪਦਾ ਹੈ ਕਿ ਮਾਨੋਂ ਕੋਈ ਬਲੌਰ ਚਮਕ ਰਿਹਾ ਹੈ। ਹਾਂ, ਐਸੇ ਤੇਜ ਤੋਂ ਪਾਪਾਂ ਦੇ ਮਪੜ੍ਹੇ ਸੜ ਉੱਠੇ। ਰੁਹੇਲੇ ਦੀ ਦੇਖਦਿਆਂ ਸਾਰ ਚੀਕ ਨਿਕਲ ਗਈ, ਬਿਹਬਲ ਹੋ ਕੇ ਚਰਨਾਂ ਤੇ ਢੱਠਾ ਤੇ ਬੋਲਿਆ, ਹੇ ਨੂਰ ਹੀ ਨੂਰ, ਸਾਡੇ ਨੂਰ ਹੈਂ, ਹੇ ਨੂਰ!

ਸਤਿਗੁਰ ਨੇ ਬੜੇ ਜਬ੍ਹੇ ਦੀ ਸੁਰ ਵਿਚ ਕਿਹਾ - ਹੇ ਪੈਰ ਕੁਹਾੜਾ ਮਾਰਨਹਾਰੇ, ਸਿਆਣੇ! ਜਿੰਨੇ ਜੀਵ ਤੂੰ ਬੰਦੀ ਪਾਏ, ਉਤਨੇ ਬੰਦ ਤੇਰੀ ਆਪਣੀ ਰੂਹ ਦੇ ਉਦਾਲੇ ਪੈਂਦੇ ਗਏ ਹਨ। ਤੂੰ ਹੁਣ ਕੈਦ ਹੈਂ ਅਰ ਕੈਦ ਤੋਂ ਛੁੱਟ ਨਹੀਂ ਸਕਦਾ, ਜਦ ਤਕ ਕਿ ਜੀਵ ਪ੍ਰਯੰਤ ਰੱਬ ਦੀ ਯਾਦ ਵਿਚ ਨਾ ਲੱਗੇਂ। ਇਕੋ ਦਾਰੂ ਹੈ ਤੇਰੇ ਛੁਟਕਾਰੇ ਦਾ, ਕਹੁ! ਹੈ ਮਨਜ਼ੂਰ?

ਰੁਹੇਲਾ - ਹੇ ਨੂਰ ਹੀ ਨੂਰ! ਬਖਸ਼ ਲੈ! ਜੋ ਕਰਾਵੇਂ, ਸੋ ਕਰਸਾਂ, ਮੈਂ ਤਾਂ ਮਾੜਾ, ਨੀਵਾਂ ਤੇ ਨੀਚ ਹਾਂ। ਤਦ ਸਤਿਗੁਰ ਨੇ ਕ੍ਰਿਪਾ ਕੀਤੀ ਅਰ ਉਹ ਰੁਹੇਲਾ ਸਿੱਖ ਹੋਇਆ ਤੇ ਓਸ ਨੇ -

*ਤਜਯੋ ਕੁਕਰਮਨ ਕੋ ਜੁ ਸੁਭਾਵਾ।*
*ਸੇਵ ਬੰਦਗੀ ਮੈਂ ਚਿਤ ਲਾਵਾ।*
*ਨਾਮ ਦਾਨ ਇਸ਼ਨਾਨ ਦ੍ਰਿੜਾਈ।*
*ਤਿਹ ਤੇ ਗਮਨ ਕੀਨ ਜਗਰਾਈ।*

ਜਗਤ ਦੀ ਪੀੜਾ ਨੂੰ ਹਰਨ ਵਾਲਾ, ਆਪ ਪੀੜਾ ਵਿਚ ਪੈ ਕੇ ਪੀੜਾ ਦਾ ਸਿਰ ਚਿੱਥ ਦੇਣ ਵਾਲਾ, ਕੋਮਲ ਪਰ ਅਹਿੱਲ ਤੇ ਅਡੋਲ ਹਿਰਦੇ ਵਾਲਾ ਪਿਆਰਾ ਸਤਿਗੁਰ ਫੇਰ ਓਸੇ ਟਿੱਲੇ ਉਤੇ ਆਣ ਬੈਠਾ। ਉਹ ਜੋ ਕੌਤਕ ਸੀ, ਜੋ ਸਰੀਰ ਦੇ ਸੁਖ ਤੇ ਸੁਤੰਤਰਤਾ ਵਾਰ ਕੇ ਦੁਖੀਆਂ ਨੂੰ ਸੁਖੀਏ ਬਨਾਉਣ ਦਾ ਅਮਿੱਤ ਪਿਆਰ ਸੀ, ਸਤਿਗੁਰ ਵਰਤਾ ਆਇਆ ਸੀ। ਅੱਧੀ ਰਾਤ ਵੇਲੇ ਜੋ ਆਤਮ ਨਾੜਾਂ ਦੇ ਪਛਾਣੂ ਸਤਿਗੁਰ ਨੇ ਰੋਣ ਦੀ ਆਵਾਜ਼ ਸੁਣੀ ਸੀ, ਉਹ ਹੁਣ ਖੁਸ਼ੀ ਵਿਚ ਵਟਾ ਆਇਆ ਸੀ। ਇਕ ਨਾਮ ਦਾ ਰਸੀਆ 'ਭਾਈ ਹਰਾ' ਬੰਦੀ ਵਿਚ ਸੀ, ਉਸ ਦੀ ਸੁਰਤ ਨਾਮ ਦੀ ਤਾਰ ਵਿਚ ਪਰੋਤੀ ਹੋਣ ਕਰਕੇ ਉਸ ਦੇ ਦੁੱਖ ਦੀ ਖਿੱਚ ਬ੍ਰਹਿਮੰਡ ਨੂੰ ਪੈ ਰਹੀ ਸੀ, ਖਲਕ ਦੇ ਦੁੱਖ ਤੇ ਨੰਦ ਲਾਲ ਜੀ ਆਖਦੇ ਹਨ, ਖਾਲਕ ਦੁਖਦਾ ਹੈ ਅਤੇ ਹਾਂ 'ਹਰਿ ਹਰਿ ਜਨ ਦੁਇ ਏਕ ਹੈਂ' ਹਰਿ ਜਨ ਦੇ ਦੁਖਿਆਂ, ਵਾਹਿਗੁਰੂ ਦੇ ਹੁਕਮ ਵਾਲੇ ਮੰਡਲ ਵਿਚ ਧੂ ਪੈ ਕੇ ਛੁਟਕਾਰੇ ਦੇ ਹੁਕਮ ਨੂੰ ਕਿਉਂ ਨਾ ਖਿੱਚ ਲਿਆਵੇ। ਪਿਆਰੇ ਸਤਿਗੁਰ ਨੇ ਏਸੇ ਕਰਕੇ ਉਹਨਾਂ ਰੁਹੇਲਿਆਂ ਤੇ ਮੀਰਾਂ ਮੁਗਲਾਂ ਨੂੰ ਟੁਰਨ ਲੱਗਿਆਂ ਹੋਰ ਸਤਿ ਉਪਦੇਸ਼ ਦੇ ਕੇ ਖਾਸ ਤਾਗੀਦ ਕੀਤੀ ਸੀ -

*ਆਵੈ ਇਹਾਂ ਜੁ ਸਿੱਖ ਹਮਾਰਾ।*
*ਸੇਵਾ ਕਰਨੀ ਤਿਹ ਹਿਤ ਧਾਰ।* *(ਗੁਰ. ਨਾਨਕ ਸੂਰਯੋਦਯ)*

ਸਿੱਖ ਉਹ ਹੈ ਜੋ ਵਾਹਿਗੁਰੂ ਦੀ ਤਾਰ ਵਿਚ ਸੁਰਤ ਨੂੰ ਪਰੋ ਚੁੱਕਾ ਹੈ, ਵਾਹਿਗੁਰੂ ਜੀ ਦੇ ਇਕ ਸੂਤ੍ਰ ਵਿਚ ਪਰੋਤੇ ਗਏ ਮਣਕੇ ਨੂੰ ਜਦ ਖਿੱਚ ਪਹੁੰਚੇਗੀ ਤਾਂ ਸਾਰੀ ਮਾਲਾ ਖਿੱਚ ਖਾਏਗੀ, ਸੋ ਸਤਿਗੁਰ ਵੈਦ ਨੇ ਰਾਮ ਰਸੀਏ ਨੂੰ ਪ੍ਰਤੱਖ ਮੁਕਤੀ ਦਿਤੀ ਤੇ ਬੰਦੀਗੀਰਾਂ ਨੂੰ ਬੀ ਪਾਪਾਂ ਤੋਂ ਛੁਡਾਇਆ ਤੇ ਸਾਰੇ ਕਾਰਜ ਸਾਰ ਕੇ ਫੇਰ ਆਪਣੇ ਸੁਖ ਸਰੂਪ ਵਿਚ ਆ ਓਥੇ ਹੀ ਡੇਰਾ ਲਾਇਆ। ਓਹੋ ਤੇਜ ਦਾ ਪ੍ਰਕਾਸ਼ ਫੈਲ ਗਿਆ, ਓਹੋ ਵੇਗ ਦਾ ਆਨੰਦ ਆ ਝੁੱਲਿਆ। ਓਸ ਗੁਰ ਚਰਨਾਂ ਦੇ ਭੌਰੇ ਮਰਦਾਨੇ ਨੂੰ ਭੀ ਜਿੱਥੇ ਉਹ ਸੀ, ਓਥੇ ਹੀ ਧੂ ਪਈ, ਉਸ ਦੇ ਅੰਦਰਲੇ ਮਨ ਨੂੰ ਪ੍ਰੇਮ ਨੇ ਰਸਤੇ ਪਾਇਆ, ਉਸ ਨਾ ਦਿਸਣ ਵਾਲੇ ਪਰ ਮਨ ਦੇ ਝੁਕਾਉ ਤੋਂ ਰੁਖ ਪਲਟਾਉਣ ਵਾਲੇ ਅਸਰ ਨੇ ਪੈਰਾਂ ਨੂੰ ਰਸਤਾ ਦੱਸਿਆ। ਜਿੱਦਾਂ ਨਹੀਂ ਪਤਾ ਸੀ ਕਿੱਧਰ ਚੱਲਿਆ ਹਾਂ, ਓਦਾਂ ਬੇਪਤੇ ਹੀ ਟੁਰ ਪਿਆ ਪਰ ਆਣ ਓਥੇ ਹੀ ਨਿਕਲਿਆ। ਜਾਂ ਦੂਰੋਂ ਡਿੱਠਾ ਸੂ ਤਾਂ ਭੰਨਾਂ ਤੇ ਆ ਕੇ ਚਰਨਾਂ ਨੂੰ ਚੰਬੜ ਗਿਆ, ਰੋਂਦੇ ਦੀ ਹਿਚਕੀ ਬੱਝ ਗਈ, ਤੇ ਸਰੀਰ ਮੁੜ੍ਹਕਾ ਤੇ ਲੂੰ ਕੰਡੇ ਹੋ ਕੇ ਮਰਦਾਨਾ ਅਮਿੱਤ ਖੁਸ਼ੀ ਨਾਲ ਬੇਸੁਰਤ ਜਿਹਾ ਹੋ ਗਿਆ। ਸਤਿਗੁਰ ਨੇ ਕੰਡ ਤੇ ਹੱਥ ਫੇਰਿਆ, ਪਿਆਰ ਦਿਤਾ ਤੇ ਕੋਲ ਬਿਠਾ ਕੇ ਸੁੱਖ ਪੁੱਛੀ।

ਮਰਦਾਨਾ - ਮੈਂ ਤਾਂ ਮੁੱਢ ਦਾ ਭੁੱਲਾ ਹੋਇਆ ਹਾਂ, ਆਪ ਦੇ ਦਰ ਦਾ ਸੁਆਲੀ ਹਾਂ, ਕੀ ਪੁੱਛਾਂ ਤੇ ਕੀਹ ਦੱਸਾਂ, ਜੋ ਆਪ ਦੀ ਰਜਾਇ ਸੀ ਵਰਤਿਆ, ਮੈਨੂੰ ਤਾਂ ਕਾਈ ਸੁਧ ਨਹੀਂ ਰਹੀ, ਦਿਨੇ ਰਾਤ ਵੈਰਾਗ ਵਿਚ ਰਿਹਾ ਹਾਂ। ਕਿਸੇ ਵੇਲੇ ਦਰਸ਼ਨ ਹੁੰਦੇ ਸਨ ਤੇ ਕਿਸੇ ਵੇਲੇ ਬੀਬੀ ਜੀ ਦਲ੍ਹੀਜਾਂ ਵਿਚ ਬੈਠੇ ਰਾਹ ਤੱਕਦੇ, ਵੀਰ-ਵੀਰ ਕਰਦੇ ਦਿਸਦੇ ਸਨ। ਏਸੇ ਤਰ੍ਹਾਂ ਦਿਨ ਬੀਤ ਗਏ, ਅੱਜ ਜੀ

ਨੂੰ ਖਿੱਚ ਵੱਜੀ ਤੇ ਸਦਾ ਲਿਆ ਨੇ, ਆਪੇ ਮਿਲਾ ਲਿਆ ਨੇ। ਹੇ ਜੋਤਿ ਨਿਰੰਜਨੀ! ਤੇਰੀਆਂ ਤੂੰ ਹੀ ਜਾਣੇਂ। ਮੈਨੂੰ ਦਾਨ ਦੇਹ ਜੋ ਤੇਰੀ ਰਜ਼ਾ ਵਿਚ ਰਹਾਂ, ਭੁੱਲਾਂ ਨਾ, ਜੇ ਭੁੱਲ ਕਰ ਬੀ ਬੈਠਾਂ-ਮੇਰੀ ਮੱਤ ਥੋੜ੍ਹੀ ਹੈ ਤਾਂ ਤੁਸੀਂ ਮੈਨੂੰ ਸਦਾ ਚੰਗੇ ਲੱਗੋ, ਸਦਾ ਪਿਆਰੇ ਲੱਗੋ, ਬੱਸ ਜੇ ਤਰੁੱਠੇ ਹੋ ਤਾਂ ਇਹ ਦਾਨ ਦਿਓ, ਇਹ ਖੈਰ ਦਰ ਦੇ ਸੁਆਲੀ ਤੇ ਆਪਣੇ ਮੰਗਤੇ ਨੂੰ ਸਦਾ ਪਾਓ, ਪਰ ਸਦਾ ਪਾਓ।

ਇਹ ਆਖਦਿਆਂ ਮਰਦਾਨੇ ਦੇ ਨੈਣ ਭਰ-ਭਰ ਆਉਣ ਤੇ ਆਖੇ - ਹੇ ਤਾਰਨਹਾਰ ਦਾਤਾ! ਮੈਂ ਆਪ ਨੂੰ ਕਈ ਵੇਰ ਮਨੁੱਖ ਸਮਝ ਕੇ ਲੜ ਭਿੜ ਲੈਂਦਾ ਹਾਂ, ਮੇਰੇ ਔਗੁਣ ਨਾ ਤੱਕੀਂ। ਜੇ ਤੂੰ ਮੈਨੂੰ ਮਿੱਤਰ ਬਣਾ ਕੇ ਤੇ ਆਪ ਮਨੁੱਖ ਬਣ ਕੇ ਲੜ ਨਾ ਲਾਉਂਦਾ ਤਾਂ ਮੇਰੇ ਅੰਦਰ ਪਿਆ ਪਿਆਰ ਕਿੱਥੋਂ ਜਾਗਣਾ ਸੀ? ਜੇ ਤੂੰ ਉੱਚਾ-ਉੱਚਾ ਰਹਿੰਦਾ ਤਾਂ ਮੈਂ ਮਿਰਾਸੀ ਨੂੰ ਤੂੰ ਕਦ ਪਿਆਰਾ ਲੱਗਣਾ ਸੀ। ਜਿੱਥੇ ਤੇਰਾ ਵਾਸ ਹੈ, ਉਹ ਸੱਚਾ ਥੇਹ ਮੇਰੇ ਇਸ ਕਰਮਾਂ ਦੇ ਬੜੇ ਕਰੜੇ ਦੇਸ਼ ਤੋਂ ਐਨੀ ਵਿੱਥ ਉਤੇ ਹੈ ਕਿ ਮੈਨੂੰ ਓਸ ਦਾ ਕੀ ਪਤਾ ਲੱਗਣਾ ਸੀ? ਜੇ ਤੂੰ ਆਪ ਆ ਕੇ ਜਗਾਇਆ, ਲੜ ਲਾਇਆ ਤੇ ਲਡਾਇਆ ਤਾਂ ਮੇਰੇ ਅੰਦਰ ਬੀ ਪ੍ਰੀਤਿ ਜਾਗੀ। ਪ੍ਰੀਤਿ ਵਿਚ ਮੈਂ ਭੁੱਲਦਾ ਬੀ ਫੇਰ ਹਾਂ, ਬਰਾਬਰੀ ਕਰ ਬੈਠਦਾ ਹਾਂ, ਘਬਰਾ ਕੇ ਸਿਦਕ ਤੋਂ ਡੋਲ ਖਲੋਂਦਾ ਹਾਂ, ਪਰ ਧੰਨ ਤੇਰਾ ਬਿਰਦ ਹੈ ਜੋ ਸਦਾ ਬਖਸ਼ਦਾ ਹੈ। ਹੇ ਉੱਚੇ ਸਤਿਗੁਰ ਨਾਨਕ! ਹੇ ਨੀਵਿਆਂ ਵਿਚ ਆ ਕੇ ਵੱਸਣ ਵਾਲੇ ਸਤਿਗੁਰ ਨਾਨਕ! ਹੇ ਨੀਵਿਆਂ ਨੂੰ ਉੱਚਿਆਂ ਕਰ ਲੈਣ ਵਾਲੇ ਸਤਿਗੁਰ ਨਾਨਕ! ਹੇ ਪਿਆਰੇ, ਹੇ ਪਿਆਰੇ, ਹੇ ਪਿਆਰੇ! ਮੈਂ ਵਾਰੇ, ਮੈਂ ਵਾਰੇ, ਮੈਂ ਵਾਰੇ। ਜੇ ਤੁੱਠਾ ਹੈਂ ਤਾਂ ਐਨਾ ਲੰਮਾ ਵਿਛੋੜਾ ਮੈਨੂੰ ਪੈਣ ਕਦੇ ਨਾ ਦੇਈਂ। ਮੇਰੇ ਲੂੰ-ਲੂੰ ਵਿਚ ਜੋ ਤੇਰੀ ਖਿੱਚ ਹੈ, ਜੀ ਤੂੰ ਵਿਛੁੜਦਾ ਹੈਂ ਤਾਂ ਖਿੱਚ ਦੀ ਤਣੀ ਕਸੀ ਜਾਂਦੀ ਹੈ ਤੇ ਉਹ ਕਸ ਮੈਥੋਂ ਝੱਲੀ ਨਹੀਂ ਜਾਂਦੀ। ਆਖ ਨਾ - ਤੂੰ ਮੇਰਾ ਹੈਂ, ਤੂੰ ਮੇਰਾ ਦਾਸ ਹੈਂ, ਮੈਂ ਤੈਨੂੰ ਕਦੇ ਨਾ ਵਿਛੋੜਸਾਂ! ਹੇ ਨੀਵਿਆਂ ਦੇ ਮਿੱਤਰ, ਹੇ ਨਿਮਾਣਿਆਂ ਦੇ ਯਾਰ, ਹੇ ਨੀਚਾਂ ਦੇ ਸੰਗੀ ਸਾਥੀ ਰਹਿ ਕੇ ਉਪਰ ਚੱਕ ਲਿਜਾਣ ਵਾਲੇ ਉੱਚਿਆ! ਇਕ ਵਾਰ ਕਹੁ ਡੂੰਮਾਂ! ਤੂੰ ਮੇਰੀ ਨਜ਼ਰੋਂ ਕਦੇ ਓਹਲੇ ਨਾ ਹੋਸੇਂ।

ਏਹ ਡਾਢੇ ਪਿਆਰੇ ਦੇ ਵਾਕ, ***'ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ,'*** ਵਾਲੇ ਤਿੱਖੇ ਅਣੀਦਾਰ ਤੀਰ ਵਰਗੇ ਚੁਭਵੇਂ ਵਾਕ ਉਸ ਪ੍ਰੇਮ ਅਵਤਾਰ ਦੇ ਹਿਰਦੇ ਤੇ ਅਸਰ ਕੀਤੇ ਬਿਨਾਂ ਕੀਕੂੰ ਲੰਘ ਸਕਦੇ ਸੀ? ਓਹ ਦੈਵੀ ਨੇਤ੍ਰ ਬੰਦ ਸਨ ਅਰ ਉਹਨਾਂ ਅੰਮ੍ਰਿਤ ਦੇ ਸੋਮਿਆਂ ਵਿਚ ਪਿਆਰ ਦੇ ਹੰਝੂ ਭਰ ਰਹੇ ਸਨ। ਅਡੋਲ ਬੈਠੇ ਸਨ, ਪਰ ਪਿਆਰ ਸਾਰੀਆਂ ਤਰਬਾਂ ਵਿਚ ਝਰਨਾਟ ਛੇੜ ਰਿਹਾ ਸੀ, ਪ੍ਰੇਮ ਦਾ ਸੰਗੀਤ ਹੋ ਰਿਹਾ ਸੀ। ਦਇਆ ਦੇ ਸਿੰਧੂ ਤੇ ਬਿਰਦ ਦੇ ਪਿਆਰੇ ਸਤਿਗੁਰੂ ਨੇ ਪੈਰਾਂ ਪਰ ਢੱਠੇ ਤੇ ਰੋ-ਰੋ ਕੇ ਆਖਦੇ, ਇਕ ਵਾਰ ਕਹੋ ਸਤਿਗੁਰ ਜੀ ਕਿ ਮਰਦਾਨਾ ਮੇਰਾ ਦਾਸ ਹੈ, ਮਰਦਾਨੇ ਨੂੰ ਗਲ ਲਾ ਲਿਆ, ਸਿਰ ਤੇ ਹੱਥ ਫੇਰਿਆ ਤੇ ਆਖਿਆ - ਮਰਦਾਨਿਆਂ ਤੂੰ ਧੰਨ ਹੈਂ! ਤੂੰ ਧੰਨ ਹੈਂ!! ਮੰਗ ਜੋ ਹੋਰ ਮੰਗਣਾ ਹੈ।

ਪ੍ਰੇਮੀਆਂ ਦੇ ਪ੍ਰੇਮ, ਤਿਆਗ ਤੇ ਕੁਰਬਾਨੀਆਂ! ਸਦਕੇ ਤੇ ਘੋਲ ਘੁਮਾਈਆਂ ਕੈਸੀਆ ਅਸਚਰਜ ਹਨ? ਮਰਦਾਨਾ ਮੰਗ ਰਿਹਾ ਸੀ ਕਿ ਇਕ ਵਾਰ ਕਹਿ ਦੇਹ, ਤੂੰ ਮੇਰਾ ਹੈਂ। ਜਦ ਪਿਆਰੇ ਨੇ ਕਿਹਾ ਕੁਛ ਮੰਗ ਤਾਂ ਆਪਣੇ ਲਈ ਜੋ ਮੰਗਦਾ ਸੀ ਭੁੱਲ ਗਿਆ, ਉਸ ਪ੍ਰੇਮ ਦੇ ਜਾਦੂ ਭਰੇ ਹੱਥਾਂ ਦੇ ਲਗਦਿਆਂ ਸਾਰ ਆਪਾ ਤਾਂ ਉਡ ਗਿਆ ਸੀ, ਮਰਦਾਨਾ ਕੀਹਦੇ ਲਈ ਕੁਛ ਮੰਗੇ, ਦੇਖੋ ਪ੍ਰੇਮ ਦਾ ਆਪਾ ਵਾਰ ਢੰਗ! ਆਖਦਾ ਹੈ, ਹੇ ਪੁੱਗਿਆ ਸਤਿਗੁਰਾ! ਬੇਬੇ ਬੜਾ ਵੈਰਾਗ ਕਰ ਰਹੀ ਹੈ, ਜਿੱਦਾਂ ਮੈਂ ਥੋੜ੍ਹੇ ਦਿਨ ਵਿਛੁੜ ਕੇ ਵਿਆਕੁਲ ਰਿਹਾ ਹਾਂ, ਉਹ ਪਵਿੱਤ੍ਰ ਬੀਬੀ, ਉਹ ਸੱਚੀ ਪ੍ਰਕਾਸ਼ਮਾਨ ਦੇਵੀ, ਉਹ ਤੇਰੀ ਜੋਤਿ ਦੀ ਸੱਚੀ ਸਿਖ, ਸਿੱਖੀ ਦੇ ਸੱਚੇ ਸਿਦਕ ਵਿਚ ਰੋ ਰਹੀ ਹੈ, ਦਰਸ਼ਨ ਨੂੰ ਵਿਲਕਦੀ ਹੈ। ਹੇ ਚੰਗਿਆਂ ਤੋਂ ਚੰਗਿਆ! ਤੇ ਉੱਚਿਆਂ ਤੋਂ ਉੱਚਿਆ! ਹੇ ਸਭ ਤੋਂ ਪਿਆਰਿਆ! ਤੁੱਠਾ ਹੈਂ ਤਾਂ ਬੇਬੇ ਨੂੰ ਦਰਸ਼ਨ ਦੇਹ? ਇਹ ਆਪਾ ਨਿਵਾਰ ਕੇ ਦੂਏ ਲਈ ਸੁਖ ਮੰਗਣ ਦਾ ਸੱਚਾ ਪ੍ਰੇਮ ਹੈ, ਇਹ ਗੁਰਸਿੱਖੀ ਦੀ ਦੈਵੀ ਸਾਂਝ, ਇਹ ਪੂਰਨ ਖੁਸ਼ੀ ਦੀਆਂ ਦਾਤਾਂ, ਮਿਲਨ ਦੇ ਵੇਲੇ ਆਪਣੀ ਝੋਲੀ ਮੀਟ ਕੇ ਸਤਿਸੰਗੀ ਦੀ ਝੋਲੀ ਦਾਤੇ ਦੇ ਅੱਗੇ ਕਰ ਦੇਣੀ ਕਿ ਮੇਰੇ ਘਰ ਆਈ ਖੈਰ ਐਥੇ ਪੈ ਜਾਵੇ, ਉਹ ਪ੍ਰੇਮ ਦਾ ਪ੍ਰੇਮ ਤੇ ਉੱਚੇ ਦਰਜੇ ਦਾ ਭਾਵ ਸੀ ਕਿ ਸਤਿਗੁਰ ਨਾਨਕ ਨੂੰ ਮਰਦਾਨਾ ਅਤਿ ਮਿੱਠਾ ਲੱਗ ਗਿਆ, ਅਪਨਾਇਆ ਗਿਆ ਤੇ ਵਾਕ ਹੋਇਆ, ਮਰਦਾਨਿਆਂ ਤੇਰਾ ਸਰੂਪ ਵਿਚ ਵਾਸਾ ਹੋਇਆ। ਸਤਿ ਕਰਤਾਰ, ਸਤਿ ਕਰਤਾਰ। ਪਰ ਲੱਗੀ ਸਮਾਧ ਤੋਂ ਆਤਮ ਰੰਗ ਵਿਚ ਡੁੱਬੇ ਤੇ ਹੁਣ ਉੱਛਲੇ ਮਹਾਂ ਰਸ ਵਿਚ ਐਸੀ ਨਿਮਗਨਤਾ ਵਿਚ ਗਏ ਮਰਦਾਨੇ ਨੂੰ ਕੁਛ ਪਤਾ ਨਹੀਂ ਰਿਹਾ। ਦ੍ਰਿਸ਼ਟਮਾਨ ਵਿਚ ਮਰਦਾਨਾ ਬਣ ਕੇ ਬੈਠੇ ਹੋਏ ਨੂੰ ਇਸ ਰੰਗ ਤੋਂ ਬੇਖਬਰੀ ਹੋ ਗਈ। ਉਹ ਰੂਪ ਵਿਚ ਜਾਂ ਰੰਗ ਵਿਚ ਖੁਲ੍ਹਾ ਕਿ ਪ੍ਰੇਮ ਤੇ ਰਸ ਵਿਚ ਰਸ ਰੂਪ ਰਸੀਆ ਵਾਹਿਗੁਰੂ ਜਾਣੇ ਕੀ ਹੋ ਗਿਆ, ਪਰ ਜਦ ਉਸ ਰਸ ਤੇ ਰੰਗ ਤੇ ਬੇਖੁਦੀ ਦੀ ਮੌਜ ਵਿਚੋਂ ਜੋ ਦੇਸ਼ ਕਾਲ ਤੋਂ ਪਰ੍ਹੇ ਵਸਦੀ ਹੈ, ਪਰਤਿਆ ਤਾਂ ਪਹਿਲਾ ਵਾਕ ਇਹੋ ਸੀ ਕਿ ਉਸ ਸਤਿਸੰਗ ਵਿਚ ਰੱਤੀ, ਸੱਚੇ ਸਿਦਕ ਵਾਲੀ ਬੇਬੇ ਜੀ ਨੂੰ ਦਰਸ਼ਨ ਦਿਓ, ਤਾਂ ਮਰਦਾਨੇ ਦੇ ਕੰਨਾਂ ਨੇ ਆਵਾਜ਼ ਸੁਣੀ, ਸਤਿ ਕਰਤਾਰ, ਨਿਰੰਕਾਰ ਭਲੀ ਕਰੇਗਾ।

ਰਾਤ ਅੱਧੀ ਹੋ ਗਈ ਸੀ, ਆਕਾਸ਼ ਵਿਚ ਤਾਰੇ ਡਲ੍ਹਕਾਂ ਮਾਰ ਰਹੇ ਸਨ, ਮਾਨੋਂ ਉਸ ਨੀਲੇ ਫਰਸ਼ ਤੇ ਸਤਿਸੰਗੀਆਂ ਦਾ ਸਾਮਾਨ ਜੁੜਿਆ ਬੈਠਾ ਨਜ਼ਰਾਂ ਚੁੱਕ-ਚੁੱਕ ਕੇ ਤੱਕ ਰਿਹਾ ਹੈ ਤੇ ਅਰਜ਼ੋਈਆਂ ਕਰ ਰਿਹਾ ਹੈ ਕਿ ਹੇ ਗੁਰੂ ਰੂਪ ਚੰਦ! ਆ ਆਪਣਾ ਉੱਚਾ, ਵਡੇਰਾ

ਤੇ ਫੇਰ ਅਸਾਂ ਨਿਮਾਣਿਆਂ ਦੇ ਨਾਲ ਮਿਲ ਬੈਠਣ ਦੇ ਪਿਆਰ ਵਾਲਾ, ਨਾਲੇ ਠੰਢਾ ਤੇ ਨਾਲੇ ਸੁਹਣਾ ਚਾਨਣਾ ਲਿਆ, ਪ੍ਰਕਾਸ਼ ਕਰ ਜੋ ਤੇਰੇ ਪ੍ਰਕਾਸ਼ ਵਿਚ ਰਲ ਕੇ ਨਾਮ ਮਹਾਂ ਰਸ ਪੀਵੀਏ। ਇਸ ਵੇਲੇ ਸਤਿਗੁਰ ਨੇ ਇਕ ਲੰਮਾ, ਠੰਢਾ ਪਰ ਡਾਢੇ ਸ਼ਾਂਤਿ ਰਸ ਨਾਲ ਭਰੇ ਸੁਆਦ ਵਾਲਾ ਸਾਹ ਲੀਤਾ ਤੇ ਆਖਿਆ –

ਪ੍ਰੇਮ ਜੀਵਨ ਹੈ, ਪ੍ਰੇਮ-ਹੀਨਤਾ ਮੌਤ ਹੈ।

ਮਰਦਾਨਿਆਂ ਸੁਣ –

ਤਾਂ ਮਰਦਾਨੇ ਕੰਨ ਲਾਏ, ਪੌਣ ਵਿਚ ਬਿਰਹੋਂ ਦਾ ਰੰਗ ਛਾ ਰਿਹਾ ਸੀ। ਐਸ ਤਰ੍ਹਾਂ ਮੱਧਮ-ਮੱਧਮ ਚਲਦੀ ਰੁਕਦੀ ਤੇ ਫੇਰ ਚਲਦੀ ਸੀ, ਮਾਨੋਂ ਕਿਸੇ ਗੁਰਮੁਖ ਗੁਰੂ ਸੁਆਰੇ ਦੇ ਰਸਤੇ ਅਗੁਵਾਨੀ ਲਈ ਜਾਂਦੀ ਹੈ, ਫੇਰ ਅਝੱਕ ਹੋ ਤੱਕਦੀ ਹੈ, ਕੁਛ ਸੁਣਦੀ ਹੈ ਕਿ ਪੈਰਾਂ ਦੀ ਆਹਟ ਆਉਂਦੀ ਹੈ ਕਿ ਨਹੀਂ, ਫੇਰ ਪਰਤ ਪੈਂਦੀ ਹੈ ਤੇ ਬਿਸਰਾਮ ਕਰਦੀ ਹੈ, ਪਰ ਅੰਦਰਲੀ ਤਾਂਘ ਟਿਕਣ ਨਹੀਂ ਦੇਂਦੀ, ਫੇਰ ਉਡੀਕਾਂ ਦੇ ਰਸਤੇ ਰੁਮਕ ਪੈਂਦੀ ਹੈ। ਮਰਦਾਨੇ ਨੇ ਚੰਗੀ ਤਰ੍ਹਾਂ ਕੰਨ ਲਾਏ, ਪਰ ਸਿਵਾਏ ਏਸ ਭਾਵ ਦੇ ਕੁਝ ਨਾ ਸਮਝਿਆ, ਤਾਰੇ ਤੱਕੇ ਤਾਂ ਚੰਦ ਦੀ ਉਡੀਕ ਵਿਚ ਲੱਗੇ ਹੋਏ ਦਿੱਸੇ। ਤਾਂ ਸਤਿਗੁਰ ਨੇ ਮਲਕੜੇ ਜਿਹੇ ਪੁੱਛਿਆ, ਸੱਜਣਾ! ਸੁਣਿਆਂ ਹਈ? ਤਾਂ ਮਰਦਾਨੇ ਕਿਹਾ, ਹੇ ਸਤਿਗਰ! ਉਡੀਕਾਂ ਤੇ ਤਾਂਘਾਂ ਦਾ ਪ੍ਰਭਾਉ ਦਿਸਦਾ ਹੈ।

ਸਤਿਗੁਰੂ ਜੀ – ਮਰਦਾਨਿਆਂ! ਜਿਸ ਪਵਿੱਤ੍ਰ ਆਤਮਾ ਦੀ ਸਿਫਾਰਸ਼ ਕੀਤੀ ਹਈ, ਓਸਦੀ ਸੱਦ ਸੁਣ।

ਜਾਂ ਮਰਦਾਨੇ ਕੰਨ ਲਾਏ ਤਾਂ ਕੋਈ ਆਵਾਜ਼ ਨਾ ਸੁਣੀ। ਹੁਣ ਸਤਿਗੁਰ ਨੇ ਪਿਆਰੇ ਸਿੱਖ ਦੇ ਸਿਰ ਤੇ ਹੱਥ ਧਰਿਆ ਤੇ ਆਖਿਆ, ਮਿੱਤਰਾ! ਸਮਾਂ ਤੇ ਵਿੱਥ ਆਤਮਾ ਲਈ ਕੋਈ ਰੋਕ ਨਹੀਂ ਹਨ। ਸੁਣ! ਜਾਂ ਮਰਦਾਨੇ ਕੰਨ ਲਾਏ ਤਾਂ ਉਸ ਦੇ ਅੰਦਰ ਜੋ ਰਸ ਛਾਇਆ ਹੋਇਆ ਸੀ, ਉਸ ਵਿਚ ਥਰਰਾਹਟ ਮੱਧਮ ਤੇ ਸੁਖ ਭਰਵੇਂ ਹਿਲਾਉ ਵਾਲੀ ਛਿੜ ਪਈ, ਫੇਰ ਤਾਂ ਡਾਢਾ ਕੋਮਲ ਉਤਮ ਤੇ ਰਸ ਭਰਿਆ ਸੰਗੀਤ ਸੁਣਾਈ ਦੇਣ ਲੱਗਾ, ਅਰ ਉਸ ਵਾਹਿਗੁਰੂ ਨੂੰ ਹਿਰਦੇ ਵਿਚ ਵਸਾਉਣ ਤੇ ਸਦਾ ਸਿਮਰਨ ਵਿਚ ਲੱਗੀ ਰਹਿਣ ਵਾਲੀ ਬੇਬੇ ਦੀ ਦੈਵੀ ਆਵਾਜ਼ ਪਛਾਣੀ। ਚਿੱਟੇ ਸੁਫੈਦ ਬਸਤ੍ਰ ਹਨ, ਸੰਗਮਰਮਰ ਵਰਗੀ ਸ਼ਿਲਾ ਤੇ ਬੈਠੀ ਹੈ, ਅੱਗੇ ਇਕ ਸਵੱਛ ਸਰੋਵਰ ਹੈ, ਨੇਤਰ ਬੰਦ ਹਨ, ਤ੍ਰਪ-ਤ੍ਰਪ ਹੰਝੂ ਕਿਰਦੇ ਹਨ ਤੇ ਉਸ ਸਰੋਵਰ ਵਿਚ ਚਮਕਾਰਾ ਮਾਰ ਕੇ ਜਾ ਰਲਦੇ ਹਨ। ਲੂੰ-ਲੂੰ ਵਿਚ ਤਾਂਘ ਹੈ ਤੇ ਕਿਸੇ ਸਰੋਦੇ ਦੀ ਗਮਕਾਰ ਵਾਂਗੂੰ ਸਰੀਰ ਵਿਚੋਂ ਸੰਗੀਤ ਹੋ ਰਿਹਾ ਹੈ, ਜਿਸ ਦੀ ਖਿੱਚ ਤੇ ਧੂਹ, ਸ਼ਾਂਤਿ ਪਿਆਰ ਤੇ ਵੈਰਾਗ ਨਾਲ ਭਰੀ ਪਈ ਹੈ। ਮਰਦਾਨੇ ਨੇ ਸੁਣਿਆਂ, ਆਤਮ ਸੁਖ ਦਾ ਲਹਿਰਾ ਤ੍ਰਿੱਖਾ ਹੋ ਗਿਆ, ਸੰਗੀਤ ਨੂੰ ਸਮਝਦਾ ਹੈ। ਅਰ ਛਮ-ਛਮ ਹੰਝੂਆਂ ਦੀ ਛਹਿਬਰ ਲਾਉਂਦਾ ਹੈ, ਜੋ ਕੁਛ ਭਾਵ ਉਸ ਪਰ ਵੈਰਾਗ ਤੇ ਦੈਵੀ ਪ੍ਰੇਮਾ ਭਗਤੀ ਦਾ ਛਾਉਂਦਾ ਹੈ ਸੋ ਕਹਿਣਾ ਕਠਨ ਹੈ। ਪਰ ਕੁਛ ਸਮਝ ਗੋਚਰਾ ਕਰਨਾ ਹੋਵੇ ਤਾਂ ਐਦਾਂ ਦੇ ਭਾਵਾਂ ਵਾਲਾ ਸਮਝ ਪੈਂਦਾ ਹੈ ਜੋ ਇਸ ਗੀਤ ਵਿਚ ਅੰਕਿਤ ਹੈ –

ਹੈ ਦੇਰ ਹੋਈ, ਵੀਰ ਜੀ! ਵਾਗਾਂ ਤੁਸਾਂ ਨ ਮੋੜੀਆਂ, ਨਾ ਸੁਖ ਸੁਨੇਹਾ ਘੱਲਿਆ, ਕੀ ਮੋਹ ਤਣਾਵਾਂ ਤੋੜੀਆਂ? ਨਾ ਸੁਪਨਿਆਂ ਵਿਚ ਦਰਸ ਹੋਏ, ਧਿਆਨ ਬੀ ਹੈ ਹਾਰਿਆ, ਏ ਭੈਣ ਵਾਰੀ, ਵੀਰ ਅਰਸ਼ੀ! ਕਿਉਂ ਅਸਾਂ ਵੀਸਾਰਿਆ? ਹੋ ਰੂਪ ਆਤਮ ਵੀਰ ਜੀ! ਹੈ ਅਸਾਂ ਪਾਕ ਪਛਾਣਿਆਂ, ਪਰ ਤੁਸੀਂ ਦਾਯਾ ਰੂਪ ਹੋ, ਔਗੁਣ ਕਦੀ ਨਾ ਛਾਣਿਆਂ। ਹਾਂ, ਬੰਨ੍ਹ ਦਾਵੇ ਸਾਕਗੀਰੀ ਮਾਣ ਕਰਦੇ ਆਪ ਤੇ, ਨਾ ਜਾਣਦੇ ਹਾਂ ਰੂਪ ਰਬੀ ਆਪਣਾ ਕਰ ਥਾਪਦੇ। ਹੋ ਵਾਂਙ ਸੂਰਜ ਜਗਤ-ਸਾਂਝੇ ਤਾਰਦੇ ਸੰਸਾਰ ਨੂੰ, ਮੈਂ ਕੇਵਲ ਵਾਂਗੂੰ ਸਵਾਰਥੀ ਹਾਂ ਜਾਣਦੀ ਨਾ ਸਾਰ ਨੂੰ। ਬਖਸ਼ਿੰਦ ਹੋ, ਹੇ ਸਤਿਗੁਰੂ! ਬਖਸ਼ੋ ਜੁ ਭੁੱਲਾਂ ਸਾਡੀਆਂ, ਮੋੜੋ ਮੁਹਾਣਾਂ ਸਤਿਗੁਰੂ ਤਾਂਘਾ ਹੁਈਆਂ ਹੁਣ ਡਾਢੀਆਂ। ਮੈਂ ਨੈਣ ਭਰ ਭਰ ਆਂਵਦੇ ਡੁੱਲ੍ਹ ਜਾਂਵਦੇ ਫਿਰ ਭਰਦਿਆਂ, ਫਿਰ ਡੁੱਲ੍ਹਦੇ ਫਿਰ ਰੋਕਦੀ, ਜਾਂਦੇ ਜਰੇ ਨ ਜਰਦਿਆਂ। ਜਦ ਸੱਦ ਸੁਹਣੀ ਹੋਂਵਦੀ, ਮੈਂ ਬਾਹਰ ਭੰਨੀ ਜਾਂਵਦੀ। ਮੈਂ ਵਿਚ ਦਲ੍ਹੀਜੇ ਖਿੜਕਦੀ, ਮੁੜ ਹੋ ਨਿਰਾਸੀ ਆਂਵਦੀ। ਜੋ ਵਾਜ ਮਿੱਠੀ ਆਂਵਦੀ, ਮੈਂ ਵੀਰ ਜਾਣਾ ਆ ਗਿਆ, ਜਾਂ ਸਾਰ ਕੋਈ ਗੁਰੂ ਪਿਆਰਾ ਲੈ ਦੁਆਰੇ ਆ ਰਿਹਾ। ਹੇ ਵੀਰ ਸੋਚੋ ਹਾਲ ਨੂੰ ਜਦ ਮੈਂ ਨਿਰਾਸੀ ਹੋਂਵਦੀ,

*ਦਿਲ ਧੜਕਦਾ, ਮਨ ਟੁੱਟਦਾ,*
*ਮੈਂ ਬੈਠ ਛਮ-ਛਮ ਰੋਂਵਦੀ।*
*ਜਾਂ ਰੈਣ ਭਿੰਨੀ ਤ੍ਰੇਲ ਦੀ*
*ਲੈ ਤਾਰਿਆਂ ਛਬਿ ਛਾਉਂਦੀ,*
*ਹੈ ਵਾਉ ਨਿੱਕੀ ਰੁਮਕਦੀ*
*ਏਕਾਂਤ ਪਿਆਰੀ ਆਉਂਦੀ।*
*ਮੈਂ ਦੇਖਦੀ ਆਕਾਸ਼ ਤੋਂ*
*ਛਹਿਬਰ ਇਲਾਹੀ ਆ ਰਹੀ,*

ਪਰ ਇਲਾਹੀ ਗਣਹਾਰੇ ਵੀਰ ਬਿਨ ਘਬਰਾ ਰਹੀ, ਤਦ ਹੋ ਨਿਰਾਸੀ ਕੂਕਦੀ। ਹੇ ਵੀਰ ਜੀ! ਮੈਂ ਵਿਲਕਦੀ। ਹਾਂ ਅਤਿ ਵਿਆਕੁਲ ਲੁੱਛਦੀ ਤੇ ਹੋ ਵਿਰਾਗਨ ਤੜਫਦੀ। ਜੇ ਵੀਰ ਜੀ! ਏ ਪਤਾ ਹੋਵੇ ਕਿਸ ਵਿਲਾਇਤ ਹੋ ਗਏ? ਤਾਂ ਭੇਜ ਦੇਵਾਂ ਦਾਸ ਕੋਈ ਹਾਲ ਮੇਰਾ ਜਾ ਕਹੇ। ਕਦ ਦੇਹੁੰ ਆਵੇ ਭਾਗ ਭਰਿਆ ਵਾਜ ਕੰਨੀਂ ਏ ਪਏ – ਬੇਬੇ ਕਹੇ ਓ ਚੰਦਰਮੁਖ, ਬੇਬੇ ਸਦੱਕੜੀ ਹੋ ਜਏ। ਹੋ ਜਾਉਂ ਵਾਰੀ ਓਸ ਵੇਲੇ ਘੱਲ ਘੋੜਾ ਆਪ ਨੂੰ, ਮੈਂ ਵਾਰ ਸੱਟਾਂ ਵੀਰ ਉਤੋਂ, ਵਰਤ, ਹਠ, ਤਪ, ਜਾਪ ਨੂੰ! ਮੈਂ ਮਾਣ ਛੱਡਾਂ ਸਾਕ ਦਾ, ਹੇ ਗੁਰੂ! ਜਾਣੋ ਸਿੱਖ ਹਾਂ, ਹਾਂ ਸਿੱਖ ਭੁੱਲਣਹਾਰ ਭਾਰੀ ਮੰਗਦੀ ਏ ਭਿੱਖ ਹਾਂ –

ਹੇ ਗੁਰੂ ਪੂਰਨ! ਖ਼ੈਰ ਪਾਵੇ, ਖੈਰ ਪਾਵੋ ਦਰਸ ਦੀ, ਏ ਹੋ ਨਿਮਾਣੀਂ ਦਵਾਰ ਢੱਠੀ ਦਰਸ ਤਾਈਂ

ਤਰਸਦੀ। ਹੇ ਦੂਰ ਬੈਠੇ ਸਤਿਗੁਰੂ! ਪਰ ਜੀਅ ਦੀ ਜਾਨਣਹਾਰ ਹੋ, ਜੀਅ ਦਾਨ ਦੇਵੋ ਜੀਵ ਤਾਂਈਂ, ਬਿਰਦ ਪਾਲਣਹਾਰ ਹੋ।

ਮਰਦਾਨਾ ਪਿਆਰੇ ਸਤਿਗੁਰੂ ਜੀ ਨੂੰ ਡਾਢੇ ਵਿਛੋੜੇ ਮਗਰੋਂ ਮਿਲਿਆ ਸੀ। ਇਸ ਮਿਲਾਪ 'ਚੋਂ ਉਹ ਰਸ ਨਿਕਲਿਆ ਕਿ ਸਰੀਰ ਵਿਚ ਵਸਦੀ ਗੁਰੂ ਜੋਤ ਦੀ ਮਿਹਰ ਦਾ ਆਨੰਦ ਆ ਗਿਆ। ਉਸ ਵੇਲੇ ਸਤਿਗੁਰ ਨੇ ਉਸ ਨੂੰ ਉਸ ਦਸ਼ਾ ਵਿਚ ਪੁਚਾਇਆ ਕਿ ਕੋਹਾਂ ਤੇ ਬੈਠਿਆ ਸਚੇ ਭਗਤ ਦੀ ਭਗਤੀ ਦਾ ਭਾਵ ਅਨੁਭਵ ਕਰਾ ਦਿਤਾ। ਇਹ ਰੰਗ ਰਸ ਤੇ ਮੌਜ ਭਰੇ ਹੁਲਾਰੇ ਕੀਹ ਥਹੁ ਲੱਗਣ ਦੇਂਦੇ ਹਨ ਕਿ ਸਮਾਂ ਕੀ ਸ਼ੈ ਹੈ? ਸਮਾਂ ਕੋਈ ਪਰਦਾ ਨਹੀਂ, ਵਿੱਥ ਕੋਈ ਦੂਰੀ ਨਹੀਂ। ਜਿਨ੍ਹਾਂ ਪਿਆਰਿਆਂ ਨੇ ਅੰਤਰ ਆਤਮੇ ਜੋਤਿ ਜਗਾਈ ਹੈ, ਓਹ ਕਿਸੇ ਹੋਰ ਲੋਕ ਵਿਚ ਮਾਨੋ ਵਰਤਦੇ ਹਨ ਤੇ ਫੇਰ ਕਾਦਰ ਦੀ ਕੁਦਰਤ ਦਾ ਗੋਬਿੰਦ ਰੂਪ ਗੁਰੂ ਨਾਨਕ ਜਦ ਖਿਡਾ ਰਿਹਾ ਹੋਵੇ। ਧਨ ਜਨਮੇ ਮਰਦਾਨੇ ਨੂੰ ਕੀ ਪਰਵਾਹ ਹੈ ਕਿ ਮੇਰਾ ਉੱਚਾ ਹੋ ਗਿਆ ਦੇਖਣਹਾਰ ਆਪਾ, ਹੁਣ ਵੀ ਸਮੇਂ ਤੇ ਵਿੱਥ ਦੀ ਮੁਥਾਜੀ ਵਿਚ ਹੈ। ਮਰਦਾਨੇ ਦੇ ਖਿਆਲ ਵਿਚ ਰਾਤ ਲੰਘ ਚੁੱਕੀ ਹੈ, ਸਵੇਰੇ ਦੇ ਪੰਛੀ ਚਹਕ ਰਹੇ ਹਨ, ਸੂਰਜ ਦੀ ਲਾਲੀ ਪੂਰਬ ਰੁਖ ਛਾ ਰਹੀ ਹੈ।

ਉਹ ਟਿੱਲਾ ਹੈ ਨਹੀਂ, ਵੇਈਂ ਦਾ ਕਿਨਾਰਾ ਹੈ, ਸੁਲਤਾਨ ਪੁਰੇ ਦੀ ਜੂਹ ਹੈ, ਬੇਬੇ-ਵਾਹਿਗੁਰੂ ਸੁਆਰੀ, ਸਤਿਗੁਰੂ ਦੀ ਤਾਰੀ, ਪਵਿੱਤਰਤਾ ਨੂੰ ਪਵਿੱਤਰ ਕਰਨਹਾਰੀ ਬੇਬੇ ਦਾ ਪਿੰਡ ਹੈ।

ਕੌਤਕਹਾਰੀ ਬ੍ਰਹਿਮੰਡ ਦੀ ਕਲਾ ਦੇ ਭੇਤਾਂ ਦੇ ਜਾਣੂ ਤੇ ਖੇਲਾਰੀ ਕੌਤਕਹਾਰ ਨੇ ਕੀਹ ਕਰ ਦਿਤਾ? ਧੰਨ ਸਤਿਗੁਰ ਨਾਨਕ ਕਹਿੰਦਾ ਮਰਦਾਨਾ ਉਠਿਆ ਤਾਂ ਸਤਿਗੁਰ ਨੇ ਕਿਹਾ, ਮਰਦਾਨਿਆਂ! ਅੱਜ ਐਸਾ ਪ੍ਰੇਮ ਵਿਚ ਮੱਤਾ ਕਿ ਵਾਰ ਹੀ ਭੁੱਲ ਗਈ।

ਮਰਦਾਨਾ - ਹੇ ਜੋਤਿ ਨਿਰੰਜਨੀ! ਮੈਂ ਮੂਰਖ ਕੀ ਜਾਣਾ ਤੇਰੇ ਚੋਜ, ਹੇ ਮੇਰੇ ਚੋਜੀ ਸਤਿਗੁਰ! ਤੂੰਹੋਂ ਜਾਣਦਾ ਹੈਂ ਮੈਂ ਕੀ ਜਾਣਦਾ ਸਾਂ ਜੋ ਅੱਜ ਬੇਬੇ ਜੀ ਕੋਲ ਪਹੁੰਚ ਸਕਦੇ ਹਾਂ? ਆਪ ਦਾ ਇਸ ਵੇਲੇ ਪਹੁੰਚਣਾ ਬੇਬੇ ਨੂੰ ਬਹੁਤ ਹੀ ਪ੍ਰਸੰਨ ਕਰੇਗਾ?

ਸਤਿਗੁਰ ਜੀ ਸੁਣ ਕੇ ਮੁਸਕਰਾਏ ਤੇ ਫੇਰ ਵਾਹਿਗੁਰੂ ਦੇ ਨਾਮ ਅਰ ਰਸ ਵਿਚ ਰੱਤੀ ਭੈਣ ਦੇ ਘਰ ਆਏ ਅਤੇ ਦਲ੍ਹੀਜਾਂ ਤੋਂ ਪਰ੍ਹੇ ਹੀ ਸਨ ਕਿ ਦਾਸੀ ਨੇ ਭੱਜ ਕੇ ਅੰਦਰ ਜਾ ਸੁਨੇਹਾ ਦਿਤਾ।

ਬੇਬੇ ਜੋ ਵੀਰ ਵਿਚ ਪੂਰੇ ਸਤਿਗੁਰੂ ਤੇ ਆਪਣੇ ਸੱਚੇ ਸਤਿਗੁਰੂ ਦਾ ਪੂਰਨ ਭਗਤੀ ਭਾਵ ਰੱਖਦੀ ਸੀ, ਨਿਮਾਣੇ ਸਿੱਖ ਵਾਂਗੂੰ ਇਕ ਪੈਰ ਤੇ ਬਾਹਰ ਆਈ, ਡਿਊਢੀ ਵਿਚ ਹੀ (ਵੀਰ) ਸੱਚੇ ਸਤਿਗੁਰੂ ਦੇ ਚਰਨਾਂ ਤੇ ਢੀਹ ਪਈ। ਪਰ ਉਸ ਜੋਤਿ ਨਿਰੰਜਨੀ ਨੇ ਭੈਣ ਦਾ ਸਿਰ ਹੱਥਾਂ ਤੇ ਸੰਭਾਲਿਆ, ਤੇ ਆਖਿਆ ਵੱਡੀ ਭੈਣ! ਕਰਤਾਰ! ਕਰਤਾਰ! ਭੈਣ ਦੇ ਨੇਤ੍ਰ ਹੁਣ ਛਮਾਂਛਮ ਕਰ ਰਹੇ ਸਨ, ਵੀਰ ਦਾ ਆਦਰ ਬੀ ਭੁੱਲ ਰਹੀ ਹੈ, ਸਿਰ ਵੀਰ ਦੇ ਹੱਥਾਂ ਤੇ ਹੈ, ਛਮਾਛਮ ਛਹਿਬਰ ਲਗ ਰਹੀ ਹੈ, ਸਤਿਗੁਰੂ ਜੀ ਕਰਤਾਰ-ਕਰਤਾਰ ਕਰ ਰਹੇ ਹਨ ਅਰ ਆਪਣੇ ਆਤਮ ਤ੍ਰੰਗਾਂ ਦੇ ਵੇਗ ਨੂੰ ਤ੍ਰਿਖਾ ਕਰਕੇ ਬੇਬੇ ਜੀ ਦੇ ਆਤਮਾ ਨੂੰ ਵਾਹਿਗੁਰੂ ਜੀ ਦੀ ਚਰਨ ਸ਼ਰਨ ਵਿਚ ਸਮਾ ਰਹੇ ਹਨ। ਇਸੇ ਤਰ੍ਹਾਂ ਅੰਦਰ ਗਏ। ਆਪ ਬੈਠ ਗਏ, ਬੇਬੇ ਕੋਲ ਬੈਠ ਗਈ। ਵਾਹਿਗੁਰੂ ਦੇ ਅੰਮ੍ਰਿਤ ਨਾਮ ਦਾ ਰਿਦੇ ਵਿਚ ਸਮਾਅ ਕੇ ਸੁੱਚੀ ਸੁਗੰਧਿ ਦਾ ਮਹਿਕਾਉ ਸਤਿਗੁਰੂ ਨੇ ਬੇਬੇ ਦੇ ਘਰ ਵਿਚ ਦੇਖਿਆ। ਚਾਰ ਚੁਫੇਰੇ ਨਾਮ ਰੰਗ ਦਾ ਪ੍ਰਵਾਹ ਛਾ ਰਿਹਾ ਸੀ, ਬੇਬੇ ਦੀ ਕਰਨੀ ਤੇ ਅਤਿ ਪ੍ਰਸੰਨ ਹੋ ਕੇ ਤਰੁੱਠੇ ਤੇ ਬੋਲੇ -

ਹੇ ਨਿਰੰਕਾਰ ਦੀ ਸੁਆਰੀ ਬੇਬੇ! ਤੇਰੀ ਮੁਸ਼ੱਕਤ ਥਾਂ ਪਈ, ਤੇਰੀ ਘਾਲ ਥਾਂ ਪਈ, ਤੂੰ ਵਾਹਿਗੁਰੂ ਦੇ ਦੇਸ਼ ਜਾ ਵੱਸੀ, ਹੇ ਬੇਬੇ! ਅਸਾਂ ਨਿਰੰਕਾਰ ਦੇ ਅਜੇ ਕਾਰਜ ਕਰਨੇ ਹਨ, ਤੁਸਾਂ ਯਾਦ ਵਿਚ ਰਹਿਣਾ, ਸਿਮਰਨ ਸਭ ਤੋਂ ਉੱਚੀ ਦਾਤ ਹੈ। ਪ੍ਰੇਮ ਦਾ ਇਹ ਪ੍ਰਕਾਸ਼ ਹੈ, ਇਹ ਪ੍ਰਕਾਸ਼ ਪ੍ਰੇਮ ਵਿਚ ਲੈ ਹੋ ਜਾਂਦਾ ਹੈ, ਪ੍ਰੇਮ ਆਪ ਨਿਰੰਕਾਰ ਹੈ।

ਏਨੇ ਨੂੰ ਭਾਈਆ ਜੈਰਾਮ ਦਾਸ ਆ ਗਿਆ, ਡਾਢੇ ਪਿਆਰ ਨਾਲ ਚਰਨੀਂ ਢੱਠਾ ਤਾਂ ਸਤਿਗੁਰੂ ਜੀ ਨੇ ਸਿਰ ਸੰਭਾਲ ਕੇ ਗਲ ਲਾਇਆ ਤੇ ਆਖਿਆ, ਕਰਤਾਰ ਪੂਰੀ ਪਾਏ, ਕਰਤਾਰ ਲਿਵ ਲਾਏ, ਤੋੜ ਨਿਭਾਏ।

ਪਲੋ ਪਲੀ ਵਿਚ ਖਬਰ ਧੁੰਮ ਗਈ, ਜੋ-ਜੋ ਸਿੱਖ ਸਤਿਗੁਰ ਦੇ ਪਿਆਰੇ ਨੇੜੇ-ਨੇੜੇ ਸਨ ਆ ਜੁੜੇ। ਬੇਬੇ, ਚਾਉ ਮਲ੍ਹਾਰਾਂ ਵਿਚ ਸੀ, ਪਰ ਸੱਚੇ ਸਤਿਗੁਰ ਨੇ ਅਖੰਡ ਕੀਰਤਨ ਐਸਾ ਲੱਗਾ ਕਿ ਸਾਰੀ ਰਾਤ ਇਸ ਰੰਗ ਵਿਚ ਲੰਘ ਗਈ। ਮਰਦਾਨੇ ਦੇ ਰਬਾਬ, ਸਤਿਗੁਰ ਦੀ ਬਾਣੀ ਤੇ ਪ੍ਰੇਮੀਆਂ ਦੇ ਕੀਰਤਨ ਦਾ ਐਸਾ ਠੱਟ ਬੱਝਾ ਕਿ ਜੋ ਵੀ ਤੱਕਣ ਆ ਗਿਆ ਸਿੱਖ ਹੋ ਕੇ ਘਰ ਮੁੜਿਆ। ਇਕ ਦਿਨ ਇਕ ਰਾਤ ਬੇਬੇ ਦੇ ਘਰ ਇਸ ਤਰ੍ਹਾਂ ਰਹਿੰਦਿਆਂ ਜਾਪੇ। ਹੁਣ ਮਰਦਾਨੇ ਨੇ ਨੈਣ ਖੋਲ੍ਹੇ ਤਾਂ ਕੀਹ ਦੇਖਦਾ ਹੈ ਕਿ ਓਸੇ ਟਿੱਲੇ ਉਤੇ ਬੈਠੇ ਹਾਂ ਤੇ ਠੰਢੀ-ਠੰਢੀ ਪੌਣ ਰੁਮਕ ਰਹੀ ਹੈ ਤੇ ਪਹੁ ਦਾ ਚਾਨਣਾ ਚਿੱਟਾ-ਚਿੱਟਾ ਫੈਲ ਰਿਹਾ ਹੈ।

ਸੂਚਨਾ - ਰੁਹੇਲ ਖੰਡ ਤੋਂ ਮੁਹਾੜਾਂ ਮੋੜ ਕੇ ਪਤਾ ਨਹੀਂ ਕਿਨ੍ਹੀਂ ਰਾਹੀਂ ਪਏ ਤੇ ਕੀਹ-ਕੀਹ ਉਪਕਾਰ ਕੀਤੇ, ਅੰਤ ਨੂੰ ਸਨੇ-ਸਨੇ ਦੇਸ਼ ਨੂੰ ਮੁੜੇ। ਅੱਗੇ ਜਿਵੇਂ ਪਰਿਵਾਰ ਤੇ ਪਿਆਰਿਆਂ ਨੂੰ ਵਿਛੋੜਾ ਬਿਹਬਲ ਕਰ ਰਿਹਾ ਸੀ ਤੇ ਤਾਂਘਾਂ ਪੈ ਰਹੀਆਂ ਸਨ ਸੋ ਅਗਲੇ ਪ੍ਰਸੰਗ ਵਿਚ ਹੈ

*'ਚਲਦਾ......................।'*

# ਸਾਕਾ ਸਰਹੰਦ

*ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-55)*

ਬਾਬਾ ਫਤਹਿ ਸਿੰਘ ਅੱਗੋਂ ਬੜੇ ਪਿਆਰ ਨਾਲ ਮੁਸਕਰਾ ਕੇ ਕਹਿੰਦੇ ਹਨ ਦਾਦੀ ਮਾਂ! ਤੂੰ ਦੇਖੀਂ ਬੁਰਜ ਉਤੋਂ ਖਲੋ ਕੇ। ਕਦੀ ਪਤੀ ਦਾ ਸੀਸ ਦੇਖਿਆ ਸੀ, ਕਦੀ ਤੂੰ ਆਨੰਦਪੁਰ ਨੂੰ ਦੇਖਿਆ ਸੀ, ਅੱਜ ਤੂੰ ਸਾਨੂੰ ਦੇਖੀਂ। ਜੇ ਕਿਤੇ ਕਚਹਿਰੀ ਬਾਹਰ ਲੱਗੀ ਤਾਂ ਤੇਰਾ ਛੋਟਾ ਪੋਤਾ ਇਸ ਸੂਬੇ ਵਜ਼ੀਰ ਖ਼ਾਂ ਦਾ ਮੂੰਹ ਕਿਵੇਂ ਤੋੜਦਾ ਹੈ। ਸਾਰੀ ਰਾਤ ਗੁਰੂ ਦੇ ਭਾਣੇ ਵਿਚ ਲੰਘੀ। ਆਪਣੀ ਗੋਦ ਵਿਚ ਦੋਨਾਂ ਪੋਤਿਆਂ ਦੇ ਮੂੰਹ ਨੂੰ ਲੈ ਲਿਆ ਤੇ ਆਪ ਬਾਣੀ ਪੜ੍ਹਨੀ ਸ਼ੁਰੂ ਕਰ ਦਿਤੀ। ਸਵੇਰੇ ਅੰਮ੍ਰਿਤ ਵੇਲੇ ਠੰਢ ਵਧੀ। ਮਾਤਾ ਗੁਜਰੀ ਉੱਠੀ। ਆਵਾਜ਼ ਦਿਤੀ ਫਤਹਿ ਸਿੰਘ! ਜੋਰਾਵਰ ਸਿੰਘ! ਜਾਗੋ, ਅੰਮ੍ਰਿਤ ਵੇਲਾ ਹੋ ਗਿਆ ਹੈ। ਅੰਮ੍ਰਿਤ ਵੇਲੇ ਉੱਠੇ, ਸੀਨੇ ਨਾਲ ਲਾ ਕੇ ਮਸਤਕ ਚੁੰਮੇ ਤੇ ਚੌਂਕੜਾ ਮਾਰ ਕੇ ਸੁਚੇਤ ਕੀਤਾ। ਲਾਲ ਜੀ ਮੈਂ ਬਾਣੀ ਪੜ੍ਹਾਂਗੀ ਤੇ ਤੁਸੀਂ ਸੁਣੋ। ਉਸ ਬੁੱਢੜੀ ਮਾਂ ਨੇ ਬਾਣੀ ਪੜ੍ਹੀ ਤੇ ਦੋਨਾਂ ਪੋਤਿਆਂ ਨੇ ਸੁਣੀ। ਅਜੇ ਸੂਰਜ ਦੀ ਟਿੱਕੀ ਸਿਖਰ 'ਤੇ ਨਹੀਂ ਸੀ ਆਈ। ਥੋੜ੍ਹਾ ਜਿਹਾ ਨਿੱਘ ਮਹਿਸੂਸ ਹੋਣ ਲੱਗਾ। ਇੰਨੀ ਦੇਰ ਵਿਚ ਚੁਬਾਰੇ ਦੇ ਉਤੇ ਚਾਰ ਪੈਰਾਂ ਦੀ ਆਹਟ ਸੁਣਾਈ ਦਿਤੀ। ਮਾਤਾ ਨੇ ਪਰਤ ਕੇ ਬੁਰਜ ਦੇ ਦਰਵਾਜ਼ੇ ਵਲ ਵੇਖਿਆ ਤਾਂ ਦੋ ਸਿਪਾਹੀ ਉਹਨਾਂ ਦੇ ਲੱਕ ਨਾਲ ਕ੍ਰਿਪਾਨਾਂ, ਹੱਥ ਵਿਚ ਨੇਜ਼ੇ ਤੇ ਦੇਖ ਕੇ ਮਾਤਾ ਨੇ ਸੋਚਿਆ ਕਿ ਹੋਣੀ ਵਾਪਰਨ ਲੱਗੀ ਹੈ। ਕਹਿਣ ਲੱਗੇ ਮਾਂ! ਅਸੀਂ ਤੇਰੇ ਪੋਤਿਆਂ ਨੂੰ ਲੈਣ ਆਏ ਹਾਂ।

ਅੱਜ ਪਹਿਲਾ ਮੌਕਾ ਸੀ ਕਿ ਆਨੰਦਪੁਰ ਸਾਹਿਬ ਜੀ ਦੀ ਧਰਤੀ ਤੋਂ ਬਾਅਦ ਦੋਨਾਂ ਪੋਤਿਆਂ ਨੇ ਦਾਦੀ ਤੋਂ ਕੁਝ ਸਮੇਂ ਲਈ ਵੱਖਰੇ ਹੋਣਾ ਸੀ। ਕਹਿਣ ਲੱਗੀ, ਕਿਸ ਲਈ? ਸੂਬੇ ਦੀ ਕਚਹਿਰੀ ਲੱਗੀ ਹੈ, ਅੱਜ ਇਹਨਾਂ ਦੀ ਪੇਸ਼ੀ ਹੈ। ਮੇਰੇ ਪੋਤਿਆਂ ਨੇ ਕੋਈ ਕਸੂਰ ਨਹੀਂ ਕੀਤਾ, ਮੇਰੇ ਪੋਤਿਆਂ ਨੇ ਕੋਈ ਕਤਲ ਨਹੀਂ ਕੀਤਾ, ਮੇਰੇ ਪੋਤਿਆਂ ਨੇ ਕਿਸੇ ਦੇ ਘਰ ਨੂੰ ਲੁੱਟਿਆ ਨਹੀਂ, ਪੇਸ਼ੀ ਕਿਉਂ? ਕਹਿਣ ਲੱਗੇ ਮਾਂ, ਅਸੀਂ ਹਕੂਮਤ ਦੇ ਬੱਧੇ ਹਾਂ, ਪਤਾ ਨਹੀਂ ਕਿਉਂ? ਦੋਨੋਂ ਉਠੇ ਤੇ ਉਹਨਾਂ ਨੇ ਮੱਥਾ ਟੇਕਿਆ। ਤੁਰਦਿਆਂ ਫਤਹਿ ਸਿੰਘ ਨੇ ਘੁੱਟ ਕੇ ਗਲਵਕੜੀ ਪਾਈ ਤੇ ਕਿਹਾ ਮਾਂ! ਤੂੰ ਭਰੋਸਾ ਰੱਖੀਂ, ਅਸੀਂ ਤੇਰੇ ਪੋਤੇ ਹਾਂ। ਮਰ ਜਾਵਾਂਗੇ ਪਰ ਝੁਕਾਂਗੇ ਨਹੀਂ।

ਉਧਰ ਸੂਬਾ ਸਰਹੰਦ ਬੈਠਾ ਹੈ, ਨਵਾਬ ਮਲੇਰ ਕੋਟਲੀਆ ਬੈਠਾ ਹੈ। ਸੁੱਚਾ ਨੰਦ ਵੀ ਬੈਠਾ ਹੈ। ਅੱਜ ਸਰਹੰਦ ਦੇ ਪਤਵੰਤੇ ਸੱਜਣ ਬੈਠੇ ਹਨ। ਜਦੋਂ ਗਏ ਤਾਂ, ਵੱਡਾ ਦਰਵਾਜ਼ਾ ਬੰਦ ਸੀ ਤੇ ਨਿੱਕੀ ਜਿਹੀ ਖਿੜਕੀ ਖੋਲ੍ਹੀ ਹੈ। ਇਸ ਦਾ ਮਤਲਬ ਸੀ ਕਿ ਝੁਕਣਗੇ ਤਾਂ ਇਕੋ ਦਮ ਤਾੜੀਆਂ ਮਾਰ ਕੇ ਕਹਾਂਗੇ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਝੁਕ ਗਏ। ਜਦੋਂ ਖਿੜਕੀ ਦੇ ਕੋਲ ਆਏ ਬਾਬਾ ਜੋਰਾਵਰ ਸਿੰਘ ਤਾਂ ਖਲੋ ਗਏ। ਸਿਪਾਹੀ ਕਹਿਣ ਲੱਗੇ, ਬੱਚਿਉ! ਅੰਦਰ ਜਾ ਕੇ ਨਵਾਬ ਸਾਹਿਬ ਨੂੰ ਝੁਕ ਕੇ ਨਮਸ਼ਕਾਰ ਕਰਨੀ। ਬਾਬਾ ਜੋਰਾਵਰ ਸਿੰਘ ਕਹਿਣ ਲੱਗੇ, ਇਕ ਨਾਲ ਹੀ ਪ੍ਰਣ ਕੀਤਾ ਹੈ ਪਰਤ ਕੇ ਅਸੀਂ ਕਦੀ ਝੁੱਕੇ ਨਹੀਂ। ਕਹਿਣ ਲੱਗੇ ਗੁਰੂ ਨਾਨਕ ਦੇ ਚਰਨਾਂ ਵਿਚ ਇਕ ਦਿਨ ਬਾਪੂ ਨੇ ਸੀਸ ਭੇਟਾ ਕਰ ਦਿਤਾ ਹੈ, ਪਰਤ ਕੇ ਅਸੀਂ ਸਿਰ ਝੁਕਾਇਆ ਨਹੀਂ। ਅੰਦਰ ਗਏ, ਉਹਨਾਂ ਨੇ ਖਿੜਕੀ ਵਿਚੋਂ ਸਿਰ ਨਹੀਂ, ਪਹਿਲਾਂ ਆਪਣੇ ਨਿੱਕੇ-ਨਿੱਕੇ ਤਿੱਲੇ ਵਾਲੇ ਜਿਹੜੇ ਜੋੜੇ ਪਾਏ ਹਨ, ਚਮਕਦੀ ਜੁੱਤੀ ਦਾ ਤਲਾ ਦਿਖਾਇਆ ਕਿ ਚੇਤੇ ਰੱਖੀਂ, ਤੇਰੇ ਸੁੱਖ ਨੂੰ ਅਸੀਂ ਜੁੱਤੀ ਦੀ ਨੋਕ ਨਾਲ ਠੁਕਰਾਵਾਂਗੇ। ਭਰੀ ਕਚਹਿਰੀ ਵਿਚ ਦੋਨੋਂ ਭਰਾ ਇਕ ਦੂਜੇ ਨੂੰ ਕਹਿਣ ਲੱਗੇ - ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਹਿਤ॥ ਨਿੱਕੀ ਜਿਹੀ ਅਵਾਜ਼ ਨੇ ਕਚਹਿਰੀ ਗੂੰਜਾ ਦਿਤੀ। ਦੋ ਖਿਨ ਲਈ ਸਾਰੇ ਖਾਮੋਸ਼ ਹੋ ਗਏ। ਸਿਪਾਹੀ ਉਠਿਆ ਤੇ ਕਹਿਣ ਲੱਗਾ, ਬੱਚਿਉ! ਝੁਕ ਕੇ ਸਲਾਮ ਕਰੋ। ਬਾਬਾ ਫਤਹਿ ਸਿੰਘ ਜੀ ਕਹਿਣ ਲੱਗੇ, ਕਿਸ ਨੂੰ ਸਲਾਮ ਕਰੀਏ? ਕਹਿਣ ਲੱਗੇ, ਵੀਜ਼ਰ ਖ਼ਾਂ ਨੂੰ। ਬਾਬਾ ਫਤਹਿ ਸਿੰਘ ਕਹਿੰਦੇ ਹਨ ਕਿ ਅਸੀਂ ਝੁਕੇ ਹਾਂ ਤੇ ਰੋਜ਼ ਝੁਕਦੇ ਹਾਂ। ਕਿਸ ਅੱਗੇ? ਕਹਿਣ ਲੱਗੇ -

*ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ ॥*

*ਅੰਗ- ੬੯੩*

ਅੱਗੋਂ ਵਜ਼ੀਰ ਖ਼ਾਂ ਬੋਲਿਆ, ਬੱਚਿਉ! ਤੁਹਾਡੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਤੇ ਤੁਹਾਡੇ ਦੋ ਭਰਾ ਅਜੀਤ ਤੇ ਜੁਝਾਰ ਸਿੰਘ ਨੂੰ ਚਮਕੌਰ ਦੀ ਗੜ੍ਹੀ ਵਿਚ ਮਾਰ ਦਿਤਾ ਹੈ। ਬਾਬਾ ਜੋਰਾਵਰ ਸਿੰਘ ਬੋਲੇ, ਸਵਾਲ ਹੀ ਨਹੀਂ ਪੈਦਾ ਹੁੰਦਾ ਕਿ ਤੂੰ ਸਾਡੇ ਪਿਤਾ ਦਾ ਮੁਕਾਬਲਾ ਕਰ ਜਾਏਂ। ਕੌਣ ਜੰਮਿਆ ਹੈ ਸਾਡੇ ਪਿਤਾ ਨੂੰ ਰੋਕ ਕੇ ਖ਼ਤਮ ਕਰਨ ਵਾਲਾ? ਸਾਡੇ ਭਰਾ ਮਰੇ ਨਹੀਂ, ਉਹ ਸ਼ਹੀਦ ਹੋਏ ਹਨ। ਇਕ ਗੱਲ ਚੇਤੇ ਰੱਖੀਂ ਕਿ ਜੇ ਤੂੰ ਇਹ ਸੁਨੇਹਾ ਦਿੰਦਾ ਕਿ ਤੁਹਾਡੇ ਭਰਾ ਟੁੱਕੜੇ-ਟੁੱਕੜੇ ਕਰਕੇ ਸ਼ਹੀਦ ਕਰ ਦਿਤੇ ਗਏ ਹਨ ਤਾਂ ਤੈਨੂੰ ਅਸੀਂ ਵਧਾਈ ਦਿੰਦੇ ਕਿ ਤੂੰ ਘੱਟੋ-ਘੱਟ ਉਹਨਾਂ ਮੁਬਾਰਕ ਸਰੀਰਾਂ ਨੂੰ ਦੇਖਿਆ ਹੈ ਜਿਹੜੇ ਸਰੀਰ ਧਰਮ ਯੁੱਧ ਵਿਚ ਜੂਝ ਕੇ ਸਾਈਂ

ਦੇ ਘਰ ਵਿਚ ਪ੍ਰਵੇਸ਼ ਕਰ ਗਏ।

ਉਹਨਾਂ ਸੋਚਿਆ ਕਿ ਇਹਨਾਂ ਬੱਚਿਆਂ ਉੱਪਰ ਕੋਈ ਅਸਰ ਨਹੀਂ। ਉਥੇ ਆਇਆ ਸੀ ਨਵਾਬ ਮਲੇਰਕੋਟਲੀਆ। ਡਾਕਟਰ ਗੰਡਾ ਸਿੰਘ ਨੇ ਇਕ ਗੱਲ ਲਿਖੀ ਹੈ। ਉਹ ਕਹਿੰਦੇ ਹਨ ਕਿ ਉਸ ਦਾ ਭਰਾ ਨਾਹਰ ਖ਼ਾਂ ਜਿਸ ਨੇ ਪੌੜੀ ਲਾਈ ਸੀ, ਉਹ ਮਲੇਰਕੋਟਲੀਏ ਦਾ ਸਕਾ ਭਰਾ ਸੀ। ਇਕ ਇਸ ਦਾ ਸਕਾ ਭਤੀਜਾ ਜਿਸ ਦਾ ਨਾਮ ਸੀ ਖ਼ਿਜ਼ਰ ਖ਼ਾਂ। ਕਹਿੰਦੇ ਹਨ, ਦੋਨੋਂ ਚਮਕੌਰ ਦੀ ਗੜ੍ਹੀ ਵਿਚ ਨਾਹਰ ਖ਼ਾਂ ਗੁਰੂ ਗੋਬਿੰਦ ਸਿੰਘ ਦੇ ਤੀਰ ਨਾਲ ਖ਼ਤਮ ਹੋਇਆ ਸੀ ਤੇ ਉਸ ਦਾ ਭਤੀਜਾ ਰਣ-ਤੱਤੇ ਵਿਚ ਗੁਰੂ ਕੇ ਸਾਹਿਬਜ਼ਾਦਿਆਂ ਨੇ ਮਾਰ ਦਿਤਾ ਸੀ। ਵਜ਼ੀਰ ਖ਼ਾਂ ਨੇ ਅਵਾਜ਼ ਦਿਤੀ, ਨਵਾਬ ਸਾਹਿਬ! ਤੁਹਾਡੇ ਭਰਾ ਤੇ ਤੁਹਾਡੇ ਭਤੀਜੇ ਨੂੰ ਇਹਨਾਂ ਦੇ ਭਰਾਵਾਂ ਨੇ, ਇਹਨਾਂ ਦੇ ਬਾਪ ਨੇ ਮਾਰਿਆ ਹੈ, ਅੱਜ ਮੌਕਾ ਹੈ ਤੁਸੀਂ ਬਦਲਾ ਲੈ ਲਉ। ਇਕ ਬੰਦਾ ਕੇਵਲ ਉਠਿਆ ਸੀ, ਭਰੀ ਕਚਹਿਰੀ ਵਿਚ, ਉਹ ਕਹਿਣ ਲੱਗਾ ਕਿ ਚੇਤੇ ਰੱਖੀਂ ਬਾਪ ਮਿਲੇਗਾ ਤਾਂ ਟੱਕਰ ਜ਼ਰੂਰ ਲਵਾਂਗਾ ਪਰ ਮੈਂ ਖ਼ੁਦਾ ਅੱਗੇ ਬੇਨਤੀ ਕਰਾਂਗਾ ਕਿ ਰੱਬ ਕ੍ਰਿਪਾ ਕਰੇ, ਮੈਨੂੰ ਇਸ ਪਾਪ ਤੋਂ ਮਹਿਫ਼ੂਜ਼ ਰੱਖੇ। ਉਸ ਨੇ ਕਿਹਾ ਖ਼ਾਨ ਸਾਹਿਬ! ਇੰਨੇ ਦਲੇਰ ਹੋ ਕੇ ਤੁਸੀਂ ਘਬਰਾ ਗਏ। ਕਹਿਣ ਲੱਗੇ ਮੈਂ ਦਲੇਰ ਹਾਂ, ਗੁਰੂ ਗੋਬਿੰਦ ਸਿੰਘ ਮਿਲੇਗਾ ਤਾਂ ਟੱਕਰ ਲਵਾਂਗਾ, ਤੇਰੇ ਵਰਗਾ ਬੁਜ਼ਦਿਲ ਨਹੀਂ। ਇਹਨਾਂ ਬੱਚਿਆਂ ਦੀ ਜ਼ਬਾਨ ਤੋਂ ਨਿਕਲਦੀ ਸੱਚ ਦੀ ਚੰਗਿਆੜੀ ਦੇਖ ਕੇ ਤੂੰ ਝੁਕ ਜਾ, ਕਿਉਂਕਿ ਇਹਨਾਂ ਨੂੰ ਖ਼ਤਮ ਕਰਨਾ ਅੱਤ ਦਾ ਜ਼ੁਲਮ ਹੋਵੇਗਾ।

ਇੰਨੀ ਦੇਰ ਨੂੰ ਸੁੱਚਾ ਨੰਦ ਉਠਿਆ। ਨਵਾਬ ਮਲੇਰ ਕੋਟਲਾ ਕਹਿੰਦਾ ਹੈ ਕਿ ਇਹਨਾਂ ਨੂੰ ਮਾਰਨਾ, ਇਹਨਾਂ ਨੂੰ ਕੋਹ ਕੇ ਸ਼ਹੀਦ ਕਰਨਾ ਅੱਤ ਦਾ ਪਾਪ ਹੈ। ਸੁੱਚਾ ਨੰਦ ਉਠਿਆ। ਕਹਿਣ ਲੱਗਾ, ਨਵਾਬ ਸਾਹਿਬ! ਕਦੀ ਇਹਨਾਂ ਦੀ ਗੱਲ ਵਿਚ ਨਾ ਆਇਉ। ਕੋਲ ਜਾ ਕੇ ਕਹਿੰਦਾ ਹੈ, ਬੱਚਿਉ! ਜੇ ਤੁਹਾਨੂੰ ਛੱਡ ਦੇਈਏ ਤਾਂ ਫਿਰ ਕੀ ਕਰੋਗੇ? ਕਹਿਣ ਲੱਗੇ, ਦਾਦੀ ਮਾਂ ਦੇ ਨਾਲ ਜਾਵਾਂਗੇ, ਜੰਗਲ ਵਿਚ ਬਾਪੂ ਨੂੰ ਲੱਭਾਂਗੇ। ਜਿੱਥੇ ਪਿਤਾ ਮਿਲੇਗਾ, ਆਪਣੇ ਖਿੰਡੇ-ਪੁੰਡੇ ਸਿੱਖ ਇਕੱਠੇ ਕਰਾਂਗੇ ਤੇ ਫਿਰ ਅਸੀਂ ਸ਼ਸਤਰ ਧਾਰਨ ਕਰਕੇ ਸਰਹੰਦ ਆਵਾਂਗੇ। ਪੁੱਛਿਆ ਕਿਉਂ? ਕਹਿਣ ਲੱਗੇ ਤੇਰੇ ਇਸ ਸੂਬੇ ਦੇ ਦੋ ਟੁੱਕੜੇ ਕਰਾਂਗੇ। ਸਾਨੂੰ ਰੱਬ ਸਮਾਂ ਦੇਵੇ, ਜੰਗਲ ਵਿਚ ਜਾਵਾਂਗੇ। ਸੱਚ ਜਾਣਿਉ, ਸੂਬੇ ਦੇ ਵੀ ਦੋ ਟੁਕੜੇ ਹੋਏ ਸਨ। ਪੁੱਛਿਆ ਜੇ ਹਾਰ ਗਏ? ਕਹਿਣ ਲੱਗੇ ਪਰਤ ਕੇ ਫਿਰ ਆਵਾਂਗੇ। ਉਸ ਨੇ ਕਿਹਾ ਕਿੰਨੀ-ਕੁ ਦੇਰ? ਕਹਿਣ ਲੱਗੇ, ਜਿੰਨੀ ਦੇਰ ਸੂਬਾ ਖ਼ਤਮ ਨਹੀਂ ਹੋ ਜਾਂਦਾ ਤੇ ਜਾਂ ਅਸੀਂ ਸ਼ਹੀਦ ਨਹੀਂ ਹੋ ਜਾਂਦੇ। ਕਿਉਂਕਿ ਬਾਬੇ ਕਿਆਂ ਦੀ ਟੱਕਰ ਬਾਬਰ ਕਿਆਂ ਦੇ ਨਾਲ ਉੱਨੀ ਦੇਰ ਚਲਦੀ ਰਹੇਗੀ ਜਿੰਨੀ ਦੇਰ ਤੱਕ ਜ਼ੁਲਮ ਦੀ ਜੜ੍ਹ ਨਹੀਂ ਪੁੱਟੀ ਜਾਂਦੀ। ਸਾਰੀ ਕਚਹਿਰੀ ਸੁਣ ਕੇ ਖਾਮੋਸ਼ ਹੋ ਗਈ। ਦੋਨੋਂ ਲਾਲ ਵਜ਼ੀਰ ਖ਼ਾਂ ਦੇ ਸਾਹਮਣੇ ਬੋਲੇ।

ਦੋਨੋਂ ਗੁਰੂ ਕੇ ਲਾਲ ਵਾਪਿਸ ਆ ਗਏ। ਮਾਤਾ ਗੁਜਰੀ ਦੇਖਦੀ ਪਈ ਹੈ। ਭੱਜ ਕੇ ਫਤਹਿ ਸਿੰਘ ਅੱਗੇ ਦੱਸਣਾ ਚਾਹੁੰਦੇ ਹਨ ਕਿ ਅੰਮੀਏ! ਅੱਜ ਕਚਹਿਰੀ ਵਿਚ ਤੇਰੇ ਬੱਚੇ ਕੀ ਬੋਲ ਕੇ ਆਏ ਹਨ? ਜਿਵੇਂ ਬੱਚਾ ਸਕੂਲ ਵਿਚੋਂ ਚੰਗੇ ਨੰਬਰ ਲੈ ਕੇ ਆਉਂਦਾ ਹੈ ਤੇ ਮਾਂ ਕਿਤੇ ਵੀ ਹੋਵੇ, ਲੱਭ ਕੇ ਕਹਿੰਦਾ ਹੈ ਕਿ ਮਾਂ, ਦੇਖ ਅੱਜ ਮੈਨੂੰ ਇੰਨੇ ਨੰਬਰ ਮਿਲੇ ਹਨ। ਬਾਬਾ ਫਤਹਿ ਸਿੰਘ ਨੇ ਨੀਲਾ ਬਾਣਾ ਪਾਇਆ ਹੋਇਆ ਸੀ। ਦੌੜ ਕੇ ਨਿੱਕੇ-ਨਿੱਕੇ ਕਦਮਾਂ ਨਾਲ ਪੌੜੀਆਂ ਉਪਰ ਚੜ੍ਹੇ। ਪੌੜੀਆਂ ਉਪਰ ਖਲੋ ਕੇ ਅਵਾਜ਼ ਦਿਤੀ ਮਾਂ! ਅੱਜ ਤੇਰੇ ਪੁੱਤਰ ਦੀ ਪੱਗ ਨੂੰ ਉਚਿਆਂ ਕਰਕੇ ਆਏ ਹਾਂ। ਫਤਹਿ ਸਿੰਘ ਨੇ ਇਕ-ਇਕ ਗੱਲ ਸੁਣਾਈ।

ਹੁਣ ਦੂਜਾ ਦਿਨ ਚੜ੍ਹਿਆ ਹੈ। ਰਾਤ ਫਿਰ ਸਮਝਾਇਆ ਪੁੱਤਰ ਜੀ! ਸਿਦਕ ਨਾ ਡੋਲਣ ਦਿਉ। ਦੂਜਾ ਦਿਨ ਚੜ੍ਹਿਆ ਤੇ ਪਰਤ ਕੇ ਫਿਰ ਪੇਸ਼ੀ ਹੋਈ। ਇਸ ਪੇਸ਼ੀ ਵਿਚ ਵਜ਼ੀਰ ਖ਼ਾਂ ਨੇ ਫਿਰ ਤਰਲੇ ਮਿੰਨਤਾਂ ਕੀਤੇ, ਡਰਾਵੇ ਦਿਤੇ। ਇਥੋਂ ਤੱਕ ਕਿਹਾ ਸੀ ਕਿ ਇਸਲਾਮ ਨੂੰ ਕਬੂਲ ਕਰੋ, ਤੁਹਾਨੂੰ ਹੂਰਾਂ ਮਿਲਣਗੀਆਂ, ਰਾਜ-ਭਾਗ ਮਿਲਣਗੇ। ਬਾਬਿਆਂ ਦਾ ਉੱਤਰ ਸੀ ਕਿ ਸਾਨੂੰ ਇਹ ਲਿਖ ਕੇ ਦੇ-ਦੇ ਕਿ ਮੌਤ ਕਦੀ ਨਹੀਂ ਆਵੇਗੀ। ਕਹਿਣ ਲੱਗਾ, ਮੌਤ ਤਾਂ ਫਿਰ ਵੀ ਆਵੇਗੀ। ਕਹਿਣ ਲੱਗੇ, ਜੇ 70 ਸਾਲ ਅੰਨ ਗੰਦਿਆਂ ਕਰਕੇ ਮਰਨਾ ਹੈ ਤਾਂ 7 ਸਾਲ ਦੀ ਉਮਰ ਵਿਚ ਅਣਖ ਨਾਲ ਮਰਨ ਨੂੰ ਪਹਿਲ ਦੇਵਾਂਗੇ, 70 ਸਾਲ ਦੀ ਬੁਜ਼ਦਿਲੀ ਦੀ ਜ਼ਿੰਦਗੀ ਜੀਉਣ ਨਾਲੋਂ। ਉਸ ਵੇਲੇ ਉਸ ਨੇ ਕਿਹਾ ਤੁਹਾਨੂੰ ਮੌਤ ਤੋਂ ਡਰ ਨਹੀਂ?

ਦੇਖੋ ਦੁਨੀਆਂ ਵਿਚ ਹਰ ਥਾਂ 'ਤੇ ਕਿਹਾ ਜਾਂਦਾ ਹੈ ਕਿ ਜ਼ਿੰਦਗੀ ਜੀਉਣੀ ਕਿਵੇਂ ਹੈ, ਕੇਵਲ ਗੁਰੂ ਨਾਨਕ ਦੇ ਘਰ ਵਿਚੋਂ ਹੀ ਅਵਾਜ਼ ਆਉਂਦੀ ਹੈ ਕਿ ਮੌਤ ਆਵੇ ਤਾਂ ਮਰਨਾ ਕਿਵੇਂ ਹੈ? ਦੁਨੀਆਂ ਦੇ ਧਰਮ ਕਹਿੰਦੇ ਹਨ ਕਿ ਤੈਨੂੰ ਸਵਰਗ ਮਿਲੇਗਾ, ਕਿਆਮਤ ਵਾਲੇ ਦਿਨ ਸਾਡਾ ਮੁਰਸ਼ਦ ਤੇਰੇ ਨਾਲ ਹੋਵੇਗਾ। ਮੇਰਾ ਬਾਬਾ ਕਹਿੰਦਾ ਹੈ ਕਿ ਤੇਰੇ ਸਾਹਮਣੇ ਮੌਤ ਹੋਵੇਗੀ ਪਰ ਮੇਰੇ ਘਰ ਖੇਡ ਉਹ ਖੇਡਣ ਆਉਣ ਜਿਨ੍ਹਾਂ ਨੇ ਸਿਰ ਦਾ ਫੁੱਟਬਾਲ ਬਣਾ ਕੇ ਲਿਆਉਣਾ ਹੈ। ਕਚਹਿਰੀਆਂ ਲੱਗੀਆਂ, ਬਹੁਤ ਕੁਝ ਕਿਹਾ। ਅਖੀਰ ਵਿਚ ਇਹ ਫੈਸਲਾ ਕੀਤਾ ਗਿਆ ਕਿ ਇਹਨਾਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਜਾਵੇ। ਉਥੇ ਪਹਿਲੇ ਦਿਨ ਬੇਹੋਸ਼ ਹੋਏ। ਨੀਹਾਂ ਵਿਚ ਚਿਣਨਾ ਹੀ ਸ਼ਹਾਦਤ ਸੀ। ਇਹ ਗੱਲ ਵੱਖਰੀ ਹੈ ਕਿ ਪਰਤ ਕੇ ਕੋਹ ਕੇ ਸ਼ਹੀਦ ਕੀਤਾ।

ਉਸ ਦਿਨ ਫਤਵਾ ਦੇ ਦਿਤਾ ਗਿਆ ਕਿ ਕੱਲ ਨੂੰ ਇਹਨਾਂ ਨੂੰ ਨੀਹਾਂ ਵਿਚ ਚਿਣਿਆ ਜਾਏ। ਹੁਣ ਸਾਰੀ

ਕਚਹਿਰੀ ਵਿਚ ਕੋਈ ਅਜਿਹਾ ਨਹੀਂ ਜਿਹੜਾ ਕਹੇ ਕਿ ਮੈਂ ਸ਼ਹੀਦ ਕਰਾਂਗਾ। ਸਾਰਿਆਂ ਦੀ ਨੀਵੀਂ ਪੈ ਗਈ। ਗੁਰੂ ਕੇ ਲਾਲਾਂ ਨੂੰ ਪਤਾ ਸੀ ਕਿ ਅੱਜ ਕਚਹਿਰੀ ਲੱਗੀ ਹੈ, ਕੱਲ ਇਸ ਵੇਲੇ ਤੱਕ ਦਾਦੇ ਦੀ ਗੋਦ ਵਿਚ ਬੈਠੇ ਹੋਵਾਂਗੇ। ਜਦੋਂ ਭਰੀ ਕਚਹਿਰੀ ਵਿਚ ਕਾਜ਼ੀ ਨੇ ਫ਼ਤਵਾ ਦਿਤਾ ਕਿ ਇਹ ਬਾਗ਼ੀ ਸੁਰ ਵਾਲੇ ਹਨ, ਇਹਨਾਂ ਨੂੰ ਨੀਹਾਂ ਵਿਚ ਜੀਉਂਦਿਆਂ ਚਿਣਿਆ ਜਾਏ ਤਾਂ ਕਿਸ ਕੋਲ ਹਿੰਮਤ ਹੈ ਜਿਹੜਾ ਚਿਣੇ? ਸਮਾਣੇ ਦੇ ਦੋ ਜੱਲਾਦ ਉੱਠੇ। ਇਹਨਾਂ ਦਾ ਸੂਬੇ ਦੀ ਕਚਹਿਰੀ ਵਿਚ ਮੁਕੱਦਮਾ ਚਲਦਾ ਪਿਆ ਸੀ। ਇਹਨਾਂ ਨੇ ਉੱਠ ਕੇ ਕਿਹਾ, ਹਕੂਮਤ ਮਾਈ ਬਾਪ ਵਲੋਂ ਜੇ ਸਾਡੇ ਮੁਕੱਦਮੇ ਨੂੰ ਖਾਰਿਜ ਕੀਤਾ ਜਾਏ ਤਾਂ ਅਸੀਂ ਭਰੀ ਕਚਹਿਰੀ ਵਿਚ ਦਾਅਵਾ ਕਰਦੇ ਹਾਂ ਕਿ ਇਹਨਾਂ ਦੋਹਾਂ ਬੱਚਿਆਂ ਨੂੰ ਕੋਹ ਕੇ ਅਸੀਂ ਸਵੇਰੇ ਸ਼ਹੀਦ ਕਰਾਂਗੇ। ਦੋਨੋਂ ਦੇਖ ਕੇ ਮੁਸਕਰਾਏ। ਇੰਝ ਲੱਗਾ ਕਿ ਜਿਵੇਂ ਮੌਤ ਰਾਣੀ ਨੂੰ ਪਰਨਾਣ ਦੇ ਲਈ ਦੋ ਵਿਚੋਲੇ ਸਾਹਮਣੇ ਆ ਗਏ ਹਨ। ਦੋਨਾਂ ਦੇ ਚਿਹਰੇ ਦੇਖ ਕੇ ਸਾਹਿਬ ਕ੍ਰਿਪਾਲੂ ਜੀ ਦੇ ਇਹਨਾਂ ਲਾਲਾਂ ਨੂੰ ਫ਼ਤਵਾ ਦੇ ਕੇ ਵਾਪਿਸ ਸਿਪਾਹੀ ਲੈ ਕੇ ਆਏ।

ਅੱਜ ਬਾਬਾ ਫਤਹਿ ਸਿੰਘ ਬਾਬਾ ਜੋਰਾਵਰ ਸਿੰਘ ਤੇਜ਼ੀ ਨਾਲ ਦੌੜ ਕੇ ਬੁਰਜ ਉੱਪਰ ਚੜ੍ਹੇ। ਅੱਗੋਂ ਮਾਤਾ ਨੇ ਪੁੱਛਿਆ, ਲਾਲ ਜੀ! ਅੱਜ ਕੀ ਵਾਪਰਿਆ? ਕਹਿਣ ਲੱਗੇ ਅੰਮੀਏ! ਇਕ ਰਾਤ ਰਹਿ ਗਈ ਹੈ, ਕੱਲ੍ਹ ਨੂੰ ਸੱਚ ਜਾਣੀਂ, ਸਾਰੇ ਪਰਚੇ ਪਾਸ ਕਰ ਜਾਵਾਂਗੇ। ਤੂੰ ਯਕੀਨ ਜਾਣੀਂ, ਕੱਲ ਵਾਲਾ ਅੰਤਲਾ ਪਰਚਾ ਅਸੀਂ ਪਾਸ ਕਰਾਂਗੇ। ਪੁੱਛਿਆ ਲਾਲ ਜੀ ਕਿਵੇਂ? ਬਾਬਾ ਫਤਹਿ ਸਿੰਘ ਜੀ ਨੇ ਕਿਹਾ, ਮਾਂ! ਸਵੇਰੇ ਸਾਨੂੰ ਨੀਹਾਂ ਵਿਚ ਚਿਣ ਦੇਣਾ ਹੈ। ਉਸ ਵੇਲੇ ਉਸ ਮਾਂ ਲਈ ਤੂਫ਼ਾਨ ਆ ਗਿਆ। ਅੱਜ ਤਾਂ ਗਏ ਪਰਤ ਕੇ ਆਏ, ਕੱਲ ਨੂੰ ਜਾਵਾਂਗੇ ਪਰਤ ਕੇ ਬੁਰਜ 'ਤੇ ਨਹੀਂ ਆਉਣਾ। ਅੰਮੀਏ! ਅੱਜ ਘੁੱਟ ਕੇ ਅਸੀਸ ਦੇ ਕਿ ਕੱਲ ਨੂੰ ਤੇਰੇ ਪੋਤੇ ਸਿਦਕ ਤੋਂ ਡੋਲਣ ਨਾ।

ਅੱਜ ਸ਼ਾਮ ਪਈ ਹੈ। ਅੱਜ ਸੋ ਦਰੁ ਦਾ ਪਾਠ ਮਾਂ ਜੀ ਨੇ ਕੀਤਾ। ਇੱਧਰ ਬਾਬਾ ਫਤਹਿ ਸਿੰਘ ਬਾਬਾ ਜੋਰਾਵਰ ਸਿੰਘ ਨੇ ਸਾਰੀ ਰਾਤ ਪਾਠ ਸੁਣਿਆ। ਅੱਜ ਮਾਂ ਨੇ ਘੁੱਟ ਨੇ ਪਰਤ-ਪਰਤ ਕੇ ਸੀਨੇ ਨਾਲ ਲਾਇਆ, ਮੱਥੇ ਚੁੰਮੇ, ਰੱਜ ਕੇ ਪਿਆਰ ਕੀਤਾ। ਉਸ ਵੇਲੇ ਜਦੋਂ ਰਾਤ ਦਾ ਸਮਾਂ ਲੰਘਿਆ, ਬੜੀਆਂ ਸਾਖੀਆਂ ਸੁਣਾਈਆਂ। ਅੰਮ੍ਰਿਤ ਵੇਲਾ ਹੋਇਆ, ਮਾਤਾ ਗੁਜਰੀ ਨੇ ਅੱਜ ਆਖ਼ਰੀ ਵਾਰੀ ਇਸ ਤਨ ਵਿਚ ਆਏ ਹੋਏ ਇਹਨਾਂ ਪੋਤਿਆਂ ਦੀ ਸੰਭਾਲ ਕਰਨੀ ਸੀ। ਅੱਜ ਫਤਹਿ ਸਿੰਘ ਨੂੰ ਉਠਾਇਆ ਤੇ ਫਿਰ ਜ਼ੋਰਾਵਰ ਸਿੰਘ ਨੂੰ ਉਠਾਇਆ। ਪਿਆਰ ਨਾਲ ਮੱਥੇ ਚੁੰਮੇ ਤੇ ਕਿਹਾ ਮੇਰੇ ਬੱਚਿਉ! ਆਉ ਪਾਠ ਕਰ ਲਈਏ। ਮਾਂ ਨੇ ਪਾਠ ਕੀਤਾ। ਉਸ ਵੇਲੇ ਸੂਰਜ ਦੀ ਟਿੱਕੀ ਨਿਕਲਣ ਲੱਗੀ। ਅੱਜ ਇਹੋ ਜਿਹੀ ਹਨੇਰੀ ਝੁੱਲਣੀ ਹੈ ਕਿ ਜਿੰਨੀ ਦੇਰ ਤੱਕ ਦੁਨੀਆਂ ਰਹੇਗੀ, ਜਦੋਂ ਇਹ ਦਾਸਤਾਨ ਕੋਈ ਸੁਣੇਗਾ ਤਾਂ ਉਸ ਦਾ ਸੀਨਾ ਪਾਟ ਜਾਏਗਾ।

27 ਦਸੰਬਰ 1704 ਦਾ ਦਿਨ ਚੜ੍ਹਿਆ। ਦੋਨੋਂ ਲਾਲ ਉੱਠੇ। ਸੋਹਣੇ ਚੋਲੇ ਪਾਏ, ਸੋਹਣਿਆਂ ਚੂੜੀਦਾਰ ਪਜਾਮੀਆਂ ਪਾਈਆਂ, ਕਢਾਈ ਵਾਲੇ ਜੋੜੇ ਪਾਏ, ਸਿਰ ਉੱਪਰ ਦਸਤਾਰ ਤੇ ਨਿੱਕੀਆਂ-ਨਿੱਕੀਆਂ ਕਲਗੀਆਂ ਸਜਾਈਆਂ। ਉੱਥੇ ਅੱਲਾ ਯਾਰ ਖ਼ਾਂ ਜੋਗੀ ਨੇ ਜਿਹੜਾ ਸ਼ਬਦ ਲਿਖਿਆ, ਉਸ ਵਿਚ ਕਿਹਾ ਜਦੋਂ ਅੰਮ੍ਰਿਤ ਵੇਲੇ ਸੂਰਜ ਦੀ ਟਿੱਕੀ ਨਿਕਲੀ ਤਾਂ ਮਾਂ ਦੇ ਸ਼ਬਦ ਸਨ –

*ਬੇਟਾ ਆਉ ਜਾਨੇ ਸੇ ਪਹਿਲੇ ਜ਼ਰਾ ਗਲੇ ਸੇ ਲਗਾ ਤੋ ਲੂੰ।*
*ਕੇਸੋਂ ਕੋ ਕੰਘੀ ਕਰੂੰ ਜ਼ਰਾ ਮੂੰਹ ਧੁਲਾ ਤੋਂ ਲੂੰ।*
*ਨੰਨ੍ਹੇ ਨੰਨ੍ਹੇ ਸੇ ਸਿਰੋਂ ਪਰ ਕਲਗੀ ਸਜਾ ਤੋਂ ਲੂੰ।*
*ਮਰਨੇ ਸੇ ਪਹਿਲੇ ਤੁਮ ਕੋ ਦੂਲਹਾ ਬਨਾ ਤੋਂ ਲੂੰ।*

ਮੌਤ ਤੋਂ ਪਹਿਲਾਂ ਮੇਰੇ ਬੱਚਿਓ! ਮੈਂ ਲਾੜੇ ਬਣਾ ਕੇ ਤੁਹਾਨੂੰ ਤੋਰਨਾ ਚਾਹੁੰਦੀ ਹਾਂ। ਅੱਜ ਸਿਪਾਹੀ ਲੈਣ ਆ ਗਏ। ਇੱਥੇ ਮੈਨੂੰ ਸੀਤਲ ਸਾਹਿਬ ਦੀਆਂ ਤੁਕਾਂ ਬੜੀਆਂ ਟੁੰਬਦੀਆਂ ਹਨ। ਮਾਂ ਨੇ ਗਲਵਕੜੀ ਵਿਚ ਲੈ ਕੇ ਦੋਨੋਂ ਲਾਲ ਘੁੱਟ ਕੇ ਸੀਨੇ ਨਾਲ ਲਾਏ। ਦੋਨਾਂ ਪੋਤਿਆਂ ਨੇ ਮੱਥਾ ਟੇਕਿਆ ਤੇ ਕਿਹਾ ਮਾਂ! ਅਸੀਸ ਦੇ। ਜਦੋਂ ਅਸੀਸ ਦੇ ਸ਼ਬਦ ਕਹੇ ਤਾਂ ਮਾਂ ਦੀ ਜ਼ੁਬਾਨ ਤੋਂ ਕੋਈ ਸ਼ਬਦ ਨਹੀਂ ਨਿਕਲੇ, ਬਸ ਦੋਨੋਂ ਹੱਥ ਪੋਤਿਆਂ ਦੇ ਸਿਰ ਉੱਪਰ ਰੱਖਿਆ। ਸਿਪਾਹੀਆਂ ਦੇ ਨਾਲ ਤੁਰੇ ਹਨ। ਇੱਕ ਦੋ ਪੌੜੀਆਂ ਥੱਲੇ ਉਤਰੇ ਤਾਂ ਬਾਬਾ ਫਤਹਿ ਸਿੰਘ ਫਿਰ ਪਿਛਾਂਹ ਆਏ ਤੇ ਮਾਂ ਨੇ ਪੁੱਛਿਆ, ਲਾਲ ਜੀ! ਪਿਛਾਂਹ ਕਿਉਂ? ਕਹਿਣ ਲੱਗੇ ਮਾਂ! ਅਸੀਂ ਤੈਨੂੰ ਸਚਖੰਡ ਵਿਚ ਜਾ ਕੇ ਉਡੀਕਾਂਗੇ। ਮਾਂ ਕਹਿਣ ਲੱਗੀ ਚਲੋ ਮੇਰੇ ਹੀਰਿਉ! ਮੈਂ ਵੀ ਪਿੱਛੇ ਆਵਾਂਗੀ। ਸਾਹਿਬ ਕ੍ਰਿਪਾਲੂ ਜੀ ਦੇ ਦੋਨੋਂ ਲਾਲ ਕਚਹਿਰੀ ਗਏ।

ਅੱਜ ਬਾਪੂ ਮਾਛੀਵਾੜੇ ਤੋਂ ਅੱਗੇ ਜਾਂਦਾ ਪਿਆ ਹੈ ਤੇ ਪੁੱਤਰ ਨੀਹਾਂ ਵਾਲੇ ਪਾਸੇ ਜਾਂਦੇ ਪਏ ਹਨ। ਉਧਰ ਕਚਹਿਰੀ ਵਿਚ ਅੱਜ ਫਿਰ ਕਾਜ਼ੀ ਆਇਆ, ਵਜ਼ੀਰ ਖ਼ਾਂ ਆਇਆ, ਜੱਲਾਦ ਆਏ। ਇੱਟਾਂ ਦਾ ਪ੍ਰਬੰਧ ਕੀਤਾ। ਲੋਕ ਰੋਂਦੇ ਪਏ ਹਨ। ਹਵਾਵਾਂ ਵੈਣ ਪਾਉਂਦੀਆਂ ਹਨ। ਆਸਮਾਨ ਅੱਥਰੂ ਕੇਰਦਾ ਹੈ। ਉਥੇ ਦੋਨਾਂ ਨੂੰ ਨੀਹਾਂ ਵਿਚ ਖੜਿਆਂ ਕਰਨ ਲੱਗੇ ਹਨ। ਬਾਬਾ ਫਤਹਿ ਸਿੰਘ ਥੋੜ੍ਹੇ ਜਿਹੇ ਕੱਦ ਕਰਕੇ ਛੋਟੇ ਹਨ। ਜਦੋਂ ਤਕ ਨੀਂਹ ਗਈ ਤਾਂ ਕਿਹਾ ਰੁਕੋ। ਕਹਿਣ ਲੱਗੇ ਕਿ ਅੱਜ ਵੀ ਸੁਣ ਲਉ, ਨਹੀਂ ਤਾਂ ਮਿਟ ਜਾਉਗੇ। ਅੱਲਾ ਯਾਰ ਖ਼ਾਂ ਜੋਗੀ ਕਹਿੰਦਾ ਹੈ ਕਿ ਬਾਬਿਆਂ ਦੀ ਜ਼ਬਾਨ ਵਿਚੋਂ ਇਕ ਸ਼ਬਦ ਨਿਕਲਿਆ ਕਿ ਐ ਵਜ਼ੀਰ ਖ਼ਾਂ! ਸੱਚ ਕੋ ਮਿਟਾਉਗੇ ਤੋ ਮਿਟੋਗੇ ਜਹਾਂ ਸੇ।

ਇਥੇ ਲੋਕ ਇਕੱਠੇ ਹੁੰਦੇ ਰਹਿਣਗੇ, ਪਰ ਤੇਰੀ ਕਬਰ

(ਪੰਨਾ 30 ਦੀ ਬਾਕੀ)

ਉਪਰ ਕਿਸੇ ਨੇ ਪੱਥਰ ਵੀ ਨਹੀਂ ਮਾਰਨੇ। ਕਹਿਣ ਲੱਗੇ-

*ਸੱਚ ਕੋ ਮਿਟਾਉਗੇ ਤੋਂ ਮਿਟੋਗੇ ਜਹਾਂ ਸੇ।*
*ਡਰਤਾ ਨਹੀਂ ਅਕਾਲ ਕਿਸੀ ਸ਼ਹਿਨਸ਼ਾਹ ਕੀ ਸ਼ਾਨ ਸੇ।*
*ਉਪਦੇਸ਼ ਅਪਨਾ ਸੁਨ ਲੋ ਜ਼ਰਾ ਦਿਲ ਕੇ ਕਾਨ ਸੇ।*
*ਕਹਿ ਰਹੇ ਹੈਂ ਹਮ ਤੁਮ ਕੋ ਖ਼ੁਦਾ ਕੀ ਜ਼ੁਬਾਂ ਸੇ।*

ਪਰ ਪੱਥਰਾਂ ਉਪਰ ਕੀ ਅਸਰ ਸੀ। ਮਾਂ ਬੁਰਜ ਉਪਰ ਖਲੋਤੀ ਤੱਕਦੀ ਹੈ ਕਿ ਮੇਰੇ ਲਾਲਾਂ ਨੂੰ ਭੀੜ ਨੇ ਘੇਰ ਲਿਆ ਹੈ। ਸਿਰਫ਼ ਸ਼ੁਕਰ ਵਿਚ ਜੁੜੀ ਹੈ ਤੇ ਅਰਦਾਸ ਕਰ ਰਹੀ ਹੈ ਕਿ ਦਾਤਾ! ਕ੍ਰਿਪਾ ਕਰੀਂ, ਅੱਜ ਸਿਰਫ਼ ਤਨ ਦਾ ਭਰਮ ਰਹਿ ਗਿਆ ਹੈ। ਕਹਿੰਦੇ ਹਨ, ਨੀਹਾਂ ਉੱਚੀਆਂ ਹੋਈਆਂ, ਗੁਰੂ ਕੇ ਲਾਲਾਂ ਨੇ, ਦੋਨੋਂ ਬੱਚਿਆਂ ਨੇ ਸ਼ਹੀਦ ਹੋਣ ਤੋਂ ਪਹਿਲਾਂ ਇਕ ਸ਼ਬਦ ਕਿਹਾ। ਕਹਿਣ ਲੱਗੇ, ਐ ਸੂਬੇ! ਇਕ ਗੱਲ ਧਿਆਨ ਵਿਚ ਰੱਖੀਂ, ਜਿੱਥੇ ਤੂੰ ਗੁਰੂ ਤੇਗ ਬਹਾਦਰ ਦੇ ਪੋਤਰਿਆਂ ਨੂੰ ਨੀਹਾਂ ਵਿਚ ਚੁਣਨ ਲੱਗਾ ਹੈ, ਜਿੱਥੇ ਅੱਜ ਗੁਰੂ ਗੋਬਿੰਦ ਸਿੰਘ ਦੇ ਪੁੱਤਰ ਚੁਣੇ ਜਾਣੇ ਹਨ, ਇਕ ਗੱਲ ਚੇਤੇ ਰੱਖੀਂ ਕਿ ਸਾਲ ਕੁਝ ਪੈਣੇ ਹਨ। ਸਾਡੇ ਖ਼ਾਲਸਾ ਰਾਜ ਨਾਲ ਬਾਬਰ ਦੀ ਪਹਿਲੀ ਟੱਕਰ ਐਮਨਾਬਾਦ ਵਿਚ ਹੋਈ ਸੀ। ਬਾਬਰ ਕੇ ਹਾਰ ਜਾਣਗੇ ਤੇ ਬਾਬੇ ਕੇ ਆਪਣੇ ਕੇਸਰੀ ਰਾਜ ਦਾ ਨਿਸ਼ਾਨ ਪਹਿਲਾਂ ਇਹਨਾਂ ਨੀਹਾਂ ਵਿਚ ਆ ਕੇ ਗੱਡਣਗੇ। ਇਹ ਅਤਿਕਥਨੀ ਨਹੀਂ, ਇਹ ਕੁਝ ਵਾਪਰਿਆ ਹੈ। ਉਹਨਾਂ ਨੇ ਪਤਾ ਹੈ ਫਿਰ ਕੀ ਕਿਹਾ? ਕਹਿਣ ਲੱਗੇ ਪਿਆਰਿਉ! -

*ਹਮ ਜਾਨ ਦੇ ਕੇ ਔਰੋਂ ਕੀ ਜਾਨ ਬਚਾ ਚਲੇ।*
*ਸਿੱਖੀ ਕੀ ਨੀਂਹ ਹਮ ਹੈਂ ਸਰੋਂ ਪੇ ਉਠਾ ਚਲੇ।*
*ਸਿੰਘੋਂ ਕੀ ਸਲਤਨਤ ਕਾ ਪੌਦਾ ਲਗਾ ਚਲੇ।*

ਇਹ ਨੀਹਾਂ ਨਹੀਂ, ਇਹ ਖ਼ਾਲਸਾ ਰਾਜ ਦੀ ਇੱਟ ਹੈ। ਕਹਿਣ ਲੱਗੇ ਤੁਸੀਂ ਤਾਂ ਨਹੀਂ ਦੇਖਣਾ। ਅਸੀਂ ਖ਼ੂਨ ਪਿਛਲਿਆਂ ਲਈ ਡੋਲ ਕੇ ਚੱਲੇ ਹਾਂ। ਅਸੀਂ ਨੀਹਾਂ ਵਿਚ ਹੋਵਾਂਗੇ ਤਾਂ ਸਾਡੇ ਉਪਰ ਖ਼ਾਲਸੇ ਦਾ ਨਿਸ਼ਾਨ ਝੁੱਲੇਗਾ। ਕਹਿਣ ਲੱਗੇ -

*ਗੱਦੀ ਤੇ ਤਖ਼ਤ ਬਸ ਅਬ ਕੌਮ ਪਾਏਗੀ।*
*ਦੁਨੀਆਂ ਮੇਂ ਜ਼ਾਲਮੋਂ ਕਾ ਨਿਸ਼ਾਂ ਤੱਕ ਮਿਟਾਏਗੀ।*

ਇੱਧਰ ਦੀਵਾਰਾਂ ਚਿਣਨੀਆਂ ਸ਼ੁਰੂ ਹੋ ਗਈਆਂ। ਮੰਨ ਲਉ ਉਹ ਸ਼ਬਦ ਗੂੰਜਦੇ ਪਏ ਸਨ ਕਿ -

*ਕਬੀਰ ਮੁਹਿ ਮਰਨੇ ਕਾ ਚਾਉ*
*ਹੈ ਮਰਉ ਤ ਹਰਿ ਕੈ ਦੁਆਰ ॥ ਅੰਗ - ੧੩੬੭*

ਸ਼ਬਦ ਗੂੰਜਦੇ ਪਏ ਸਨ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਅੰਗ- ੧੩੬੫*

ਅਸੀਂ ਤਾਂ ਇਹ ਗੱਲਾਂ ਪ੍ਰਤਿਆ ਕੇ ਦੇਖੀਆਂ ਹਨ। 'ਆਤਮ ਮਾਰਗ' ਮੈਗਜ਼ੀਨ ਛਪਦਾ ਹੈ। ਆਤਮ ਮਾਰਗ ਵਿਚ ਜੁਗਤੀਆਂ ਹਨ। ਮਹਾਂਪੁਰਸ਼ਾਂ ਨੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਕਾਇਮ ਕੀਤਾ। ਆਪਣਾ ਸਾਰਾ ਤਨ, ਮਨ, ਤਨ ਲਾ ਦਿਤਾ। ਕਿੰਨੀਆਂ ਰੂਹਾਂ ਦਾ ਨਾਮ ਬਾਣੀ ਦੇ ਨਾਲ ਭਲਾ ਹੋ ਰਿਹਾ ਹੈ -

*ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥*
*ਆਪਿ ਅਡੋਲੁ ਨ ਕਬਹੂ ਡੋਲੈ ॥ ਅੰਗ- ੨੯੪*

ਸੋ ਇਸ ਕਰਕੇ ਮੈਗਜ਼ੀਨ ਪੜ੍ਹਿਆ ਕਰੋ। ਉਹਦੇ ਵਿਚ ਜੁਗਤੀਆਂ ਹਨ। ਜਦੋਂ ਅਸੀਂ ਨਾਮ ਨਾਲ ਜੁੜ ਗਏ, ਬਿਮਾਰੀਆਂ ਆਪੇ ਹੀ ਖਤਮ ਹੋ ਜਾਣਗੀਆਂ। ਸੋ ਸਾਰੀਆਂ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਸਤਿਸੰਗਤ ਕਰਿਆ ਕਰੋ। ਸਤਿਸੰਗਤ ਦੇ ਨਾਲ ਨਿਧਿਆਸਣ, ਅੰਤਰੰਗ ਸਾਧਨ ਜ਼ਰੂਰ ਕਰੋ ਕਿਉਂਕਿ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ- ੨੯੩*

ਫੇਰ ਇਹ ਆਪੇ ਮਿੱਠਾ ਲੱਗਣਾ ਸ਼ੁਰੂ ਹੋ ਜਾਂਦਾ ਹੈ। ਨਾਮ ਜਪਣ ਦੀ ਜਦੋਂ ਜੁਗਤ ਮਿਲ ਗਈ। ਫੇਰ ਉਠਦੇ, ਬੈਠਦੇ, ਸੌਂਦੇ, ਜਾਗਦੇ ਜਦੋਂ ਵੀ ਸਮਾਂ ਮਿਲੇ ਸਿਮਰਨ ਕਰਦੇ ਜਾਓ। ਆਖਿਰ ਦੇ ਵਿਚ ਇਕ ਸਮਾਂ ਐਸਾ ਆ ਜਾਣੈ, ਸਾਰਿਆਂ 'ਤੇ ਹੀ ਆ ਜਾਣੈ। ਕੋਈ ਨਹੀਂ ਜਿਸ ਉਪਰ ਨਹੀਂ ਆਉਣਾ। ਭਾਵੇਂ ਕੋਈ ਪੀਰ ਪੈਗੰਬਰ, ਔਲੀਆ ਹੈ। ਕਿਉਂਕਿ ਸਰੀਰ ਕਰਕੇ ਤਾਂ ਕੋਈ ਰਿਹਾ ਨਹੀਂ -

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*
*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਸਰੀਰ ਕਰਕੇ ਕੋਈ ਨਹੀਂ ਰਿਹਾ। ਠੀਕ ਹੈ ਆਤਮਾ ਅਮਰ ਹੈ, ਨਹੀਂ ਮਰਦੀ। ਪਰ ਚੋਲੇ ਬਦਲੇ ਜਾਂਦੇ ਹਨ। ਜਦੋਂ ਸਰੀਰ ਦਾ ਅੰਤ ਸਮਾਂ ਵੀ ਆਏਗਾ ਇਹੀ ਜੁਗਤ ਸਾਡੇ ਕੰਮ ਆਏਗੀ। ਸੋ ਸਤਿਸੰਗ ਕਰਿਆ ਕਰੋ। ਬਾਹਰੋਂ ਸਤਿਸੰਗ ਤਾਂ ਅਸੀਂ ਕਰਦੇ ਹਾਂ, ਪਰ ਅੰਤਰੰਗ ਸਤਿਸੰਗ ਬਹੁਤ ਜ਼ਰੂਰੀ ਹੈ। ਸੋ ਇਹ ਜੁਗਤੀਆਂ ਸਤਿਸੰਗ 'ਚੋਂ ਮਿਲ ਜਾਂਦੀਆਂ ਹਨ। ਸੋ ਆਪ ਜੀ ਨੇ ਪਿਆਰ ਦਾ ਐਨਾ ਸਬੂਤ ਦਿਤਾ। ਗੁਰੂ ਦਰਬਾਰ ਦੇ ਵਿਚ ਬੈਠ ਕੇ pin drop silence ਕਿ ਸਾਹ ਤਕ ਦੀ ਵੀ ਅਵਾਜ਼ ਤਕ ਨਹੀਂ ਆਈ। ਸਤਿਸੰਗ ਦੇ ਵਿਚ ਜੁੜੇ, ਸਾਰਿਆਂ ਦਾ ਧੰਨਵਾਦ।

*ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।*

# ਜਨ ਪਰਉਪਕਾਰੀ ਆਏ
## (ਭਾਗ - 3)

*ਪ੍ਰੋ. ਗੁਰਦੇਵ ਸਿੰਘ*

### 9. ਮਾਤਾ ਨਾਨਕੀ ਜੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦੂਜੇ ਮਹਿਲ ਸਤਿਕਾਰਯੋਗ ਮਾਤਾ ਨਾਨਕੀ ਜੀ ਦਾ ਜਨਮ ਨਗਰ ਬਕਾਲਾ, ਜ਼ਿਲਾ ਅੰਮ੍ਰਿਤਸਰ ਵਿਖੇ ਪਿਤਾ ਸ੍ਰੀ ਹਰੀ ਚੰਦ ਤੇ ਮਾਤਾ ਹਰਿਦੇਈ ਜੀ ਦੀ ਕੁੱਖੋਂ 1598 ਈ. ਦੇ ਲਗਭਗ ਹੋਇਆ। ਆਪ ਜੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਾਤਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਾਦੀ ਮਾਂ ਹੋਣ ਦਾ ਮਾਣ ਪ੍ਰਾਪਤ ਹੈ। ਆਪ ਜੀ ਦੇ ਪਿਤਾ ਜੀ ਚੰਗੇ ਅਮੀਰ-ਕਾਰੋਬਾਰੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਨਿੰਨ ਸਿੱਖ ਸਨ। ਗੁਰੂ ਘਰ ਨਾਲ ਜੁੜੇ ਹੋਣ ਕਰਕੇ ਘਰ ਵਿਚ ਅਧਿਆਤਮਕ ਤੇ ਸਿਖੀ ਦਾ ਵਾਤਾਵਰਨ ਸੀ। ਕੁਦਰਤੀ ਤੌਰ ਤੇ ਬਚਪਨ ਵਿਚ ਹੀ ਆਪ ਦੇ ਵਿਚਾਰ ਧਾਰਮਿਕ ਹੋ ਗਏ ਅਤੇ ਮਾਤਾ ਪਿਤਾ ਦੀ ਸੁਚੱਜੀ ਸਿੱਖਿਆ ਸਦਕਾ ਸਾਰੇ ਗੁਣ ਗ੍ਰਹਿਣ ਕਰ ਲਏ ਜੋ ਇਕ ਸੁਸ਼ੀਲ ਪਤਨੀ ਅਤੇ ਮਾਂ ਵਿਚ ਹੋਣੇ ਚਾਹੀਦੇ ਹਨ। ਘਰ ਵਿਚ ਗੁਰਸਿ'ਖ ਅਤਿਥੀਆਂ ਦਾ ਆਣ-ਜਾਣ ਬਣਿਆ ਰਹਿਣ ਕਰਕੇ ਆਪ ਬੜੇ ਚਾਅ ਨਾਲ ਲੰਗਰ-ਪਾਣੀ ਬਣਾਉਣ, ਵਰਤਾਉਣ ਤੇ ਬਰਤਨ ਮਾਂਜਣ ਵਿਚ ਲੱਗੇ ਰਹਿੰਦੇ ਅਤੇ ਹਰ ਪ੍ਰਕਾਰ ਦੀ ਸੇਵਾ ਖੁਸ਼ੀ-ਖੁਸ਼ੀ ਕਰਿਆ ਕਰਦੇ ਸਨ। ਮਾਪਿਆਂ ਦੀ ਰੀਸ ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਆਦਿ ਕਰਕੇ ਨਾਮ-ਬਾਣੀ ਦੇ ਅਭਿਆਸ ਵਿਚ ਲੱਗ ਜਾਇਆ ਕਰਦੇ ਸਨ। ਆਪ ਜੀ ਦਾ ਸੁਭਾਅ ਬਹੁਤ ਨਿਘਾ ਤੇ ਮਿੱਠ ਬੋਲੜਾ ਸੀ। ਆਪ ਜੀ ਦਾ ਕੱਦ-ਕਾਠ ਲੰਮਾ ਤੇ ਬਹੁਤ ਸੁੰਦਰ ਚੇਹਰਾ ਸੀ। ਭਗਤੀ ਭਾਵ ਦਾ ਸੁਭਾਅ ਹੋਣ ਕਰਕੇ ਪਿਤਾ ਹਰੀ ਚੰਦ ਜੀ ਨੇ ਆਪ ਦਾ ਰਿਸ਼ਤਾ, ਚੋਟੀ ਦੇ ਖੁਬਸੂਰਤ, ਲੰਮੇ ਕੱਦ-ਕਾਠ ਵਾਲੇ ਸੂਰਬੀਰ ਬਲਵਾਨ ਸ੍ਰੀ ਗੁਰੂ ਹਰਿਗੋਬਿੰਦ ਜੀ ਨਾਲ ਜੋੜਿਆ ਸੀ। ਇਹ ਸਗਾਈ ਉਸ ਤੋਂ ਬਾਦ ਹੋਈ ਜਦੋਂ ਗੁਰੂ ਅਰਜਨ ਦੇਵ ਜੀ ਨੇ ਚੰਦੂ ਹੰਕਾਰੀ ਦਾ ਰਿਸ਼ਤਾ ਮੋੜ ਦਿਤਾ ਸੀ।

*ਹਰੀਚੰਦ ਗੁਰੁ ਸਸਰੋ ਦੂਜਾ।*
*ਸ਼੍ਰੀ ਅਰਜਨ ਕੋ ਜਿਸ ਨੇ ਪੂਜਾ।*
*ਇਕ ਦਿਨ ਦੋਨਹੁਂ ਭਈ ਸਗਾਈ।*
*ਚੰਦੁ ਸੁਤਾ ਕੀ ਜਬਹਿ ਹਟਾਈ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਗੁਰੂ ਜੀ ਦੀ ਵਿਆਹ ਦੀ ਖੁਸ਼ੀ ਵਿਚ ਸ਼ਾਮਿਲ ਹੋਣ ਲਈ ਸਾਰੇ ਰਿਸ਼ਤੇਦਾਰ, ਸਿੱਖ ਸੰਗਤਾਂ ਬੜੇ ਚਾਅ, ਸ਼ਰਧਾ ਤੇ ਪਿਆਰ ਨਾਲ ਅਨਿਕ ਪ੍ਰਕਾਰ ਦੀਆਂ ਭੇਟਾਵਾਂ ਲੈ ਕੇ ਪਹੁੰਚੀਆਂ। ਸੁੰਦਰ ਸਜੇ ਹੋਏ ਘੋੜੇ ਤੇ ਸਵਾਰ ਜਿਗ੍ਹਾ-ਕਲਗੀ ਵਾਲੇ ਸਤਿਗੁਰੂ ਜੀ ਸਭ ਦੇ ਮਨ ਨੂੰ ਮੋਂਹਦੇ ਹਨ। ਜਦੋਂ ਬਰਾਤ ਪਹੁੰਚੀ ਤਾਂ ਬਾਬਾ ਹਰੀ ਚੰਦ ਜੀ ਨੇ ਵੀ ਬਹੁਤ ਸ਼ਰਧਾ ਤੇ ਉਤਸ਼ਾਹ ਨਾਲ ਬਰਾਤ ਦਾ ਸਵਾਗਤ ਕੀਤਾ। ਗੁਰੂ ਜੀ ਨੂੰ ਉਚੀ ਚੌਂਕੀ ਤੇ ਬਿਠਾ ਕੇ ਵਧੀਆ ਢੰਗ ਨਾਲ ਭਾਂਤ-ਭਾਂਤ ਦੇ ਪਕਵਾਨ ਪਰੋਸ ਕੇ ਸੇਵਾ ਕੀਤੀ। ਤਿੰਨ ਦਿਨ ਬਰਾਤ ਰਹੀ ਤੇ 8 ਵਿਸਾਖ ਸੰਮਤ 1613 ਈ. ਨੂੰ ਮਾਤਾ ਨਾਨਕੀ ਜੀ ਦਾ ਅਨੰਦ ਕਾਰਜ ਸਤਿਗੁਰੂ ਜੀ ਨਾਲ ਸੰਪੰਨ ਹੋਇਆ।

*ਦੂਲਹੁ ਚਢਿ ਬੜਵਾ ਅਤਿ ਸੋਹਤਿ।*
*ਗਨ ਨਰ ਨਾਰਿਨ ਕੇ ਮਨ ਮੋਹਤਿ।*
*ਹਰੀ ਚੰਦ ਕੇ ਸਦਨ ਪਹੂਚੇ।*
*ਭੋਜਨ ਹੇਤੁ ਬੈਠਿ ਕਰਿ ਊਚੇ।*
*ਗੁਰੂ ਹੇਤ ਚੌਂਕੀ ਬਡੀ ਬਿਛਾਇ।*
*ਜਥਾ ਉਚਿਤ ਸਭਿ ਦਿਏ ਬਿਠਾਇ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਮਾਤਾ ਨਾਨਕੀ ਜੀ ਡੋਲੀ ਤੁਰਨ ਲੱਗੀ ਤਾਂ ਪਿਤਾ ਹਰੀ ਚੰਦ ਜੀ ਤੇ ਮਾਤਾ ਹਰਿਦੇਈ ਜੀ ਨੇ ਗੁਰੂ ਜੀ ਦੇ ਚਰਨਾਂ ਤੇ ਨਮਸ਼ਕਾਰ ਕਰ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ! ਅਸੀਂ ਕੁਝ ਦੇਣ ਜੋਗੇ ਨਹੀਂ, ਜੋ ਕੁਝ ਵੀ ਹੈ ਆਪ ਜੀ ਨੇ ਬਖਸ਼ਿਆ ਹੈ, ਉਸ ਵਿਚੋਂ ਖਾਂਦੇ-ਪਹਿਨਦੇ ਹਾਂ, ਆਪ ਦਾਤਾਂ ਦੇਣ ਵਾਲੇ ਹੋ। ਸਾਡੇ ਕੋਲ ਸਿਰਫ ਬੇਟੀ ਨਾਨਕੀ ਹੈ ਜੋ ਆਪ ਜੀ ਸੇਵਾ ਵਿਚ ਭੇਟ ਕਰ ਰਹੇ ਹਾਂ। ਸਤਿਗੁਰੂ ਜੀ ਨੇ ਆਦਰ ਸਹਿਤ ਦੋਵੇਂ ਹ'ਥ ਜੋੜ ਕੇ ਸਾਦਰ ਨਮਸ਼ਕਾਰ ਕੀਤੀ ਤੇ ਕਿਹਾ ਧੀ ਦਾ ਦਾਨ ਬਹੁਤ ਵੱਡਾ ਹੈ। ਸਖੀ-ਸਹੇਲੀਆਂ ਦੇ ਮਿਲਣ ਤੋਂ ਬਾਦ, ਵਿਦਾਈ ਸਮੇਂ, ਬੇਟੀ ਨਾਨਕੀ ਨੂੰ ਦੋਵਾਂ ਨੇ ਗਲਵਕੜੀ 'ਚ ਲੈ ਕੇ ਪਿਆਰ ਦਿਤਾ ਤੇ ਉਸ ਸਮੇਂ ਦੋਵਾਂ ਦੇ ਨੇਤਰਾਂ ਵਿਚੋਂ ਸਨੇਹ-ਵੈਰਾਗ ਦੀ ਜਲ ਧਾਰਾ ਵਹਿ ਤੁਰੀ ਕਿਉਂਕਿ ਧੀਆਂ ਦਾ ਰਿਸ਼ਤਾ ਹੀ ਐਸਾ ਹੁੰਦਾ ਹੈ।

*ਜਥਾ ਸ਼ਕਤਿ ਬਡ ਬਾਸਨ ਦੀਨਿ।*
*ਹਾਥ ਜੋਰਿ ਬਿਨਤੀ ਪੁਨ ਕੀਨਿ।*
*ਹਰੀਚੰਦ ਹਰਦੇਈ ਦੰਪਤਿ।*
*ਕਹੈਂ 'ਗੁਰੁ! ਹਮ ਦਈ ਜੁ ਸੰਪਤਿ।*
*ਭੁਗਤੈਂ ਸਗਰੋ ਦਾਨ ਤੁਮਾਰ।*
*ਨਹਿਂ ਸਮ ਕੋ, ਸਭਿ ਕੋ ਦਾਤਾਰ।*
*ਇਕ ਦਾਸੀ ਸੇਵਾ ਹਿਤ ਦੀਨਿ।*

*ਇਮਿ ਕਹਿ ਦੁਹਨਿ ਬੰਦਨਾ ਕੀਨਿ।*
*ਲਾਇ ਗਰੇ ਦ੍ਰਿਗ ਜਲ ਭਰੇ।*
*ਅਪਰ ਸਹੇਲੀ ਮਿਲਬੋ ਕਰੇ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਮਾਤਾ ਨਾਨਕੀ ਜੀ ਨੇ ਆਪਣੇ ਸੁਚੱਜੇ ਗੁਣਾਂ ਕਾਰਨ ਸਹੁਰੇ ਪਰਿਵਾਰ ਵਿਚ ਜਾਂਦਿਆ ਹੀ ਸਤਿਕਾਰਯੋਗ ਮਾਤਾ ਗੰਗਾ ਜੀ ਦਾ ਮਨ ਮੋਹ ਲਿਆ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਵਾ ਕੇ ਫੇਰ ਗੁਰਦੇਵ ਪਤੀ ਲਈ ਪਾਣੀ ਆਦਿ ਲਿਆਉਣ ਦੀ ਸੇਵਾ ਕਰਕੇ, ਨਾਮ ਅਭਿਆਸ ਵਿਚ ਲੱਗ ਜਾਇਆ ਕਰਦੇ ਸਨ। ਮਾਤਾ ਦਮੋਦਰੀ ਜੀ ਨੂੰ ਵੱਡੀ ਭੈਣ ਵਾਂਗ ਸਤਿਕਾਰ ਦੇ ਕੇ ਉਨ੍ਹਾਂ ਨੂੰ ਕੰਮ ਨਾ ਕਰਨ ਦਿੰਦੇ ਸਗੋਂ ਖਿੜੇ ਮੱਥੇ ਆਪ ਸਾਰਾ ਘਰੇਲੂ ਕੰਮ-ਕਾਰ ਕਰਦੇ ਰਹਿੰਦੇ ਸਨ। ਰਾਤ ਸੌਣ ਵੇਲੇ ਮਾਤਾ ਗੰਗਾ ਜੀ ਦੀ ਮੁੱਠੀ-ਚਾਪੀ ਵੀ ਕਰਦੇ। ਬੱਚਿਆਂ ਦੀ ਦੇਖ-ਭਾਲ ਸੰਭਾਲਣ ਦੀ ਜ਼ੁੰਮੇਵਾਰੀ ਵੀ ਆਪ ਨੇ ਲੈ ਲਈ ਤੇ ਬੀਬੀ ਵੀਰੋ ਵੀ ਆਪ ਨੂੰ ਬਹੁਤ ਪਿਆਰ ਕਰਦੇ।

ਸੰਨ 1619 ਵਿਚ ਆਪ ਜੀ ਦੀ ਕੁਖੋਂ ਬਾਬਾ ਅਟੱਲ ਰਾਇ ਜੀ ਨੇ ਜਨਮ ਲਿਆ ਤੇ ਉਸ ਦੀ ਪਾਲਣਾ ਬੜੇ ਚਾਵਾਂ ਨਾਲ ਕੀਤੀ। ਸਤਿਗੁਰੂ ਜੀ ਦੀ ਸਿਖਿਆ ਸਦਕਾ ਬਾਬਾ ਅਟੱਲ ਰਾਇ ਜੀ ਬਚਪਨ ਤੋਂ ਹੀ ਨਾਮ ਅਭਿਆਸ ਵਿਚ ਲੀਨ ਰਿਹਾ ਕਰਦੇ ਸਨ। 1 ਅਪ੍ਰੈਲ, ਸੰਨ 1621 ਨੂੰ ਆਪ ਜੀ ਦੇ ਗ੍ਰਿਹ ਵਿਖੇ ਬਾਬਾ ਤਿਆਗ ਮੱਲ ਜੀ (ਗੁਰੂ ਤੇਗ ਬਹਾਦਰ) ਜੀ ਦਾ ਜਨਮ ਹੋਇਆ। ਉਸ ਵੇਲੇ ਸਤਿਗੁਰੂ ਜੀ ਸ੍ਰੀ ਹਰਿਮੰਦਰ ਸਾਹਿਬ ਵਿਚ ਆਸਾ ਦੀ ਵਾਰ ਦਾ ਕੀਰਤਨ ਸੁਣ ਰਹੇ ਸਨ ਜਦੋਂ ਗੁਰਸਿੱਖਾਂ ਨੇ ਆ ਕੇ ਇਹ ਸ਼ੁਭ ਸੂਚਨਾ ਦਿਤੀ। ਸਾਰੇ ਨਰ-ਨਾਰੀ ਤੇ ਸੰਗਤਾਂ ਸਤਿਗੁਰੂ ਜੀ ਨੂੰ ਵਧਾਈਆਂ ਦੇ ਕੇ ਖੁਸੀਆਂ ਦਾ ਪ੍ਰਗਟਾਵਾ ਕਰ ਰਹੇ ਹਨ। ਜਦੋਂ ਆਪ ਜੀ ਨੇ ਬਾਲ ਦੇ ਦਰਸ਼ਨ ਕੀਤੇ ਤਾਂ ਸੀਸ ਝੁਕਾਇਆ ਤੇ ਗੋਦ ਵਿਚ ਲੈ ਕੇ ਇਹ ਬਚਨ ਕੀਤੇ।

*ਸ਼੍ਰੀ ਸਤਿਗੁਰੁ ਤਬਿ ਰਿਦੇ ਬਿਚਾਰਾ।*
*ਇਸ ਕੇ ਉਪਜਹਿ ਬਲੀ ਉਦਾਰਾ।*
*ਰਣਿ ਬਹਾਦਰੀ ਕਰਹਿ ਬਡੇਰੀ।*
*ਇਹ ਨਿਰਭੈ ਜਰ ਤੁਰਕ ਉਖੇਰੀ।*
*ਸੁਤ ਬਹਾਦਰੀ ਤੇਗ ਕਰੇ ਹੈਂ।*
*ਸ਼ੱਤ੍ਰੁ ਬ੍ਰਿੰਦ ਕੋ ਜੰਗ ਖਪੈਂ ਹੈਂ।*
*ਯਾਂ ਤੇ 'ਤੇਗ ਬਹਾਦਰ' ਨਾਮ।*
*ਧਰਯੋ ਬਿਚਾਰ ਗੁਰੂ ਅਭਿਰਾਮ।*
*ਸੁਨਤਿ ਨਾਨਕੀ ਹਰਖਤਿ ਹੋਈ।*
*ਕਰਤਿ ਪ੍ਰੇਮ ਮੁਖ ਸੁਤ ਕੋ ਜੋਈ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਕਹਿੰਦੇ ਇਨ੍ਹਾਂ ਦੇ ਇਕ ਬਲੀ ਪੁੱਤਰ ਹੋਵੇਗਾ ਜੋ ਯੁੱਧ ਵਿਚ ਬਹਾਦਰੀ ਦਿਖਾ ਕੇ ਤੁਰਕਾਂ ਦਾ ਨਾਸ਼ ਕਰਕੇ ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁੱਟਣਗੇ। ਇਹ ਵੀ ਤੇਗ ਦੀ ਬਹਾਦਰੀ ਕਰਨਗੇ ਭਾਵ ਆਪਣਾ ਸੀਸ ਦੇ ਕੇ ਹਿੰਦੂ ਧਰਮ ਦੀ ਰੱਖਿਆ ਕਰਨਗੇ। ਇਸ ਕਰਕੇ ਅਸੀਂ ਇਨ੍ਹਾਂ ਦਾ ਨਾਮ ਤੇਗ ਬਹਾਦਰ ਰੱਖਿਆ ਹੈ।

"ਇਹ ਇੰਦ੍ਰੀ ਜਿਤ, ਤਿਆਗ ਦਾ ਸਿਖਰ. ਬ੍ਰਹਮਗਿਆਨੀ, ਤੇਗ ਦਾ ਧਨੀ, ਬਚਨ ਦਾ ਪੂਰਾ, ਧਰਮ ਤੇ ਦੀਨ ਦਾ ਰਖਿਅਕ ਹੋਵੇਗਾ"।

ਇਹ ਬਚਨ ਸੁਣ ਕੇ ਮਾਤਾ ਜੀ ਬੜੇ ਪ੍ਰਸੰਨ ਹੋਏ ਅਤੇ ਪੁੱਤਰ ਤੇਗ ਬਹਾਦਰ ਜੀ ਦੇ ਮੁਖੜੇ ਨੂੰ ਬੜੇ ਲਾਡ ਨਾਲ ਚੁੰਮ ਕੇ ਪਿਆਰ ਕੀਤਾ। ਮਾਤਾ ਗੰਗਾ ਜੀ ਬਾਲਕ ਗੋਦੀ ਲੈ ਕੇ ਲਾਡ ਲਡਾਂਦੇ, ਬਾਬਾ ਅਟੱਲ ਰਾਇ ਤੇ ਬੀਬੀ ਵੀਰੋ ਜੀ, ਛੋਟੇ ਵੀਰ ਨੂੰ ਉਂਗਲ ਲਾ ਕੇ ਤੁਰਨਾ ਸਿਖਾਂਦੇ।

ਅਨਿਨ ਸਿੱਖ ਭਾਈ ਮਿਹਰਾ ਜੀ ਦੀ ਭਾਵਨਾ ਪੂਰੀ ਕਰਨ ਵਾਸਤੇ ਸਤਿਗੁਰੂ ਜੀ, ਮਾਤਾ ਗੰਗਾ ਜੀ, ਮਾਤਾ ਨਾਨਕੀ ਸਮੇਤ ਦੋਵੇਂ ਸਾਹਿਬਜ਼ਾਦੇ ਤੇ ਭਾਈ ਬਿਧੀ ਚੰਦ ਜੀ, ਭਾਈ ਜੇਠਾ, ਭਾਈ ਪਿਰਾਣਾ ਆਦਿ ਸਿੱਖਾਂ ਨਾਲ ਬਕਾਲਾ ਪਹੁੰਚ ਕੇ ਹਵੇਲੀ ਵਿਚ ਉਤਾਰਾ ਕੀਤਾ ਜੋ ਉਸ ਨੇ ਨਵੀਂ ਬਣਵਾਈ ਸੀ। ਉਹ ਚਾਹੁੰਦੇ ਸਨ ਕਿ ਪਹਿਲਾਂ ਸਤਿਗੁਰੂ ਚਰਨ ਪਾ ਕੇ ਪਵਿਤ੍ਰ ਕਰਨ, ਇਸ ਲਈ ਆਪ ਨਿਵਾਸ ਨਹੀਂ ਸੀ ਕੀਤਾ। ਮਾਤਾ ਨਾਨਕੀ ਜੀ ਦੇ ਪਿਤਾ ਹਰੀ ਚੰਦ ਤੇ ਮਾਤਾ ਹਰਿਦੇਈ ਜੀ ਵੀ ਦਰਸ਼ਨ ਕਰਨ ਆਏ ਤੇ ਅਸੀਸਾਂ ਪ੍ਰਾਪਤ ਕੀਤੀਆਂ। ਇਥੇ ਆ ਕੇ ਮਾਤਾ ਨਾਨਕੀ ਜੀ ਵੀ ਆਪਣੇ ਮਾਤਾ-ਪਿਤਾ ਨੂੰ ਮਿਲ ਕੇ ਖੁਸ਼ ਹੋਏ ਤੇ ਬੱਚਿਆਂ ਨੇ ਵੀ ਨਾਨਾ-ਨਾਨੀ ਦੀ ਗੋਦ ਦਾ ਅਨੰਦ ਮਾਣਿਆ। ਇਲਾਕੇ ਦੀਆਂ ਬੇਅੰਤ ਸੰਗਤਾਂ ਭੇਟਾਵਾਂ ਲੈ ਕੇ ਦਰਸ਼ਨਾਂ ਨੂੰ ਆਉਂਦੀਆਂ ਤੇ ਦੀਵਾਨਾਂ ਵਿਚ ਸਤਸੰਗ ਦਾ ਅਨੰਦ ਮਾਣਦੀਆਂ ਸਨ। ਇਥੇ ਹੀ ਮਾਤਾ ਗੰਗਾ ਜੀ ਨੇ ਆਪਣੇ ਭੌਤਿਕ ਸਰੀਰ ਦਾ ਤਿਆਗ ਕੀਤਾ ਤੇ ਅੰਤਮ ਸਸਕਾਰ ਦੀ ਮਰਯਾਦਾ ਪੂਰੀ ਕਰਕੇ ਕੁਝ ਦਿਨਾਂ ਬਾਦ ਗੁਰੂ ਜੀ ਪ੍ਰਵਾਰ ਸਮੇਤ ਅੰਮ੍ਰਿਤਸਰ ਵਾਪਿਸ ਪਹੁੰਚ ਜਾਂਦੇ ਹਨ।

ਬਾਬਾ ਅਟੱਲ ਰਾਇ ਜੀ ਬਚਪਨ ਤੋਂ ਹੀ ਸਿੱਧ ਅਵਸਥਾ ਦੇ ਮਾਲਿਕ ਸਨ। ਇਕ ਦਿਨ ਖੇਡਦਿਆਂ ਮੋਹਨ ਨਾਮ ਦੇ ਬੱਚੇ ਸਿਰ ਪਿਤੀ ਰਹਿ ਗਈ। ਦੂਜੇ ਦਿਨ ਉਸ ਦੇ ਘਰ ਗਏ ਤਾਂ ਉਥੇ ਸ਼ੋਕ ਦਾ ਮਾਹੌਲ ਸੀ। ਉਸ ਦੇ ਮਾਂ-ਪਿਉ ਨੇ ਦੱਸਿਆ ਕਿ ਬੱਚਾ ਰਾਤ ਸੱਪ ਦੇ ਡਸਣ ਕਰਕੇ ਮਰ ਗਿਆ ਹੈ। ਰੋਂਦਿਆਂ ਹੋਇਆਂ ਬੇਨਤੀ ਕੀਤੀ ਕਿ ਤੁਸੀਂ ਸਮਰੱਥ ਗੁਰੂ ਪੁੱਤਰ ਹੋ, ਕਿਰਪਾ ਕਰੋ। ਉਨ੍ਹਾਂ ਨੇ ਅੰਦਰ ਜਾ ਕੇ ਕਿਹਾ' ਪਿਆਰੇ ਮੋਹਨ! ਪਿਤੀ ਦੇਣ ਦਾ ਮਾਰਾ ਐਵੇਂ ਅੱਖਾਂ ਬੰਦ ਕਰਕੇ ਕਿਉਂ ਲੰਮਾ ਪਿਆ ਹੈਂ? ਸਾਡੀ ਪਿਤ ਦੇਹ, ਗਲ ਵਿਚ ਖੂੰਡੀ ਪਾਕੇ ਜਿੰਦਾ ਕਰ ਦਿਤਾ –

*ਮੋਹਨ ਮਾਤ ਪਿਤਾ ਜੇ ਅਹੇ।*
*ਸਕਲ ਨਰਨਿ ਜੁਤਿ ਬੇਨਤੀ ਕਹੇ।*
*ਤਬਿ ਸ੍ਰੀ ਅਟਲਰਾਇ ਪਿਖਿ ਕਹਯੋ।*
*ਇਸ ਸਿਰ ਦਾਵ ਸੀਡ ਕੋ ਹਰਯੋ।*
*ਕਰ ਖੂੰਡੀ ਕੋ ਚੰਚਲ ਕਰਤੇ।*
*ਮਰੇ ਬਾਲ ਕੋ ਬਦਨ ਨਿਹਰਿਤੇ।*
*ਉਠਿ ਪਯਾਰੇ! ਦਿਹੁ ਸੀਡ ਹਮਾਰੀ।*
*ਨਹੀਂ ਸਮੋ ਕਿਮ ਸੁਪਤਯੋ ਭਾਰੀ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਜਦੋਂ ਸਤਿਗੁਰੂ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਕਹਿਣ ਲੱਗੇ, ਸਾਡੇ ਘਰ ਵਿਚ ਰੱਬ ਦਾ ਸਰੀਕ ਕੋਣ ਆ ਗਿਆ ਹੈ? ਦੁਸ਼ਟ ਮੁਗਲਾਂ ਦਾ ਰਾਜ ਹੈ, ਸਾਡੇ ਬੂਹੇ ਅੱਗੇ ਮੁਰਦੇ ਲਿਆ ਕੇ ਰੱਖ ਦਿਆ ਕਰਨਗੇ, ਕਿਸ-ਕਿਸ ਨੂੰ ਜਿੰਦਾ ਕਰੋਗੇ? ਕਹਿਣ ਲੱਗੇ ਹੁਣ ਸਾਡੇ ਦੋਵਾਂ ਵਿਚੋਂ ਇਕ ਹੀ ਰਹਿ ਸਕਦਾ ਹੈ, ਇਕ ਨੂੰ ਜਾਣਾ ਪਵੇਗਾ। ਗੁਰੂ ਪਿਤਾ ਜੀ ਦੇ ਇਹ ਕਰੜੇ ਬਚਨ ਸੁਣ ਕੇ ਅਟੱਲ ਰਾਇ ਜੀ ਨੇ ਕੌਲਸਰ ਦੇ ਦੱਖਣੀ ਕੰਢੇ ਜਾ ਕੇ, ਉਪਰ ਚਾਦਰ ਲੈ ਕੇ, ਸਮਾਧੀ ਸਥਿਤ ਹੋ ਕੇ ਪ੍ਰਾਣ ਤਿਆਗ ਦਿਤੇ।

*ਦੁਸ਼ਟਨਿ ਰਾਜ ਤੇਜ ਅਬਿ ਅਹੈ।*
*ਸ਼ਾਹੁ ਕਿ ਸ਼ਾਹੁ ਪੁ'ਤ੍ਰ ਮ੍ਰਿਤੁ ਲਹੈ।*
*ਹਮ ਚਹਹਿਂ ਜਿਯਾਵਹੁ ਸੋਈ।*
*ਪ੍ਰਭੁ ਕੇ ਸੰਗ ਸ਼ਰੀਕੀ ਹੋਈ।*
*ਧਰੇ ਮੌਨਿ ਕੌਲਾਂ ਕੇ ਤਾਲ।*
*ਪ੍ਰਾਪਤਿ ਭਏ ਜਾਇ ਤਤਕਾਲ।*
*ਤਤਛਿਨ ਤਨ ਕੋ ਤਯਾਗ ਸਿਧਾਰੇ।*
ਜਯੋਂ ਉਦਾਸ ਨਰ ਕਰ ਤ੍ਰਿਣ ਡਾਰੇ।

(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)

ਇਸ ਘਟਨਾ ਦਾ ਮਾਤਾ ਨਾਨਕੀ ਜੀ ਤੇ ਅਸਰ ਹੋਣਾ ਜ਼ਰੂਰੀ ਸੀ ਪਰ ਫੇਰ ਵੀ ਉਨ੍ਹਾਂ ਨੇ ਬੜੀ ਦਲੇਰੀ ਨਾਲ ਗੁਰੂ ਦੇ ਭਾਣੇ ਵਿਚ ਰਹਿ ਕੇ, ਆਈਆਂ ਸੰਗਤਾਂ ਨੂੰ ਧੀਰਜ ਦੇ ਕੇ ਸਮਝਾਉਂਦੇ ਕਿ ਧੀਆਂ ਪੁੱਤਰ ਪ੍ਰਭੂ ਦੀ ਦਾਤ ਹੈ, ਜਦ ਚਾਹੇ ਲੈ ਸਕਦਾ ਹੈ। ਬੀਬੀ ਵੀਰੋ ਜੀ ਵੀ ਕਈ ਵਾਰ ਵੀਰ ਅਟੱਲ ਰਾਇ ਦੇ ਵਿਯੋਗ ਵਿਚ ਰੁਦਨ ਕਰਨ ਲੱਗਦੇ ਤਾਂ ਗਲ ਨਾਲ ਲਾ ਕੇ ਧਰਵਾਸ ਦਿੰਦੇ।

ਹੁਣ ਯੁੱਧਾਂ-ਜੰਗਾਂ ਤੋਂ ਵਿਹਲੇ ਹੋ ਕੇ ਸਤਿਗੁਰੂ ਜੀ ਨੇ ਕੀਰਤਪੁਰ ਸਾਹਿਬ ਜਾ ਕੇ ਰਹਿਣਾ ਸ਼ੁਰੂ ਕੀਤਾ। ਬਾਬਾ ਸੂਰਜ ਮੱਲ ਦੀ ਸ਼ਾਦੀ ਵਿਚ ਮਾਤਾ ਗੁਜਰੀ ਜੀ ਦੇ ਮਾਤਾ ਪਿਤਾ ਜੀ ਵੀ ਕਰਤਾਰ ਪੁਰ ਤੋਂ ਆਏ ਹੋਏ ਸਨ। ਉਸ ਵੇਲੇ ਮਾਤਾ ਬਿਸ਼ਨ ਕੌਰ ਜੀ ਨੇ ਗੁਜਰੀ ਜੀ ਦੇ ਪਿਤਾ ਲਾਲ ਚੰਦ ਜੀ ਨੂੰ ਕਿਹਾ ਕਿ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦੇ ਨੂੰ ਮੈਂ ਅਪਣੀ ਧੀ ਵਾਸਤੇ ਲਾਇਕ ਵਰ ਦੇਖਿਆ ਹੈ। ਜੇ ਸਾਡਾ ਰਿਸ਼ਤਾ ਦੀਨ ਦੁਨੀ ਦੇ ਪਾਤਸ਼ਾਹ ਨਾਲ ਜੁੜ ਜਾਵੇ, ਵੱਡੇ ਭਾਗਾਂ ਵਾਲੀ ਗੱਲ ਹੈ, ਤੁਸੀਂ ਗੁਰੂ ਜੀ ਨਾਲ ਗੱਲ ਕਰੋ।

*ਹੇ ਗੁਜਰੀ ਪਿਤ! ਸੁਨਹੁ ਅਨਦ।*
*ਸ਼੍ਰੀ ਗੁਰ ਕੇ ਸਮ ਕੌਨ ਬਿਲੰਦ?*
*ਜਿਨ ਕੇ ਭਾਗ ਉਦੈ ਜਗ ਥੀਏ।*
*ਸੋ ਸਨਬੰਧੀ ਗੁਰ ਕੇ ਭਏ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਉਨ੍ਹਾਂ ਦੀ ਬੇਨਤੀ ਸਤਿਗੁਰੂ ਜੀ ਨੇ ਪ੍ਰਵਾਨ ਕਰ ਲਈ ਅਤੇ ਸ੍ਰੀ ਤੇਗ ਬਹਾਦਰ ਜੀ ਦੇ ਵਿਆਹ ਦੀ ਤਾਰੀਖ ਪੱਕੀ ਕਰ ਦਿਤੀ। ਸ੍ਰੀ ਤੇਗ ਬਹਾਦਰ ਜੀ ਦੀ ਬਰਾਤ ਬੜੀ ਸਜ-ਧਜ ਨਾਲ ਚੜ੍ਹੀ ਤੇ ਲਾਲਚੰਦ ਜੀ ਨੇ ਹਰ ਪ੍ਰਕਾਰ ਨਾਲ ਬੜੇ ਅਦਬ ਸਤਿਕਾਰ ਨਾਲ ਆਉ ਭਗਤ ਕੀਤੀ। ਸ੍ਰੀ ਲਾਲ ਚੰਦ ਤੇ ਮਾਤਾ ਬਿਸ਼ਨ ਕੌਰ ਜੀ ਦੀ ਪੁੱਤਰੀ ਗੁਜਰੀ ਜੀ ਤੇ ਸ੍ਰੀ ਤੇਗ ਬਹਾਦਰ ਜੀ ਦਾ ਵਿਆਹ ਖੁਸ਼ੀਆਂ ਨਾਲ, ਗੁਰ ਮਰਯਾਦਾ ਨਾਲ, (ਮੁਤਾਬਿਕ ਮਹਾਨ ਕੋਸ਼) 15 ਅਸੂ ਸੰਮਤ 1689 ਨੂੰ ਕਰਤਾਰ ਵਿਖੇ ਸੰਪੰਨ ਹੋਇਆ -

*ਸ਼੍ਰੀ ਤੇਗ ਬਹਾਦਰ ਦੂਲੋ।*
*ਸਭਿ ਆਗੇ ਗੁਰ ਅਨਕੂਲੋ।*
*ਘਰ ਲਾਲਚੰਦ ਕੇ ਜਾਈ।*
*ਗਨ ਪੰਕਤਿ ਕਰਿ ਬੈਠਾਈ।*

ਜਦੋਂ ਬਰਾਤ ਵਿਦਾ ਹੋਣ ਲੱਗੀ ਤਾਂ ਉਸ ਵੇਲੇ ਦੰਪਤੀ ਸ੍ਰੀ ਲਾਲਚੰਦ ਅਤੇ ਮਾਤਾ ਬਿਸ਼ਨ ਕੌਰ, ਦੋਵਾਂ ਨੇ ਗੁਰੂ ਜੀ ਨੂੰ ਚਰਨ ਬੰਦਨਾਂ ਕੀਤੀ ਤੇ ਦੋਵੇਂ ਹ'ਥ ਜੋੜ ਕੇ ਬੇਨਤੀ ਕੀਤੀ। ਸੱਚੇ ਪਾਤਸ਼ਾਹ ਜੀ! ਅਸੀਂ ਆਪ ਜੀ ਨੂੰ ਕੁਝ ਦੇਣ ਜੋਗੇ ਨਹੀਂ, ਕੇਵਲ ਕੰਨਿਆ ਹੀ ਭੇਟਾ ਹੈ, ਯਥਾਸ਼ਕਤਿ ਜੋ ਸੇਵਾ ਹੋਈ ਉਸ ਨੂੰ ਪਰਵਾਨ ਕਰਨਾ ਜੀ। ਦੀਨ ਦਿਆਲ ਸਤਿਗੁਰੂ ਜੀ ਕਹਿਣ ਲੱਗੇ, ਲਾਲ ਚੰਦ ਜੀ! ਜਿਸ ਨੇ ਆਪਣੀ ਕੰਨਿਆ ਦਾ ਦਾਨ ਕੀਤਾ, ਉਸ ਨੇ ਬਚਾ ਕੇ ਕੁਝ ਨਹੀਂ ਰਖਿਆ, ਸਭ ਕੁਝ ਭੇਟ ਕਰ ਦਿਤਾ।

*ਸੁਨਿ ਸਤਿਗੁਰ ਭਏ ਕ੍ਰਿਪਾਲਾ।*
*ਤੁਮ ਦੀਨੋ ਸਕਲ ਬਿਸਾਲਾ।*
*ਜਿਨ ਤਨੁਜਾ ਅਰਪਨ ਕੀਨੰ।*
*ਕਯਾ ਪਾਛੇ ਤਿਨ ਰਖਿ ਲੀਨੰ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਕਰਤਾਰਪੁਰ ਦੀ ਜੰਗ ਜੋ ਪੈਂਦੇ ਖਾਨ ਨੇ ਆਕੀ ਹੋ ਕੇ ਛੇੜੀ ਸੀ, ਉਸ ਵਿਚ ਕਾਲੇ ਖਾਂ, ਖੋਜਾ ਅਨਵਰ, ਅਸਮਾਨ ਖਾਨ, ਕੁਤਬ ਖਾਨ ਤੇ ਪੈਂਦੇ ਖਾਨ ਦਾ ਬੱਧ ਕਰਕੇ, ਦੁਸ਼ਮਣਾਂ ਨੂੰ ਭਾਂਜ ਦੇ ਕੇ ਫਤਿਹ ਪ੍ਰਾਪਤ ਕੀਤੀ। ਉਪਰੰਤ ਸਤਿਗੁਰੂ ਜੀ ਨੇ ਪ੍ਰਵਾਰ ਸਮੇਤ ਕੀਰਤਪੁਰ ਆ ਕੇ ਨਿਵਾਸ ਕੀਤਾ। ਇਕ ਵੇਰਾਂ ਜਦੋਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਬਾਬਾ ਸ੍ਰੀ ਚੰਦ ਜੀ ਮਿਲੇ ਤਾਂ ਆਪ ਜੀ ਨੇ ਬੜਾ ਸਤਿਕਾਰ ਕੀਤਾ। ਬਾਬਾ ਜੀ ਨੇ ਪੁੱਛਿਆ

ਕਿ ਆਪ ਦੇ ਕਿੰਨੇ ਪੁੱਤਰ ਹਨ? ਆਪ ਜੀ ਨੇ ਕਿਹਾ ਬਾਬਾ ਜੀ! ਪੰਜ ਹਨ, ਇਕ ਪ੍ਰਲੋਕ ਗਮਨ ਕਰ ਗਏ, ਚਾਰ ਆਪ ਦੇ ਦਰਸ਼ਨ ਕਰ ਰਹੇ ਹਨ। ਬਾਬਾ ਜੀ ਕਹਿੰਦੇ ਫਿਰ ਇਕ ਸਾਨੂੰ ਦੇ ਦਿਓ, ਅਸੀਂ ਆਪਣੀ 'ਉਦਾਸੀ ਸੰਪਰਦਾਇ' ਦਾ ਵਾਰਿਸ ਬਣਾਉਣਾ ਹੈ। ਸਤਿਗੁਰੂ ਜੀ ਨੇ ਉਸ ਵੇਲੇ ਆਪਣਾ ਵੱਡਾ ਪੁੱਤਰ ਗੁਰਦਿਤਾ ਜੀ, ਬਾਬਾ ਸ੍ਰੀ ਚੰਦ ਜੀ ਨੂੰ ਸੌਂਪ ਦਿਤਾ।

*ਕਹੁ ਪੁਰਖਾ! ਕੇਤਕ ਹੈਂ ਨੰਦ?*
*ਤਬਿ ਬੋਲੇ ਸ਼੍ਰੀ ਹਰਿਗੋਵਿੰਦ।*
*ਪੰਚ ਹੁਤੇ ਇਕ ਭਾ ਬਿਲੋਕਹਿ।*
*ਚਤਰ ਆਪ ਕੋ ਦਰਸ ਬਿਲੋਕਹਿ।*
*ਕਹਯੋ ਸ਼੍ਰੀ ਚੰਦ 'ਇਕ ਹਮ ਦੇਹੋ।*
*ਅਪਰ ਅਪਨੇ ਸੰਗ ਰਖੇ ਹੋ।*
*ਸੁਨਿ ਕਰਿ ਗੁਰੁ ਹਰਿਗੋਵਿੰਦ।*
*ਬਡ ਸੁਤ ਅਰਪਯੋ ਤਬਿ ਸ਼੍ਰੀਚੰਦ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਬਾਬਾ ਸ੍ਰੀ ਚੰਦ ਜੀ ਦੇ ਹੁਕਮ ਨਾਲ ਬਾਬਾ ਗੁਰਦਿਤਾ ਜੀ ਨੇ ਇਹ ਨਗਰ ਵਸਾਇਆ ਸੀ ਤੇ ਗੁਰੂ ਪਿਤਾ ਜੀ ਨੂੰ ਬੇਨਤੀ ਕੀਤੀ ਸੀ ਕਿ ਆਪ ਜੀ ਇਸ ਰਮਣੀਕ ਅਸਥਾਨ ਤੇ ਚਰਨ ਪਾ ਕੇ ਪਵਿਤ੍ਰ ਕਰੋ। ਆਪ ਜੀ ਨੇ ਜਿਉਂ ਹੀ ਪ੍ਰਵੇਸ਼ ਕੀਤਾ, ਦੇਖ ਕੇ ਕਹਿੰਦੇ ਬਹੁਤ ਅੱਛਾ ਨਗਰ ਵਸਾਇਆ ਹੈ।

*ਅਵਰ ਤੁਰੰਗ ਗੁਰੂ ਚਢ ਚਲੇ।*
*ਤਿਸ ਹਯ ਕੇ ਗੁਨ ਬਰਨਤਿ ਭਲੇ।*
*ਕੀਰਤਪੁਰਿ ਤਬ ਹੀ ਨਿਯਰਾਯੋ।*
*ਪ੍ਰਵਿਸ਼ੇ ਪਿਖਿ ਕਹਿ ਭਲੇ ਵਸਾਯੋ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਥੇ ਮਾਤਾ ਨਾਨਕੀ ਜੀ ਨੇ ਸ੍ਰੀ ਤੇਗ ਬਹਾਦਰ ਸਹਿਤ ਤਕਰੀਬਨ 10 ਸਾਲ ਗੁਰੂ ਜੀ ਦੇ ਸੇਵਾ ਵਿਚ ਬਤੀਤ ਕੀਤੇ। ਭਾਵੇਂ ਸਤਿਗੁਰੂ ਜੀ ਨੇ ਸ੍ਰੀ ਤੇਗ ਬਹਾਦਰ ਜੀ ਬਾਰੇ ਭਵਿੱਖਤ ਬਚਨ ਉਨ੍ਹਾਂ ਦੇ ਜਨਮ ਸਮੇਂ ਹੀ ਕਰ ਦਿਤੇ ਸਨ ਪਰ ਮਾਤਾ ਨਾਨਕੀ ਜੀ ਦੇ ਪਾਲਣ-ਪੋਸਣ ਤੋਂ ਵੀ ਉਨ੍ਹਾਂ ਨੂੰ ਸਾਰੇ ਅਧਿਆਤਮਿਕ ਤੇ ਆਦ੍ਰਸ਼ਿਕ ਗੁਣ ਪ੍ਰਾਪਤ ਹੋਏ। ਮਾਤਾ ਜੀ ਇਥੇ ਹਰ ਪ੍ਰਕਾਰ ਨਾਲ ਗੁਰੂ ਜੀ ਦੀ ਸੇਵਾ ਵਿਚ ਤੱਤਪਰ ਰਹਿੰਦੇ ਤੇ ਉਨ੍ਹਾਂ ਦੀ ਹਰ ਸਹੂਲਤ ਦਾ ਖਿਆਲ ਰੱਖਦੇ ਸਨ। ਜੋਤੀ ਸਮਾਉਣ ਤੋਂ ਪਹਿਲਾਂ ਜਦੋਂ ਆਪ ਜੀ ਨੇ ਗੁਰਗੱਦੀ ਆਪਣੇ ਪੋਤਰੇ ਸ੍ਰੀ ਹਰਿ ਰਾਏ ਜੀ ਨੂੰ ਦਿਤੀ ਸੀ, ਉਸ ਵੇਲੇ 'ਤਵਾਰੀਖ ਗੁਰੂ ਖਾਲਸਾ' ਮੁਤਾਬਿਕ ਕੇਵਲ ਇਹੋ ਬੇਨਤੀ ਕੀਤੀ, "ਮਹਾਰਾਜ! ਮੇਰਾ ਪੁੱਤਰ ਤਾਂ ਨਹਾਇਤ ਭੋਲਾ ਭਾਲਾ, ਸਿਧਾ ਸਾਦਾ ਜੇਹਾ, ਵਿਚਾਰਾ ਸੰਤ ਲੋਕ ਹੈ। ਦੁਨੀਆਂ ਦਾ ਕਾਰ ਵਿਹਾਰ ਯਾ ਮਸੰਦਾਂ ਨਾਲ ਮੇਲ ਰਖਣ ਦਾ ਤਰੀਕਾ ਜਰਾ ਨਹੀਂ ਜਾਣਦਾ, ਫੇਰ ਇਸ ਦਾ ਨਿਰਬਾਹ ਕਿਸ ਭਾਂਤ ਹੋਊ"। ਗੁਰੂ ਜੀ ਕਹਿਣ ਲੱਗੇ "ਇਸ ਦੇ ਨਿਰਬਾਹ ਦਾ ਕੀ ਫਿਕਰ ਕਰਦੇ ਹੋ? ਇਸ ਪਿਛੇ ਅਨੇਕਾਂ ਦਾ ਨਿਰਬਾਹ ਹੋਵੇਗਾ। ਇਸ ਪੁੱਤਰ ਦਾ ਭਾਰੀ ਪ੍ਰਤਾਪ ਵੇਖੋਗੇ, ਭੋਲਿਆਂ ਨੂੰ ਭਾਗ ਲਗਦਾ ਹੈ"। ਇਕ ਰੁਮਾਲ ਤੇ ਕਟਾਰ ਦੇ ਕੇ ਬਚਨ ਕੀਤਾ "ਇਹ ਗੁਰਿਆਈ ਦਾ ਪਾਇਤਾ ਹੈ, ਰੱਖ ਛੱਡ। ਜਦੋਂ ਇਸ ਨੂੰ ਗੱਦੀ ਮਿਲੂ, ਤਦੋਂ ਦੇਈਂ"।

ਮਾਤਾ ਜੀ ਨੇ ਆਪਣੇ ਪੁੱਤਰ ਲਈ ਗੁਰਗੱਦੀ ਦੇ ਲੋਭ ਲਾਲਚ ਤੋਂ ਉਪਰ ਉਠ ਕੇ ਹਰਿ ਰਾਇ ਜੀ ਨੂੰ ਸਵੀਕਾਰ ਕਰਕੇ ਖਿੜੇ ਮੱਥੇ ਪਰਵਾਨ ਕੀਤਾ। ਮਾਤਾ ਜੀ ਬਹੁਤ ਦੂਰ ਅੰਦੇਸ਼ੀ, ਵਿਸ਼ਾਲ ਹਿਰਦੇ ਦੇ ਮਾਲਕ, ਗੁਰੂ ਪਤੀ ਜੀ ਦੀ ਆਗਿਆ ਦਾ ਪਾਲਣ ਕਰਕੇ ਬਿਨਾਂ ਕਿਸੇ ਦਵੈਸ਼-ਈਰਖਾ ਤੋਂ ਭਾਣੇ ਵਿਚ ਖੁਸ਼ ਰਹਿੰਦੇ ਸਨ। ਜਦੋਂ ਗੁਰੂ ਜੀ ਜੋਤੀ ਜੋਤਿ ਸਮਾਉਣ ਲਗੇ ਤਾਂ ਆਪ ਜੀ ਨਾਲ 'ਤੇਗ ਬਹਾਦਰ ਜੀ' ਬਾਰੇ ਇਹ ਬਚਨ ਕੀਤੇ। ਆਪ ਜੀ ਨੇ ਗੁਰੂ ਹਰਿਰਾਇ ਜੀ ਨੂੰ ਕਿਹਾ ਕਿ ਆਪਣੇ ਚਾਚਾ ਜੀ ਤੇਗ ਬਹਾਦਰ ਦਾ ਮਾਨ ਸਤਿਕਾਰ ਪਿਤਾ ਵਾਂਗ ਕਰਨਾ ਹੈ।

*ਹਮਰੀ ਜਨਨੀ ਕੇਰਿ ਸਥਾਨ।*
*ਨਾਮ ਬਕਾਲਾ ਗ੍ਰਾਮ ਸੁ ਜਾਨ।*
*ਤਹਾਂ ਬਾਸ ਅਬਿ ਕਰਹੁ ਸੁਖਾਰੇ।*
*ਸਮਾ ਉਡੀਕਹੁ ਜਥਾ ਉਚਾਰੇ।*
*ਸੁਤ ਕੋ ਸੁਤ ਪ੍ਰਤਾਪ ਜਤਿ ਦੇਖਿ।*
*ਤਵ ਸ਼ਰੀਰ ਕੀ ਬੈਸ ਵਿਸ਼ੇਖ।*
*ਬਿਨ ਗੁਰਤਾ ਗੁਰ ਹੀ ਸਮ ਸੋਇ।*
*ਪੂਜਨ ਉਚਿਤ ਲਖਹਿ ਸਭਿ ਕੋਇ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

'ਤੁਸੀਂ ਬਕਾਲੇ ਜਾ ਕੇ ਭਾਈ ਮਿਹਰੇ ਦੇ ਘਰ ਨਿਵਾਸ ਕਰਕੇ ਇਕਾਂਤ ਤੇ ਰਜ਼ਾ ਵਿਚ ਰਹੋ ਜਿਥੇ ਸਾਡੀ ਮਾਤਾ ਗੰਗਾ ਜੀ ਦਾ ਸਥਾਨ ਹੈ। ਹਰਿਗੋਬਿੰਦ ਪੁਰ ਦਾ ਸਾਰਾ ਇਲਾਕਾ ਤੇਗ ਬਹਾਦਰ ਦੇ ਅਧੀਨ ਰਹੇਗਾ। ਇਹ ਤਾਂ ਹੁਣ ਵੀ ਗੁਰ ਸਮਾਨ ਪੂਜਣਯੋਗ ਹੈ। ਤੇਗ ਬਹਾਦਰ ਦੀ ਸਾਧਨਾ ਤਪੱਸਿਆ, ਤਿਆਗ, ਕੁਰਬਾਨੀ ਤੇ ਮਾਣ-ਵਡਿਆਈ ਦੀ ਮਹਿਮਾ ਸਾਰੇ ਸੰਸਾਰ ਵਿਚ ਫੈਲੇਗੀ। ਗੁਰਗੱਦੀ ਦਰਗਾਹੀ ਦਾਤ ਹੈ, ਸਮਾਂ ਆਉਣ ਤੇ ਜਦੋਂ ਨਿਰੰਕਾਰ ਦਾ ਹੁਕਮ ਹੋਇਆ, ਆਪਣੇ ਆਪ ਆ ਜਾਵੇਗੀ। ਸੱਚੀ ਘਾਲਣਾ ਤੇ ਤਪਸਿਆ ਨਾਲ ਅਟੱਲ ਪਦਵੀ ਪ੍ਰਾਪਤ ਹੋਵੇਗੀ'।

ਪਤੀ ਗੁਰੂ ਸਾਹਿਬ ਜੀ ਦਾ ਹੁਕਮ ਮੰਨ ਕੇ, ਤੇਗ ਬਹਾਦਰ ਜੀ ਤੇ ਗੁਜਰੀ ਜੀ ਨੂੰ ਨਾਲ ਲੈ ਕੇ ਮਾਤਾ ਨਾਨਕੀ ਜੀ ਬਕਾਲਾ ਵਿਖੇ ਆ ਟਿਕੇ । ਭਾਈ ਮਿਹਰਾ ਜੀ ਨੇ ਬਹੁਤ ਆਦਰ ਸਨਮਾਨ ਕੀਤਾ, ਰਹਿਣ ਲਈ ਵਖਰਾ ਮਕਾਨ ਤੇ ਤੇਗ ਬਹਾਦਰ ਜੀ ਲਈ ਭਜਨ-ਬੰਦਗੀ ਕਰਨ ਵਾਸਤੇ ਭੋਰਾ ਵੀ ਤਿਆਰ ਕਰਵਾ ਦਿਤਾ। ਇਥੇ

ਆਪ ਜੀ ਅੰਮ੍ਰਿਤ ਵੇਲੇ ਇਸ਼ਨਾਨ ਆਦਿ ਕਰਕੇ ਇਕ ਟੱਕ ਸਮਾਧੀ ਸਥਿਤ ਹੋ ਕੇ ਸਵੈ-ਸਰੂਪ ਦਾ ਧਿਆਨ ਧਰ ਘੰਟਿਆਂ ਬੱਧੀ ਬੈਠੇ ਰਹਿੰਦੇ। ਮਾਤਾ ਨਾਨਕੀ ਜੀ ਹਰ ਪ੍ਰਕਾਰ ਨਾਲ ਆਪ ਦੀ ਸੇਹਤ ਸੰਭਾਲ ਦਾ ਖਿਆਲ ਰੱਖਦੇ ਤੇ ਗੁਜਰੀ ਜੀ ਸੇਵਾ ਵਿਚ ਪਹਿਰਾ ਦਿੰਦੇ ਤਾਕਿ ਆਪ ਦੀ ਭਗਤੀ ਵਿਚ ਕਿਸੇ ਪ੍ਰਕਾਰ ਦਾ ਵਿਘਨ ਨਾ ਪਵੇ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਆਪ ਜੀ ਨੇ ਇਸ ਅਸਥਾਨ ਤੇ 26 ਸਾਲ 9 ਮਹੀਨੇ 11 ਦਿਨ ਲਗਾਤਰ ਪ੍ਰਮੇਸ਼ਰ ਦੀ ਬੰਦਗੀ ਕੀਤੀ। ਇਹ ਨਹੀਂ ਕਿ ਹਰ ਵੇਲੇ ਭੋਰੇ 'ਚ ਬੈਠਦੇ ਸਗੋਂ ਨੀਯਤ ਸਮੇਂ ਸੰਗਤਾਂ ਨੂੰ ਦਰਸ਼ਨ ਦੇ ਕੇ ਉਪਦੇਸ਼ ਦੁਆਰਾ ਸਿਖੀ ਦਾ ਪ੍ਰਚਾਰ ਵੀ ਕਰਦੇ ਰਹਿੰਦੇ ਸਨ।

ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੇ ਜਦੋਂ ਸੰਗਤਾਂ ਨੇ ਪੁੱਛਿਆ ਕਿ ਆਪ ਜੀ ਸੰਗਤ ਨੂੰ ਕਿਸ ਦੇ ਲੜ ਲਾ ਕੇ ਚਲੇ ਹੋ? ਇਤਿਹਾਸ ਵਿਚ ਇਸ ਪ੍ਰਕਾਰ ਵਰਨਣ ਆਉਂਦਾ ਹੈ।

*ਵਕਤ ਚਲਾਣੇ ਸਿੱਖਾਂ ਕੀਤੀ ਅਰਦਾਸ।*
*ਗਰੀਬ ਸੰਗਤ ਵਡੀ ਕਿ ਪਾਸ?*
*ਬਾਬਾ ਬਕਾਲੇ।*
*ਆਪ ਗਏ ਗੁਰਪੁਰ,*
*ਦਹਿ ਜਲਾਏ ਸਨ ਚੰਦਨ ਨਾਲੇ।*

*(ਬੰਸਾਵਲੀ ਨਾਮਾ, ਕੇਸਰ ਸਿੰਘ ਛਿਬਰ)*

*ਯਾਂ ਤੇ ਸੰਗਤਿ ਕਿਸ ਲੜ ਲਾਵਹੁ।*
*ਗੁਰਤਾ ਉਚਿਤ ਜਾਂਹਿ ਲਖਿ ਪਾਵਹੁ।*
*ਹਾਥ ਜੋਰਿ ਪੁਰ ਬੰਦਨ ਠਾਨੀ।*
*ਨੇਤ੍ਰ ਉਘਾਰਿ ਕਹੀ ਮੁਖ ਬਾਨੀ।*
*ਬਾਬਾ ਬਸਹਿ ਜਿ ਗ੍ਰਾਮ ਬਕਾਲੇ।*
*ਬਨਿ ਗੁਰ, ਸੰਗਤਿ ਸਕਲ ਸਮਾਲੇ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਸ ਤੋਂ ਭਾਵ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ, ਗੁਰੂ ਹਰਿਕ੍ਰਿਸ਼ਨ ਜੀ ਦੇ ਬਾਬੇ ਲਗਦੇ ਹਨ ਜੋ ਕਿ ਬਕਾਲੇ ਵਿਚ ਰਹਿੰਦੇ ਹਨ। ਉਹ ਗੁਰਗੱਦੀ ਤੇ ਬਿਰਾਜਮਾਨ ਹੋ ਕੇ ਸੰਗਤਾਂ ਦੀ ਸੰਭਾਲ ਕਰਨਗੇ।

ਮਾਤਾ ਸੁਲੱਖਣੀ ਜੀ (ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਮਾਤਾ ਜੀ) ਨੇ ਗੁਰਗੱਦੀ ਦਾ ਸਮਾਨ, ਪੋਥੀ ਸਾਹਿਬ ਆਦਿ ਦੀਵਾਨ ਦਰਗਾਹ ਮੱਲ, ਭਾਈ ਦਿਆਲਾ, ਭਾਈ ਜੇਠਾ ਜੀ ਨੂੰ ਦੇ ਕੇ ਬਕਾਲੇ ਵੱਲ ਤੋਰ ਦਿਤਾ। ਇਹ ਸਾਰੇ ਦਰਬਾਰੀ ਸਿੱਖ ਮਾਤਾ ਨਾਨਕੀ ਜੀ ਪਾਸ ਪੁੱਜ ਗਏ। ਮਾਤਾ ਜੀ ਦੀ ਪਤ੍ਰਿਕਾ ਮਿਲਣ ਤੇ ਅੰਮ੍ਰਿਤਸਰ ਤੋਂ ਭਾਈ ਗੜ੍ਹੀਆ ਜੀ ਤੇ ਗੁਰੂ ਅਮਰਦਾਸ ਜੀ ਦੀ ਵੰਸ਼ ਵਿਚੋਂ ਬਜ਼ੁਰਗ ਹਸਤੀ ਦੁਆਰਕਾ ਦਾਸ ਭੱਲਾ ਜੀ ਵੀ ਪਹੁੰਚ ਗਏ। ਮਾਤਾ ਜੀ ਨੇ ਯਥਾਸ਼ਕਤਿ ਸਭ ਦਾ ਆਦਰ ਸਨਮਾਨ ਕੀਤਾ ਅਤੇ ਸਾਰੇ ਗੁਰਸਿੱਖਾਂ ਆਉ ਭਗਤ ਕੀਤੀ। ਸਾਰੇ ਹੀ, ਸ੍ਰੀ ਤੇਗ ਬਹਾਦਰ ਜੀ ਦੇ ਦਰਸ਼ਨ ਕਰਕੇ ਬੜੇ ਅਨੰਦਿਤ ਹੋਏ, ਬੇਨਤੀ ਕੀਤੀ ਕਿ ਤੁਸੀਂ ਸੰਸਾਰ ਨੂੰ ਤਾਰਨ ਵਾਸਤੇ ਆਏ ਹੋ, ਛੁਪ ਕੇ ਨਾ ਬੈਠੋ, ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰੋ। ਉਨ੍ਹਾਂ ਨੇ ਗੁਰ ਮਰਯਾਦਾ ਅਨੁਸਾਰ ਪੰਜ ਪੈਸੇ ਨਾਰੀਅਲ ਆਦਿ ਵਸਤਾਂ ਭੇਟ ਕਰਕੇ ਗੁਰਗੱਦੀ ਉਤੇ ਗੁਰੂ ਤੇਗ ਬਹਾਦਰ ਜੀ ਨੂੰ ਬਿਰਾਜਮਾਨ ਕੀਤਾ।

*ਕਹਿ ਤਿਸ ਤੇ ਪੱਤ੍ਰੀ ਲਿਖਵਾਈ।*
*ਸ੍ਰੀ ਗੁਰੁ ਅਮਰ ਅੰਸ ਬੁਲਵਾਈ।*
*ਗੜੀਆ ਸਿੱਖ ਰਹੈ ਤਿਸ ਥਾਨ।*
*ਤਿਸ ਢਿਗ ਪਠੀ ਪੱਤ੍ਰਿਕਾ ਜਾਨ।*
*ਪਿਖਤਿ ਦਵਾਰਕਾ ਦਾਸ ਅਨੰਦੇ।*
*ਉਸਤਤਿ ਕੀਨਸਿ ਗੁਰੂ ਬਿਲੰਦੇ।*
*ਤੁਮ ਜਗ ਤਾਰਨ ਕਾਰਨ ਆਏ।*
*ਛਪ ਕੇ ਬੈਠਨਿ ਕਿਮ ਇਹ ਭਾਏ।*
*ਅਬਹਿ ਸਿੰਘਾਸਨਿ ਸਜਹੁ ਬਿਸਾਲ।*
*ਦੇਹੁ ਦਰਸ ਜਗ ਕਰਹੁ ਨਿਹਾਲ।*
*ਇਤਯਾਦਿਕ ਕਹਿ ਬਿਨੈ ਬਡੇਰੀ।*
*ਕੁਕੰਮ ਤਿਲਕ ਕਰਯੋ ਤਿਸ ਬੇਰੀ।*
*ਪੂਜਾ ਭੇਟ ਨਾਰੀਅਲ ਧਰਯੋ।*
*ਪੁਨ ਸਤਿਗੁਰੁ ਕੁਛ ਨਹੀਂ ਉਚਰਯੋ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਗੁਰਿਆਈ ਦੀ ਖਬਰ ਸੁਣ ਕੇ ਬਾਬਾ ਧੀਰਮੱਲ ਤੇ ਮੀਣੇ ਆਦਿ 22 ਮੰਜੀਆਂ ਲਾ ਕੇ ਸੰਗਤਾਂ ਨੂੰ ਗੁੰਮਰਾਹ ਕਰਨ ਲਈ ਪਖੰਡੀ ਗੁਰੂ ਬਣ ਬੈਠੇ। ਗੁਰਤਾ ਨੂੰ ਪਰਵਾਨ ਕਰਦਿਆਂ ਗੁਰੂ ਤੇਗ ਬਹਾਦਰ ਜੀ ਨੇ ਚੁੱਪ ਧਾਰਨ ਕਰਕੇ ਬੈਠੇ ਰਹੇ। ਫੇਰ ਹੁਕਮ ਕੀਤਾ ਕਿ "ਇਹ (ਗੁਰਗੱਦੀ) ਅਕਾਲ ਪੁਰਖ ਦੀ ਦਾਤ ਹੈ, ਢੰਡੋਰਾ ਦੇਣ ਦੀ ਲੋੜ ਨਹੀਂ ਤੇ ਅਸੀਂ ਜੋ 22 ਦੁਕਾਨਾਂ ਲਾ ਕੇ ਬਾਹਰ ਬੈਠੇ ਹਨ, ਉਨ੍ਹਾਂ ਨਾਲ ਕੋਈ ਵੈਰ-ਵਿਰੋਧ ਮੁੱਲ ਨਹੀਂ ਲੈਣਾ। ਸਮਾਂ ਆਉਣ ਤੇ ਵਾਹਿਗੁਰੂ ਆਪ ਹੀ ਸਚਾਈ ਪ੍ਰਗਟ ਕਰੇਗਾ"।

ਜਦੋਂ ਸੱਚ ਪ੍ਰਗਟ ਕਰਨ ਦਾ ਸਮਾਂ ਆਇਆ ਉਸ ਵੇਲੇ ਅਕਾਲ ਪੁਰਖ ਨੇ ਭਾਈ ਮੱਖਣ ਸ਼ਾਹ ਨੂੰ ਭੇਜ ਦਿਤਾ। ਉਸ ਦਾ ਜਹਾਜ਼ ਜਦੋਂ ਸਮੁੰਦਰ ਵਿਚ ਡੁਬਣ ਲੱਗਾ ਉਸ ਨੇ ਗੁਰੂ ਨਾਨਕ ਦੇ ਦਰ ਅੱਗੇ ਅਰਦਾਸ ਕੀਤੀ ਕਿ ਮੈਂ 500 ਮੋਹਰ ਭੇਟਾ ਕਰਾਂਗਾ, ਕਿਰਪਾ ਕਰਕੇ ਮੇਰਾ ਬੇੜਾ ਪਾਰ ਕਰੋ। ਇਨਾ ਕਹਿਣ ਦੀ ਦੇਰ ਸੀ ਕਿ ਜਹਾਜ਼ ਡੁਬਣੋਂ ਬਚ ਗਿਆ ਤੇ ਬੰਨ੍ਹੇ ਲੱਗ ਗਿਆ। ਸੋ ਮੱਖਣ ਸ਼ਾਹ ਨੇ ਬਕਾਲੇ ਆ ਕੇ ਸਮਰੱਥ ਗੁਰੂ ਨੂੰ ਆ ਕੇ ਪ੍ਰਗਟ ਕੀਤਾ ਤੇ ਸਾਰੇ ਨਕਲੀ ਗੁਰੂਆਂ ਦਾ ਪਾਜ ਉਘੜ ਗਿਆ। ਵਿਰੋਧੀ ਧੀਰਮੱਲ ਨੇ ਭਾਵੇਂ ਸ਼ੀਹੇਂ ਮਸੰਦ ਦੁਆਰਾ ਗੁਰੂ ਜੀ ਤੇ ਜਾਨ ਲੇਵਾ ਵਾਰ ਕੀਤਾ ਪਰ ਦਿਆਲੂ ਸਤਿਗੁਰੂ ਜੀ ਨੇ ਉਸ ਨੂੰ ਵੀ ਬਖਸ਼ ਵੀ

ਦਿਤਾ।

*ਮੱਖਣ ਸ਼ਾਹ ਕੀਨਿ ਅਰਦਾਸ।*
*ਚਿਤਵਤਿ ਦਰਬ ਦੇਉਂਗੋ ਰਾਸ।*
*ਏਵ ਬਿਚਾਰਤਿ ਚਲਯੋ ਜਹਾਜੁ।*
*ਗੁਰ ਪੂਰਹਿਂ ਨਿਤ ਸਿੱਖਨਿ ਕਾਜੁ।*

ਇਥੋਂ ਸਤਿਗੁਰੂ ਜੀ ਸੰਗਤਾਂ ਨੂੰ ਤਾਰਦੇ ਹੋਏ ਅੰਮ੍ਰਿਤਸਰ, ਤਰਨਤਾਰਨ, ਗੋਇੰਦਵਾਲ ਹੁੰਦੇ ਹੋਏ ਕੀਰਤਪੁਰ ਸਾਹਿਬ ਜਾ ਪੁੱਜੇ। ਮਾਤਾ ਨਾਨਕੀ ਜੀ ਨੇ ਕਿਹਾ ਕਿ ਇਥੇ ਸੂਰਜਮੱਲ ਦੀ ਔਲਾਦ ਲੜਾਈ ਝਗੜਾ ਕਰੇਗੀ ਇਸ ਕਰਕੇ ਅੱਗੇ ਚੱਲ ਕੇ ਟਿਕਾਣਾ ਕਰੀਏ। ਇਥੋਂ ਪੰਜ ਕੋਹ ਦੇ ਫਾਸਲੇ ਉਤੇ ਸਤਿਗੁਰੂ ਜੀ ਨੇ ਮਾਖੋਵਾਲ ਜ਼ਮੀਨ ਮੁਲ ਲੈ ਕੇ ਉਸਾਰੀ ਸ਼ੁਰੂ ਕਰਵਾ ਦਿਤੀ। ਇਥੇ ਮੱਖੋ ਨਾਮ ਦਾ ਦੈਂਤ ਸੀ, ਉਸ ਦਾ ਉਧਾਰ ਕੀਤਾ ਤੇ ਨਾਮ ਬਦਲ ਕੇ 'ਚੱਕ ਨਾਨਕੀ' ਰੱਖਿਆ। ਉਸਾਰੀ ਦੀ ਜ਼ਿੰਮੇਵਾਰੀ ਕੁਝ ਮੁਖ ਸੇਵਾਦਾਰਾਂ ਨੂੰ ਸੌਂਪ ਕੇ ਮਾਤਾ ਨਾਨਕੀ ਜੀ ਦੇ ਭਰਾ ਕਿਰਪਾਲ ਚੰਦ ਜੀ ਨੂੰ ਨਾਲ ਲੈ ਕੇ, ਦੱਖਣ ਦਿਸ਼ਾ ਵੱਲ ਪ੍ਰਚਾਰ ਹਿਤ ਪ੍ਰਵਾਰ ਸਮੇਤ ਚੱਲ ਪਏ। ਦਿਲੀ, ਯੂ.ਪੀ., ਥਾਨੇਸਰ, ਤ੍ਰਿਬੈਣੀ, ਤੀਰਥਾਂ ਤੇ ਸੰਗਤਾਂ ਨੂੰ ਉਪਦੇਸ਼ ਦੇ ਕੇ ਤਾਰਦੇ ਹੋਏ, ਬਿਹਾਰ ਦੀ ਰਾਜਧਾਨੀ ਪਟਨਾ ਸ਼ਹਿਰ ਵਿਖੇ ਪਹੁੰਚ ਗਏ। ਪਟਨਾ ਸ਼ਹਿਰ ਦੀ ਸੰਗਤ ਉਮਡ ਕੇ ਦਰਸ਼ਨਾਂ ਨੂੰ ਆਈ ਤੇ ਸਿੱਖ ਵਿਚਾਰ ਕਰ ਰਹੇ ਸਨ ਕਿ ਗੁਰੂ ਦਾ ਨਿਵਾਸ ਕਿਥੇ ਕਰਵਾਇਆ ਜਾਵੇ? ਉਸੇ ਵੇਲੇ ਇਕ ਸਿੱਖ ਨੇ ਜੋ ਸਾਲਸ ਰਾਇ ਦੀ ਅੰਸ ਵਿਚੋਂ ਸੀ, ਆ ਕੇ ਬੇਨਤੀ ਕੀਤੀ ਕਿ ਆਪ ਜੀ ਮੇਰੀ ਹਵੇਲੀ ਵਿਚ ਨਿਵਾਸ ਕਰੋ।

ਇਸ ਬਿਧਿ ਸਭ ਮਹਿਂ ਕਰਤ ਬਿਚਾਰ।
*ਤਬਿ ਇਕ ਸਿਖ ਨੇ ਕੀਨਿ ਉਚਾਰ।*
*'ਮੈਂ; ਇਕ ਦੇਉਂ ਹਵੇਲੀ ਗੁਰ ਕੋ।*
*ਹਾਥ ਜੋਰਿ ਕਰਿ ਭਾਉ ਸੁ ਉਰ ਕੋ।*
*ਤਿਸ ਮਹਿ ਬਹਹਿਂ ਸਦਾ ਸੁਖ ਪਾਇ।*
*ਮੇਰੋ ਜਨਮ ਸਫਲ ਹੁਇ ਜਾਇ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਸ ਬਾਰੇ ਇਤਿਹਾਸ ਵਿਚ ਆਉਂਦਾ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਇਥੇ ਆਏ ਤਾਂ ਸਾਲਿਸ ਰਾਇ ਜੌਹਰੀ ਸਿੱਖ ਬਣਿਆ ਤੇ ਉਸ ਨੂੰ ਮੰਜੀ ਦੇ ਕੇ ਪ੍ਰਚਾਰਕ ਥਾਪਿਆ ਸੀ। ਉਸ ਨੇ ਬੇਨਤੀ ਕੀਤੀ ਸੀ ਕਿ ਸੱਚੇ ਪਾਤਸ਼ਾਹ ਜੀ! ਮੇਰੇ ਗ੍ਰਿਹ ਵਿਖੇ ਚਰਨ ਪਾ ਕੇ ਪਵਿਤ੍ਰ ਕਰੋ। ਸਤਿਗੁਰੂ ਜੀ ਨੇ ਬਚਨ ਕੀਤਾ ਸੀ ਕਿ ਅਸੀਂ ਦਸਵੇਂ ਜਾਮੇ ਵਿਚ ਆ ਕੇ ਤੇਰਾ ਘਰ ਤੇ ਸ਼ਹਿਰ ਪਵਿਤ੍ਰ ਕਰਾਂਗੇ। ਇਸ ਕਰਕੇ ਨੌਵੇਂ ਪਾਤਸ਼ਾਹ ਜੀ ਨੇ ਕਿਰਪਾਲ ਚੰਦ ਜੀ ਦੀ ਦੇਖ ਰੇਖ ਹੇਠ ਪਰਿਵਾਰ ਨੂੰ ਇਥੇ ਨਿਵਾਸ ਕਰਾਇਆ ਤੇ ਆਪ ਜੀ ਸਿੱਖੀ ਦੇ ਪ੍ਰਚਾਰ ਹਿਤ ਆਸਾਮ ਦੇਸ਼ ਵੱਲ ਰਵਾਨਾ ਹੋ ਗਏ। ਇਥੇ ਹੀ ਪੋਹ ਸੁਦੀ ਸਤਵੀਂ 1723 ਬਿਕ੍ਰਮੀ ਨੂੰ ਬਾਲ ਗੋਬਿੰਦ ਰਾਏ ਜੀ ਦਾ ਪ੍ਰਕਾਸ਼ ਮਾਤਾ ਗੁਜਰੀ ਦੀ ਕੁਖੋਂ ਹੋਇਆ ਜਿਸ ਦਾ ਜ਼ਿਕਰ ਦਸ਼ਮੇਸ਼ ਪਿਤਾ ਜੀ ਨੇ ਆਪਣੀ ਬਾਣੀ ਵਿਚ ਇਸ ਪ੍ਰਕਾਰ ਕੀਤਾ ਹੈ।

*ਮੁਰ ਪਿਤ ਪੂਰਬ ਕੀਯਸਿ ਪਯਾਨਾ॥*
*ਭਾਂਤਿ ਭਾਂਤਿ ਕੇ ਤੀਰਥਿ ਨਾਨਾ॥*
*ਜਬ ਹੀ ਜਾਤ ਤ੍ਰਿਬੇਣੀ ਭਏ॥*
*ਪੁੰਨ ਦਾਨ ਦਿਨ ਕਰਤ ਬਿਤਏ॥*
*ਤਹੀ ਪ੍ਰਕਾਸ ਹਮਾਰਾ ਭਯੋ॥*
*ਪਟਨਾ ਸਹਰ ਬਿਖੈ ਭਵ ਲਯੋ॥* *(ਸ੍ਰੀ ਦਸਮ ਗ੍ਰੰਥ)*

ਘੁੜਾਮ ਦੇ ਪੀਰ ਭੀਖਣਸ਼ਾਹ ਨੇ ਜਦੋਂ ਪੂਰਬ ਦਿਸ਼ਾ ਵੱਲ ਪ੍ਰਕਾਸ਼ ਦੇਖਿਆ ਤਾਂ ਉਸ ਨੇ ਨਿਮਾਜ਼ ਵੀ ਇਸ ਦਿਸ਼ ਵੱਲ ਮੁਖ ਕਰਕੇ ਅਦਾ ਕੀਤੀ। ਚੇਲਿਆਂ ਨੇ ਪੁੱਛਿਆ, ਪੀਰ ਜੀ! ਪੱਛਮ ਦੀ ਥਾਂ ਪੂਰਬ ਵੱਲ ਨਿਮਾਜ਼ ਕਿਉਂ? ਕਹਿੰਦਾ, ਚਲੋ! ਚੱਲ ਕੇ ਦਰਸ਼ਨ ਕਰੀਏ, ਖੁਦਾ ਦੀ ਜੋਤ ਦਾ ਪ੍ਰਕਾਸ਼ ਪਟਨੇ ਸ਼ਹਿਰ ਹੋਇਆ ਹੈ। ਤਿੰਨ ਮਹੀਨੇ ਦੀ ਬਿਖਮ ਪੈਦਲ ਯਾਤਰਾ ਕਰਕੇ ਪਹੁੰਚ ਗਿਆ। ਹਵੇਲੀ ਦੇ ਬੂਹੇ ਅੱਗੇ ਆਸਨ ਲਾ ਕੇ ਬੈਠ ਗਿਆ, ਖਾਣਾ-ਪੀਣਾ ਤਿਆਗ ਦਿਤਾ, ਕਹਿੰਦਾ, ਮੈਨੂੰ ਦਰਸ਼ਨ ਕਰਾਓ। ਗੁਰੂ ਪਰਿਵਾਰ ਨੇ ਇਸ ਦੀ ਸ਼ਰਧਾ ਤੇ ਪ੍ਰੇਮ ਦੇਖ ਕੇ ਫੈਸਲਾ ਲਿਆ ਤੇ ਮਾਤਾ ਨਾਨਕੀ ਜੀ ਨੇ ਸਾਰੀ ਤਿਆਰੀ ਕਰਵਾਈ। ਭਰਾਤਾ ਕ੍ਰਿਪਾਲ ਚੰਦ ਜੀ ਨੂੰ ਕਿਹਾ ਕਿ ਹੇਠਾਂ ਫਰਸ਼ ਵਿਛਾ ਕੇ, ਸੁਗੰਧੀਆਂ ਦਾ ਛਿੜਕਾ ਕਰੋ, ਸਾਰੇ ਪਾਸੇ ਸੇਵਕਾਂ ਦਾ ਪਹਿਰ ਲਾਵੋ, ਸੁੰਦਰ ਪਲੰਘ ਤੇ ਬਾਲਾ ਪ੍ਰੀਤਮ ਨੂੰ ਗੋਦ 'ਚ ਲੈ ਕੇ ਬੈਠੋ। ਰਬਾਬੀਆਂ ਤੋਂ ਗੁਰ ਸ਼ਬਦ ਦਾ ਕੀਰਤਨ ਕਰਾਵੋ।

*ਮਾਤ ਨਾਨਕੀ ਸੁਨਿ ਤਿਸਕਾਲ।*
*ਕਹਯੋ ਬਾਕ ਸੁਨਿ ਭ੍ਰਾਤ ਕ੍ਰਿਪਾਲ।*
*ਅੰਤਰ ਪੌਰ ਪ੍ਰਯੰਕ ਡਸਾਵਹੁ।*
*ਰੱਛਯਾ ਸਰਬ ਪ੍ਰਕਾਰ ਕਰਾਵਹੁ।*
*ਸਿਖ ਸੇਵਕ ਸਭਿ ਹੀ ਹੁਇਂ ਤੀਰ।*
*ਫਰਸ਼ ਕਰਾਵਹੁ ਸੁੰਦਰ ਚੀਰ।*
*ਗਾਵਹਿਂ ਗੁਰ ਕੇ ਸ਼ਬਦ ਉਦਾਰ।*
*ਅਪਨਿ ਰਬਾਬੀ ਲੇਹੁ ਹਕਾਰ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਪੀਰ ਜੀ ਨੇ ਪ੍ਰਤਾਵੇ ਵਜੋਂ ਦੋ ਕੁੱਜੀਆਂ ਅੱਗੇ ਕੀਤੀਆਂ ਤਾਂ ਬਾਲਾ ਪ੍ਰੀਤਮ ਜੀ ਮੰਦ-ਮੰਦ ਮੁਸਕਰਾਏ ਤੇ ਦੋਵਾਂ ਕੁਜੀਆਂ ਤੇ ਹੱਥ ਰੱਖ ਦਿਤਾ। ਪੀਰ ਗਦ-ਗਦ ਹੋ ਗਿਆ ਕਿ ਇਹ ਤਾਂ ਵਿਤਕਰੇ ਰਹਿਤ ਹਨ ਤੇ ਬਾਰ-ਬਾਰ ਸੀਸ ਨਿਵਾਈ ਜਾਂਦਾ ਹੈ। ਇਸ ਤਰ੍ਹਾਂ ਪੀਰ ਜੀ ਦੇ ਸਬੱਬ ਨਾਲ ਸਾਰੀਆਂ ਸੰਗਤਾਂ ਨੇ ਅਨੇਕ ਪਰਕਾਰ ਦੀਆਂ ਭੇਟਾਵਾਂ ਰੱਖ ਕੇ ਸੀਸ ਨਿਵਾਇਆ ਤੇ ਦੀਦਾਰ ਕੀਤੇ। ਬਾਲ ਗੋਬਿੰਦ ਜੀ ਦੀ ਪਾਲਣਾ, ਦਾਦੀ ਮਾਤਾ ਨਾਨਕੀ ਜੀ ਆਪਣੀ ਛਤਰ ਛਾਇਆ ਹੇਠ ਕਰਦੇ ਰਹੇ।

ਬਾਲਾ ਪ੍ਰੀਤਮ ਸ੍ਰੀ ਗੋਬਿੰਦ ਜੀ ਅਨੇਕਾਂ ਪ੍ਰਕਾਰ ਦੇ ਕੌਤਕ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਗੁਰੂ ਤੇਗ ਬਹਾਦਰ ਸਾਹਿਬ ਵੀ ਜਦੋਂ ਆਸਾਮ ਤੋਂ ਵਾਪਿਸ ਪਟਨਾ ਸਾਹਿਬ ਆਏ ਤਾਂ ਸੰਗਤਾਂ ਨੇ ਬਹੁਤ ਖੁਸ਼ੀ ਮਨਾਈ ਤੇ ਰਾਜਾ ਰਾਮ ਸਿੰਘ ਗੁਰੂ ਜੀ ਨੂੰ ਛੱਡਣ ਵਾਸਤੇ ਆਇਆ। ਹੁਣ ਪੰਜਾਬ ਤੋਂ ਸੰਗਤਾਂ ਨੇ ਬਿਹਬਲ ਹੋ ਕੇ ਸੁਨੇਹਾ ਭੇਜਿਆ ਤੇ ਬਾਲਾ ਪ੍ਰੀਤਮ ਜੀ ਦੇ ਆਉਣ ਦੀ ਖੁਸ਼ੀ (ਅਨੰਦ) ਵਿਚ 'ਚੱਕ ਨਾਨਕੀ, ਦਾ ਨਾਮ ਬਦਲ ਕੇ 'ਅਨੰਦਪੁਰ ਸਾਹਿਬ' ਰੱਖਿਆ ਗਿਆ।

ਇਥੇ ਆ ਕੇ ਗੁਰੂ ਜੀ ਨੇ ਬਾਲ ਸ੍ਰੀ ਗੋਬਿੰਦ ਰਾਇ ਜੀ ਲਈ ਭਾਂਤ-ਭਾਂਤ ਦੀ ਸ਼ਾਸ਼ਤਰ ਤੇ ਸ਼ਸਤਰ ਵਿਦਿਆ ਤੇ ਸਿਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਆਪ ਜੀ ਨੇ ਬਾਲ ਗੋਬਿੰਦ ਜੀ ਨੂੰ ਧਰਮ ਦੀ ਆਜ਼ਾਦੀ ਨੂੰ ਬਰਕਰਾਰ ਰੱਖਣ ਦਾ, ਸਵੈਮਾਨ-ਅਣਖ, ਨਿਰਭੈਤਾ-ਨਿਰਵੈਰਤਾ ਨਾਲ ਜਿਊਣ ਦਾ ਸਿਧਾਂਤ ਦ੍ਰਿੜ ਕਰਵਾ ਕੇ ਉਪਦੇਸ਼ ਦਿਤਾ। ਮਾਤਾ ਨਾਨਕੀ ਜੀ ਨੇ ਜਿਹੜੇ ਸ਼ੁਭ ਗੁਣ; ਦਯਾ, ਖਿਮਾ, ਪਰਉਪਕਾਰ, ਨਿਰਭੈਤਾ ਤੇ ਦ੍ਰਿੜ ਵਿਸ਼ਵਾਸ਼ ਆਪਣੇ ਲਾਡਲੇ ਗੁਰੂ ਤੇਗ ਬਹਾਦਰ ਜੀ ਵਿਚ ਭਰੇ ਸਨ, ਉਹ ਸਾਰੇ ਗੁਣ ਲਾਡਲੇ ਪੋਤਰੇ ਬਾਲ ਗੋਬਿੰਦ ਰਾਇ ਜੀ ਵਿਚ ਸੁਭਾਵਿਕ ਤੌਰ ਤੇ ਆਪਣੇ ਆਪ ਆ ਗਏ। ਔਰੰਗਜ਼ੇਬ ਦੀ ਕੱਟੜ ਨੀਤੀ ਦੇ ਸਤਾਏ ਹੋਏ ਕਸ਼ਮੀਰੀ ਪੰਡਿਤ ਗੁਰੂ ਪਿਤਾ ਦੇ ਦਰਬਾਰ ਵਿਚ ਆਪਣੇ ਤਿਲਕ-ਜੰਞੂ ਦੀ ਰਾਖੀ ਦੀ ਪੁਕਾਰ ਲੈ ਕੇ ਆਏ। ਉਨ੍ਹਾਂ ਦੇ ਮੁਰਝਾਏ ਚਿਹਰੇ ਤੇ ਅੱਖਾਂ ਵਿਚ ਹੰਝੂਆਂ ਨੂੰ ਦੇਖ ਕੇ ਦਯਾ-ਧਰਮ-ਪਰਉਪਕਾਰ ਦੇ ਮੁਜਸਮੇ ਬਾਲ ਸ੍ਰੀ ਗੋਬਿੰਦ ਰਾਇ ਜੀ ਨੇ 9 ਸਾਲ ਦੀ ਉਮਰ ਵਿਚ ਯਤੀਮ ਹੋਣਾ ਖਿੜੇ ਮੱਥੇ ਕਬੂਲ ਕੀਤਾ। ਗੁਰੂ ਪਿਤਾ ਜੀ ਨੂੰ ਤਿਲਕ-ਜੰਞੂ ਦੀ ਰਾਖੀ ਲਈ ਸ਼ਹਾਦਤ ਦੇਣ ਵਾਸਤੇ ਬੁਲੰਦ ਹੌਸਲੇ ਨਾਲ ਦਿਲੀ ਤੋਰ ਦਿਤਾ। ਜਿਸ ਬਾਰੇ ਆਪ ਜੀ ਨੇ ਫੁਰਮਾਨ ਕੀਤਾ ਹੈ।

*ਤਿਲਕ ਜੰਞੂ ਰਾਖਾ ਪ੍ਰਭ ਤਾਂਕਾ॥*
*ਕੀਨੋ ਬਡੋ ਕਲੂ ਮਹਿ ਸਾਕਾ॥*
*ਧਰਮ ਹੇਤ ਸਾਕਾ ਜਿਨਿ ਕੀਆ॥*
*ਸੀਸੁ ਦੀਆ ਪਰੁ ਸਿਰਰੁ ਨ ਦੀਆ॥* *(ਸ੍ਰੀ ਦਸਮ ਗ੍ਰੰਥ)*

ਮਾਤਾ ਨਾਨਕੀ ਜੀ ਦਾ ਧੰਨ ਜਿਗਰਾ ਹੈ, ਜਿਨ੍ਹਾਂ ਨੇ ਬਿਰਧ ਅਵਸਥਾ ਵਿਚ ਲਾਡਲੇ ਪੁੱਤਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦੇਸ਼, ਧਰਮ ਤੇ ਕੌਮ ਦੇ ਭਲੇ ਹਿਤ ਆਪਣੇ ਹੱਥੀਂ ਸਦਾ ਵਾਸਤੇ ਅੱਖਾਂ ਤੋਂ ਓਹਲੇ ਕਰਕੇ ਮਾਨਵਤਾ ਤੇ ਮਹਾਨ ਪਰਉਪਕਾਰ ਕੀਤਾ। ਸ਼ਹਾਦਤ ਉਪਰੰਤ ਜਦੋਂ ਭਾਈ ਜੈਤਾ ਜੀ ਸੀਸ ਲੈ ਕੇ ਕੀਰਤਪੁਰ ਪਹੁੰਚੇ ਤਾਂ ਬਾਲ ਗੋਬਿੰਦ ਜੀ, ਸੰਗਤਾਂ ਸਮੇਤ ਅਗਵਾਈ ਕਰਦੇ, ਸ਼ਬਦ ਕੀਰਤਨ ਕਰਦੇ ਹੋਏ ਅਨੰਦਪੁਰ ਸਾਹਿਬ ਲੈ ਕੇ ਗਏ। ਜਿਥੇ ਹੁਣ ਗੁਰਦੁਆਰਾ ਸੀਸ ਗੰਜ ਸਾਹਿਬ ਸ਼ਸ਼ੋਭਿਤ ਹੈ, ਉਥੇ ਗੁਰੂ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ। ਗੁਰੂ ਦੇ ਵਿਛੋੜੇ ਵਿਚ ਵੈਰਾਗ ਕਰ ਰਹੀਆਂ ਸੰਗਤਾਂ ਨੂੰ ਵਰਜ ਕੇ ਮਾਤਾ ਨਾਨਕੀ ਜੀ ਨੇ ਧੀਰਜ ਤੇ ਹੌਂਸਲਾ ਦਿਤਾ, ਭਾਣੇ ਵਿਚ ਰਹਿ ਕੇ, ਗੁਰਬਾਣੀ ਪੜ੍ਹਨ ਲਈ ਉਪਦੇਸ਼ ਦਿੰਦੇ ਰਹੇ।

ਜਿਸ ਵੇਲੇ ਸੰਗਤਾਂ ਦੇ ਮਹਾਨ ਇਕੱਠ ਵਿਚ ਬਾਲ ਗੋਬਿੰਦ ਰਾਇ ਜੀ ਨੂੰ ਗੁਰਗੱਦੀ ਉਤੇ ਸ਼ਸ਼ੋਭਿਤ ਕੀਤਾ ਗਿਆ ਤਾਂ ਉਸ ਵੇਲੇ ਪੋਤਰੇ ਦੀ ਸ਼ਾਨ ਨੂੰ ਦੇਖ ਕੇ ਮਾਤਾ ਨਾਨਕੀ ਜੀ ਬਹੁਤ ਅਨੰਦਿਤ ਹੋਏ ਜਦੋਂ ਉਨ੍ਹਾਂ ਨੇ ਆ ਕੇ ਆਪ ਜੀ ਤੋਂ ਅਸ਼ੀਰਵਾਦ ਲਿਆ। ਉਸ ਵੇਲੇ ਆਪ ਜੀ ਨੂੰ ਪਤੀ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਭਵਿਖਤ ਬਚਨ ਚੇਤੇ ਆ ਗਏ ਕਿ ਪੋਤਰਾ ਬਹੁਤ ਪ੍ਰਤਾਪ ਵਾਲਾ ਯੋਧਾ ਹੋਵੇਗਾ ਜੋ ਪਾਪੀ ਦੁਸ਼ਮਨਾਂ ਦਾ ਨਾਸ਼ ਕਰੇਗਾ।

*ਪ੍ਰਥਮ ਨਾਨਕੀ ਕੋ ਕਰਿ ਨਮੋਂ।*
*ਪਿਖਿ ਪੋਤ੍ਰੇ ਕੀ ਛਬਿ ਤਹਿ ਸਮੋਂ।*
*ਅਤਿ ਅਨੰਦ ਮਯ ਹਿਰਦੈ ਹੋਈ।*
*ਚਿੰਤਾ ਸੰਕਟ ਮਨ ਤੇ ਖੋਈ।*
*ਚਿਤਵਤਿ ਭਈ ਬਾਕ ਬਰ ਪਤਿ ਕੇ।*
*ਭਾਖੇ ਚਿਰੰਕਾਲ ਭਾ ਹਿਤ ਕੇ।*
*ਪੋਤ੍ਰ ਹੋਇ ਬਿਸਾਲ ਪ੍ਰਤਾਪੀ।*
*ਪਾਪੀ ਨਰਨ ਕਲਾਪਨ ਖਾਪੀ।*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

ਮਾਤਾ ਨਾਨਕੀ ਜੀ ਨੇ ਸਿੱਖੀ ਦੇ ਮਹਾਨ ਸੰਘਰਸ਼ ਵਿਚ ਵਿਚਰਦਿਆਂ ਹੋਇਆਂ ਪ੍ਰਵਾਰਿਕ ਜ਼ੁੰਮੇਵਾਰੀਆਂ ਨੂੰ ਬੜੇ ਸੁਚੱਜੇ ਢੰਗ ਨਾਲ ਨਿਭਾਇਆ। ਸਿੱਖੀ ਦੇ ਅਮੋਲਕ ਸਿਧਾਂਤਾਂ ਨੂੰ ਪ੍ਰਸਾਰਨ ਤੇ ਪ੍ਰਚੰਡ ਕਰਨ ਹਿਤ ਬਹੁਮੁਲਾ ਯੋਗਦਾਨ ਪਾਇਆ। ਪੋਤਰੇ ਦੀ ਪ੍ਰਤਿਭਾ ਨੂੰ ਘੜਨ ਤੇ ਸਵਾਰਨ ਵਿਚ ਵੀ ਦਾਦੀ ਮਾਂ ਦਾ ਪੂਰਨ ਫਰਜ਼ ਨਿਭਾਇਆ। ਆਪਣੇ ਸਵੈ ਧਰਮ ਵਿਚ ਪ੍ਰਪੱਕ ਰਹਿੰਦਿਆਂ ਹੋਇਆਂ, ਦੇਸ਼ ਤੇ ਧਰਮ ਦੀ ਰੱਖਿਆ ਨਿਡਰਤਾ ਨਾਲ ਕਰਨ ਲਈ, ਮਾਤਾ ਜੀ ਆਪਣੇ ਪੁੱਤਰ, ਪੋਤਰੇ ਤੇ ਸਿੱਖਾਂ ਸੰਗਤਾਂ ਨੂੰ ਪ੍ਰੇਰਨਾ ਦਿੰਦੇ ਰਹੇ। ਮਾਤਾ ਨਾਨਕੀ ਜੀ ਦਾ ਆਦਸ਼ਰਕ ਜੀਵਨ ਸਾਰੇ ਸੰਸਾਰ ਤੇ ਸਿੱਖ ਕੌਮ ਲਈ ਮਹਾਨ ਪਰਉਪਕਾਰੀ ਤੇ ਪ੍ਰੇਰਨਾ ਦਾ ਸਰੋਤ ਹੈ।

ਮਾਤਾ ਨਾਨਕੀ ਜੀ ਨੂੰ ਗੁਰੂ ਨੂੰਹ, ਗੁਰੂ ਪਤਨੀ, ਗੁਰੂ ਮਾਤਾ, ਗੁਰੂ ਦਾਦੀ ਹੋਣ ਦਾ ਮਾਣ ਤੇ ਜਸ ਪ੍ਰਾਪਤ ਹੈ। ਸੰਨ 1678 ਈ. ਵਿਚ ਆਪ ਜੀ ਤਕਰੀਬਨ 80 ਸਾਲ ਦੀ ਆਯੂ ਭੋਗ ਕੇ ਸਚਖੰਡ ਜਾ ਬਿਰਾਜੇ। ਆਪ ਜੀ ਦੀ ਮਹਾਨ ਸ਼ਖਸ਼ੀਅਤ ਨੂੰ ਕੋਟਾਨ-ਕੋਟਿ ਪ੍ਰਨਾਮ ਤੇ ਚਰਨ ਬੰਦਨਾਂ ਹੈ।

'ਚਲਦਾ........।'

# ਨਾਮ-ਜਪ-ਸਿਮਰਨ:ਕਿਉਂ ਤੇ ਕਿਵੇਂ?

*ਡਾ. ਜਗਜੀਤ ਸਿੰਘ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-50)*

## ਸਿਮਰਨ ਕਿੰਨਾ ਸਮਾਂ ਕਰਨਾ ਚਾਹੀਦਾ ਹੈ?

ਬੜਾ ਉਚਿਤ ਪ੍ਰਸ਼ਨ ਹੈ। ਅੱਜ ਸੰਸਾਰ ਨੂੰ ਏਨੀ ਭਾਜੜ ਪਈ ਹੋਈ ਹੈ ਕਿ ਮਰਨ ਦੀ ਵਿਹਲ ਨਹੀਂ। ਨਾਮ-ਸਿਮਰਨ ਬਾਰੇ ਵਿਹਲ ਕਿਥੋਂ? ਹੋਰ ਸਭ ਕੁਝ ਹੈ ਪਰ ਸਮਾਂ ਨਹੀਂ। ਜਿਵੇਂ-ਜਿਵੇਂ ਸਭਿਅਤਾ ਵਿਕਾਸ ਕਰਦੀ ਹੈ, ਰੁਝੇਵੇਂ ਵਧਦੇ ਜਾਂਦੇ ਹਨ, ਲੋੜਾਂ ਬੇਸ਼ੁਮਾਰ ਹੋ ਰਹੀਆਂ ਹਨ, ਕਦੇ ਪੂਰੀਆਂ ਨਹੀਂ ਹੁੰਦੀਆਂ। ਭਾਜੜਾਂ ਪਈਆਂ ਰਹਿੰਦੀਆਂ ਹਨ, ਪਰ ਕੰਮ ਨਹੀਂ ਨਿਬੜਦੇ। ਮਨੁੱਖ ਕਰੇ ਵੀ ਤਾਂ ਕੀ ਕਰੇ। ਇਨ੍ਹਾਂ ਰੁਝੇਵਿਆਂ ਅਤੇ ਭਾਜੜਾਂ ਨੇ ਮਨੁੱਖ ਦਾ ਮਾਨਸਿਕ ਸੰਤੁਲਨ ਹੀ ਵਿਗਾੜ ਦਿਤਾ ਹੈ। ਚਿੰਤਾ-ਗ੍ਰਸਤ, ਫਿਕਰਾਂ ਦਾ ਮਾਰਿਆ ਮਨੁੱਖ ਨੱਠਿਆ ਫਿਰਦਾ ਹੈ ਅਤੇ ਹਾਰ-ਹੰਭ ਕੇ ਕਦੇ ਬਲੱਡ ਪ੍ਰੈਸ਼ਰ, ਕਦੇ ਮਾਨਸਿਕ ਤਣਾਓ, ਕਦੇ ਦਿਲ ਦੇ ਦੌਰੇ ਦਾ ਮਰੀਜ਼ ਬਣ ਜਾਂਦਾ ਹੈ। ਫਿਰ ਕਿਤੇ ਜਾ ਕੇ ਹੋਸ਼ ਟਿਕਾਣੇ ਆਉਂਦੀ ਹੈ ਕਿ ਉਹ ਕਿਥੋਂ ਚਲਿਆ ਸੀ, ਤੇ ਕਿੱਥੇ ਪੁੱਜ ਗਿਆ ਹੈ। ਇਕ ਵਾਰੀ ਬਿਸਤਰ ਫੜ ਲਿਆ, ਫਿਰ ਸਮਾਂ ਹੀ ਸਮਾਂ ਹੈ। ਫਿਰ ਕਿਉਂ ਨਾ ਪਹਿਲਾਂ ਹੀ ਗੁਰੂ ਦੀ ਸ਼ਰਨ ਵਿਚ ਰਹਿ ਕੇ ਨਾਮ-ਸਿਮਰਨ ਰਾਹੀਂ ਸਹਿਜ ਮਈ, ਸੁਖ-ਅਨੰਦ ਵਾਲਾ ਜੀਵਨ ਜੀਵੀਏ, ਜਿਥੇ ਨਾ ਵਿਕਾਰ ਹਨ, ਨਾ ਝਗੜੇ। ਨਾ ਭਾਜੜ ਹੈ, ਨਾ ਖੋਹਾ-ਖੋਹੀ। ਨਾ ਬੀਮਾਰੀ ਹੈ, ਨਾ ਦੁਖ, ਨਾ ਚਿੰਤਾ। ਇਹ ਬੇਗਮਪੁਰਾ ਹੈ।

ਪ੍ਰਸ਼ਨ ਸੀ ਸਿਮਰਨ ਕਿੰਨਾ ਚਿਰ ਕਰੀਏ? ਭਾਈ! ਸਿਮਰਨ ਉਨੇ ਚਿਰ ਲਈ ਕਰੋ, ਜਿੰਨੇ ਚਿਰ ਲਈ ਤੁਹਾਨੂੰ ਸੁਖ ਚਾਹੀਦਾ ਹੈ। ਜੇ ਸਾਨੂੰ ਇਕ ਘੰਟੇ ਦਾ ਸੁਖ ਚਾਹੀਦਾ ਹੈ ਤਾਂ 24 ਘੰਟਿਆਂ ਵਿਚੋਂ ਇਕ ਘੰਟਾ ਹੀ ਕਾਫੀ ਹੈ ਪਰ ਜੇ ਸਾਡੀ ਇੱਛਾ ਹੈ ਕਿ ਵੱਧ ਤੋਂ ਵੱਧ ਸੁਖ ਅਨੰਦ ਮਾਣੀਏ, ਤਾਂ ਵੱਧ ਤੋਂ ਵੱਧ ਸਮਾਂ ਸਿਮਰਨ ਕਰੀਏ। ਇਸ ਦਾ ਇਹ ਭਾਵ ਨਹੀਂ ਕਿ ਕੰਮ ਕਾਰ ਰੋਜ਼ਗਾਰ ਛੱਡ ਦੇਈਏ, ਸਗੋਂ ਐਸੀ ਦ੍ਰਿਸ਼ਟੀ ਬਣਾ ਲਈਏ ਕਿ ਹੱਥ ਕਾਰ ਵਲ ਤੇ ਮਨ ਕਰਤਾਰ ਵਲ ਰਵੇ। ਗੁਰੂ ਜੀ ਦੇ ਹੁਕਮ ਹੀ ਐਸੇ ਹਨ। ਗੁਰੂ ਜੀ ਕਹਿੰਦੇ ਹਨ ਕਿ ਚਲਦਿਆਂ, ਬੈਠਦਿਆਂ, ਸੁਤਿਆਂ, ਜਾਗਦਿਆਂ ਹਰ ਸਮੇਂ ਵਾਹਿਗੁਰੂ ਗੁਰਮੰਤਰ ਦਾ ਜਾਪ ਕਰ -

*ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰੁ ਰਿਦੈ ਚਿਤਾਰਿ ॥ ਚਰਣ ਸਰਣ ਭਜੁ ਸੰਗਿ ਸਾਧੂ ਭਵ ਸਾਗਰ ਉਤਰਹਿ ਪਾਰਿ ॥ ੧ ॥ ਮੇਰੇ ਮਨ ਨਾਮੁ ਹਿਰਦੈ ਧਾਰਿ ॥ ਕਰਿ ਪ੍ਰੀਤਿ ਮਨੁ ਤਨੁ ਲਾਇ ਹਰਿ ਸਿਉ ਅਵਰ ਸਗਲ ਵਿਸਾਰਿ ॥ ੧ ॥ ਰਹਾਉ ॥ ਜੀਉ ਮਨੁ ਤਨੁ ਪ੍ਰਾਣ ਪ੍ਰਭ ਕੇ ਤੂ ਆਪਨ ਆਪੁ ਨਿਵਾਰਿ ॥ ਗੋਵਿਦ ਭਜੁ ਸਭਿ ਸੁਆਰਥ ਪੂਰੇ ਨਾਨਕ ਕਬਹੁ ਨ ਹਾਰਿ ॥ ਅੰਗ - ੧੦੦੬*

ਉਠਦਿਆਂ, ਬੈਠਦਿਆਂ, ਸਉਂਦਿਆਂ, ਮਾਰਗ ਚਲਦਿਆਂ, ਨਾਮ-ਸਿਮਰਨ ਕਰਦੇ ਰਹੀਏ ਅਤੇ ਪ੍ਰਮਾਤਮ ਗੁਣਾ ਨੂੰ ਗਾਈਏ ਤੇ ਸੁਣੀਏ। ਇਸ ਤਰ੍ਹਾਂ ਕਰਦਿਆਂ ਮਨ ਵਿਚ ਅਨੰਦ ਆਵੇਗਾ ਤੇ ਸਭ ਦੁਖ ਰੋਗ ਨੱਠ ਜਾਣਗੇ। ਆਪਣੇ ਕੰਮ-ਕਾਰ ਦੇ ਸਥਾਨ ਦੇ ਰਸਤੇ ਵਿਚ, ਦਿਨ ਰਾਤ, ਅੱਠੇ ਪਹਿਰ ਉਸ ਨੂੰ ਯਾਦ ਰੱਖੀਏ। ਅਜਿਹੀ ਅਵਸਥਾ ਸਾਡਾ ਨਿਸ਼ਾਨਾ ਹੋਵੇ। ਸਵਾਸਾਂ ਰਾਹੀਂ ਸਿਮਰਨ ਕਰਨ ਨਾਲ ਐਸਾ ਸੰਭਵ ਹੈ ਅਤੇ ਸੌਖਾ ਵੀ। ਆਪਣੇ ਅੰਦਰ ਬਾਹਰ ਜਾਂਦੇ ਸਾਹ ਨੂੰ ਵੇਖੋ। ਸਾਹ ਹਰ ਵਕਤ ਅੰਦਰ ਜਾ ਰਿਹਾ ਹੈ, ਬਾਹਰ ਜਾਣ ਵਿਚ 5-6 ਸਕਿੰਟ ਲਗਦੇ ਹਨ। ਸਾਹ ਅੰਦਰ ਜਾਵੇ, 'ਵਾਹਿ' ਕਹੋ, ਸਾਹ ਬਾਹਰ ਆਵੇ, 'ਗੁਰੂ' ਕਹੋ, ਅੰਦਰ-ਬਾਹਰ, ਵਾਹਿ-ਗੁਰੂ। ਅਭਿਆਸ ਕਰਕੇ ਵੇਖੋ, ਕਿੰਨਾ ਆਸਾਨ ਹੈ। ਆਪੇ ਹੀ, ਸਹਿਜੇ ਹੀ ਸਿਮਰਨ ਹੁੰਦਾ ਰਹੇਗਾ। ਜਿਵੇਂ ਗੱਡੀ ਚੜ੍ਹਨਾ ਹੋਵੇ, ਤਿਆਰੀ ਵਿਚ ਤਾਂ ਜ਼ੋਰ ਲਗਦਾ ਹੈ, ਅਟੈਚੀ ਟਰੰਕ, ਰਕਸ਼ਾ, ਗੱਡੀ, ਕਾਰ, ਰੇਲ ਟਿਕਟ। ਜਦ ਇਕ ਵਾਰੀ ਰੇਲ ਵਿਚ ਬੈਠ ਗਏ, ਫੇਰ ਜ਼ੋਰ ਅਸੀਂ ਨਹੀਂ ਲਾਂਦੇ, ਇੰਜਨ ਲਗਾਂਦਾ ਹੈ, ਗੱਡੀ ਜਿਵੇਂ ਆਪੇ ਹੀ ਚਲ ਰਹੀ ਹੈ, ਸਫਰ ਆਪੇ ਹੀ ਸਹਿਜੇ ਹੋ ਰਿਹਾ ਹੈ। ਇਵੇਂ ਹੀ ਇਕ ਵਾਰੀ ਵਾਹਿਗੁਰੂ ਗੁਰਮੰਤਰ ਨੂੰ ਸਵਾਸਾਂ ਤੇ ਚੜ੍ਹਾ ਦਿਉ, ਫਿਰ ਉਠਦਿਆਂ, ਬੈਠਦਿਆਂ, ਮਾਰਗ ਚਲਦਿਆਂ ਸਿਮਰਨ ਆਪੇ ਹੀ ਹੁੰਦਾ ਰਹਿੰਦਾ ਹੈ-

*ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥ ੧ ॥ ਸ੍ਰਵਨ ਸੁਨੀਜੈ ਅੰਮ੍ਰਿਤ ਕਥਾ ॥ ਜਾਸੁ ਸੁਨੀ ਮਨਿ ਹੋਇ ਅਨੰਦਾ ਦੂਖ ਰੋਗ ਮਨ ਸਗਲੇ ਲਥਾ ॥ ੧ ॥ ਰਹਾਉ ॥ ਕਾਰਜਿ ਕਾਮਿ ਬਾਟ ਘਾਟ ਜਪੀਜੈ ॥ ਗੁਰ ਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ ॥ ੨ ॥ ਦਿਨਸੁ ਰੈਨਿ ਹਰਿ ਕੀਰਤਨੁ ਗਾਈਐ ॥ ਸੋ ਜਨੁ ਜਮ ਕੀ ਵਾਟ ਨ ਪਾਈਐ ॥ ੩ ॥ ਆਠ ਪਹਰ ਜਿਸੁ ਵਿਸਰਹਿ ਨਾਹੀ ॥ ਗਤਿ ਹੋਵੈ ਨਾਨਕ ਤਿਸੁ ਲਗਿ ਪਾਈ ॥ ਅੰਗ - ੩੮੬*

ਸਿਮਰਨ ਕਿੰਨਾ ਚਿਰ ਕਰਨਾ ਹੈ? ਨਿਮਨ ਸ਼ਬਦ ਇਸ ਦਾ ਸਪਸ਼ਟ ਉੱਤਰ ਪ੍ਰਾਪਤ ਹੈ -

*ਅੰਤਰਿ ਗਾਵਉ ਬਾਹਰਿ ਗਾਵਉ ਗਾਵਉ ਜਾਗਿ ਸਵਾਰੀ ॥*
*ਸੰਗਿ ਚਲਨ ਕਉ ਤੋਸਾ ਦੀਨ੍ਾ ਗੋਬਿੰਦ ਨਾਮ ਕੇ ਬਿਉਹਾਰੀ ॥*
*ਅਵਰ ਬਿਸਾਰੀ ਬਿਸਾਰੀ ॥*
*ਨਾਮ ਦਾਨੁ ਗੁਰਿ ਪੂਰੈ ਦੀਓ ਮੈ ਏਹੋ ਆਧਾਰੀ ॥੧॥ਰਹਾਉ ॥*
*ਦੂਖਨਿ ਗਾਵਉ ਸੁਖਿ ਭੀ ਗਾਵਉ ਮਾਰਗਿ ਪੰਥਿ ਸਮ੍ਾਰੀ ॥*
*ਨਾਮ ਦ੍ਰਿੜੁ ਗੁਰਿ ਮਨ ਮਹਿ ਦੀਆ ਮੋਰੀ ਤਿਸਾ ਬੁਝਾਰੀ ॥*
*ਦਿਨੁ ਭੀ ਗਾਵਉ ਰੈਨੀ ਗਾਵਉ*
*ਗਾਵਉ ਸਾਸਿ ਸਾਸਿ ਰਸਨਾਰੀ ॥*
*ਸਤਸੰਗਤਿ ਮਹਿ ਬਿਸਾਸੁ ਹੋਇ*
*ਹਰਿ ਜੀਵਤ ਮਰਤ ਸੰਗਾਰੀ ॥ ੩ ॥*

*ਜਨ ਨਾਨਕ ਕਉ ਇਹੁ ਦਾਨੁ ਦੇਹੁ*
*ਪ੍ਰਭ ਪਾਵਉ ਸੰਤ ਰੇਨ ਉਰਿ ਧਾਰੀ ॥*
*ਸ੍ਰਵਨੀ ਕਥਾ ਨੈਨ ਦਰਸੁ ਪੇਖਉ ਮਸਤਕੁ ਗੁਰ ਚਰਨਾਰੀ ॥*
*ਅੰਗ - ੪੦੧*

ਗੁਰੂ ਦੀ ਸ਼ਰਨ ਵਿਚ ਰਹਿ ਕੇ, ਗੁਰੂ ਨੂੰ ਅੰਗ ਸੰਗ ਮੰਨ ਕੇ ਅੱਠੇ ਪਹਿਰ ਨਾਮ ਧਿਆਉਣਾ ਹੈ ਪਰ ਸਭ ਤੋਂ ਸ੍ਰੇਸ਼ਠ ਸਮਾਂ ਅੰਮ੍ਰਿਤ-ਵੇਲਾ ਹੈ -

*ਅੰਮ੍ਰਿਤੁ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ ਅੰਗ- ੪*

ਪੰਜਵੇਂ ਸਤਿਗੁਰੂ ਦਾ ਫੁਰਮਾਨ ਹੈ -

*ਪ੍ਰਾਤਹਕਲਿ ਹਰਿ ਨਾਮੁ ਉਚਾਰੀ ॥*
*ਈਤ ਊਤ ਕੀ ਓਟ ਸਵਾਰੀ ॥ ੧ ॥*
*ਸਦਾ ਸਦਾ ਜਪੀਐ ਹਰਿ ਨਾਮ ॥*
*ਪੂਰਨ ਹੋਵਹਿ ਮਨ ਕੇ ਕਾਮ ॥ ਅੰਗ- ੭੪੩*

*ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥*
*ਕਾਹ੍ਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥*
*ਅੰਗ- ੨੫੫*

ਇਸ ਤਰ੍ਹਾਂ ਜਿਸ ਮਨੁੱਖ ਦੀ ਸੁਰਤਿ ਅੱਠੇ ਪਹਿਰ ਸਿਮਰਨ ਵਿਚ ਜੁੜੀ ਰਹਿੰਦੀ ਹੈ, ਉਸ ਦਾ ਜੀਵਨ ਸਫਲ ਹੋ ਜਾਂਦਾ ਹੈ। ਸੰਸਾਰ ਯਾਤਰਾ ਸਮੇਂ ਉਸ ਦਾ ਖਾਣਾ, ਪਹਿਨਣਾ, ਘਰ, ਮੰਦਰ, ਸਵਾਰੀ, ਕਰਮ ਧਰਮ ਸਭ ਪਵਿੱਤਰ ਹੀ ਹੁੰਦੇ ਹਨ ਕਿਉਂਕਿ ਉਸ ਦੀ ਸਾਰੀ ਕਿਰਿਆ ਪਰਉਪਕਾਰੀ ਦ੍ਰਿਸ਼ਟੀ ਨਾਲ ਹੁੰਦੀ ਹੈ -

*ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ*
*ਜੋ ਨਾਮਿ ਹਰਿ ਰਾਤੇ ॥*
*ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ*
*ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥*
*ਅੰਗ- ੬੪੮*

## ਫਿਰ ਸਿਮਰਨ ਕਿਉਂ ਨਾ ਕਰੀਏ?

ਜਦ ਕਿ ਨਾਮ-ਸਿਮਰਨ ਨੇ ਹੀ ਸਾਡੇ ਸਾਰੇ ਦੁਖ, ਕਲੇਸ਼, ਰੋਗ, ਵਿਕਾਰ ਦੂਰ ਕਰਨੇ ਹਨ; ਜਦੋਂ ਕਿ ਨਾਮ-ਸਿਮਰਨ ਨੇ ਹੀ ਸਾਨੂੰ ਸੁਖ, ਸਹਿਜ, ਅਨੰਦ, ਸਦਾ-ਵਿਗਾਸ ਬਖਸ਼ਿਸ਼ ਕਰਨਾ ਹੈ ਅਤੇ ਨਾਮ-ਸਿਮਰਨ ਨੇ ਵਾਹਿਗੁਰੂ ਦਰਸ਼ਨ ਦੀਦਾਰ ਬਖਸ਼ਿਸ਼ ਕਰਨੇ ਹਨ, ਜਿਸ ਦਾ ਅਦਭੁੱਤ ਨਜ਼ਾਰਾ ਸ੍ਰੀ ਗੁਰੂ ਅਰਜਨ ਦੇਵ ਜੀ ਸਾਡੀ ਦ੍ਰਿਸ਼ਟੀਗੋਚਰ ਕਰਦੇ ਹਨ -

*ਸਤਿਗੁਰ ਸਬਦਿ ਉਜਾਰੋ ਦੀਪਾ ॥*
*ਬਿਨਸਿਓ ਅੰਧਕਾਰ ਤਿਹ ਮੰਦਰਿ*
*ਰਤਨ ਕੋਠੜੀ ਖੁਲ੍ਹੀ ਅਨੂਪਾ ॥ ੧ ॥ ਰਹਾਉ ॥*
*ਬਿਸਮਨ ਬਿਸਮ ਭਏ ਜਉ ਪੇਖਿਓ*
*ਕਹਨੁ ਨ ਜਾਇ ਵਡਿਆਈ ॥*
*ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ ॥ ੧ ॥*
*ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ ॥*
*ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ ॥ ੨ ॥*
*ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥*
*ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥ ੩ ॥*
*ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ ॥*
*ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ ॥*
*ਅੰਗ - ੮੨੧*

ਅਰਥਾਤ ਜਿਸ ਮਨ ਮੰਦਰ ਵਿਚ ਗੁਰੂ ਦੇ ਸ਼ਬਦ-ਦੀਪਕ, ਨਾਮ-ਸਿਮਰਨ ਦਾ ਚਾਨਣ ਪ੍ਰਵੇਸ਼ ਕਰਦਾ ਹੈ, ਉਸ ਮਨ ਮੰਦਰ ਵਿਚ ਆਤਮ-ਗੁਣਾਂ ਦੇ ਰਤਨਾ ਦੀ ਬੜੀ ਸੁੰਦਰ ਕੋਠੜੀ ਖੁਲ੍ਹ ਜਾਂਦੀ ਹੈ ਜਿਸ ਦੀ ਬਰਕਤ ਨਾਲ ਨੀਵੇਂ ਜੀਵਨ ਦਾ ਉਥੋਂ ਨਾਸ ਹੋ ਜਾਂਦਾ ਹੈ।

ਗੁਰ-ਸ਼ਬਦ-ਨਾਮ-ਨਿਧਾਨ ਦੇ ਚਾਨਣ ਵਿਚ ਜਦੋਂ ਅੰਦਰ ਵਸਦੇ ਪ੍ਰਭੂ ਦੇ ਦਰਸ਼ਨ-ਦੀਦਾਰੇ ਹੁੰਦੇ ਹਨ, ਤਦੋਂ ਮੇਰ-ਤੇਰ ਵਾਲੀਆਂ ਸਭੇ ਸੁਧਾਂ ਭੁੱਲ ਜਾਂਦੀਆਂ ਹਨ ਪਰ ਉਸ ਅਵਸਥਾ ਦੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ। ਜਿਵੇਂ ਤਾਣੇ ਪੇਟੇ ਦੇ ਧਾਗੇ ਆਪੋ ਵਿਚ ਮਿਲੇ ਹੁੰਦੇ ਹਨ, ਤਿਵੇਂ ਉਸ ਪ੍ਰਭੂ ਵਿਚ ਹੀ ਸੁਰਤਿ ਡੁੱਬ ਜਾਂਦੀ ਹੈ, ਉਸ ਪ੍ਰਭੂ ਦੇ ਚਰਨਾਂ ਨਾਲ ਹੀ ਮਸਤ ਹੋ ਜਾਈਦਾ ਹੈ, ਉਸ ਦੇ ਚਰਨਾਂ ਨਾਲ ਹੀ ਚੰਬੜ ਜਾਈਦਾ ਹੈ।

ਹੇ ਭਾਈ! ਗੁਰੂ ਦੇ ਸ਼ਬਦ-ਨਾਮ-ਸਿਮਰਨ ਦੀਪਕ ਨਾਲ ਜਦੋਂ ਮਨ ਮੰਦਰ ਵਿਚ ਚਾਨਣ ਹੁੰਦਾ ਹੈ, ਤਦੋਂ ਉਸ ਅਵਸਥਾ ਵਿਚ ਗ੍ਰਿਹਸਤ ਦੇ ਮੋਹ ਦੇ ਜਾਲ ਅਤੇ ਝੰਬੇਲੇ ਮਹਿਸੂਸ ਹੀ ਨਹੀਂ ਹੁੰਦੇ, ਅੰਦਰ ਕਿਤੇ ਰਤਾ ਭਰ ਵੀ ਮੈਂ-ਮੈਂ, ਮੇਰੀ ਤੇਰੀ ਕਰਨ ਵਾਲੀ ਬੁੱਧੀ ਨਹੀਂ ਰਹਿ ਜਾਂਦੀ। ਤਦੋਂ ਮਨ-ਮੰਦਰ ਵਿਚ ਉਹ ਮਹਾਨ ਉੱਚਾ ਪ੍ਰਮਾਤਮਾ ਹੀ ਵਸਦਾ ਦਿਸਦਾ ਹੈ, ਉਸ ਨਾਲੋਂ ਕੋਈ ਪਰਦਾ ਤਣਿਆ ਨਹੀਂ ਰਹਿ ਜਾਂਦਾ। ਪ੍ਰਭੂ ਮੇਰਾ ਅਤੇ ਮੈਂ ਉਸਦਾ ਵਾਲੀ ਅਵਸਥਾ ਬਣ ਜਾਂਦੀ ਹੈ।

ਗੁਰੂ ਦੇ ਸ਼ਬਦ-ਨਾਮ ਦੇ ਦੀਪਕ ਦਾ ਚਾਨਣ ਜਦੋਂ ਮਨ-ਮੰਦਰ ਵਿਚ ਆਤਮਕ-ਜੀਵਨ ਦਾ ਚਾਨਣ ਬਖਸ਼ਦਾ ਹੈ ਤਦੋਂ ਬਾਹਰ ਜਗਤ ਵਿਚ ਵੀ ਇਕੋ ਸਰਬ-ਵਿਆਪਕ ਬੇਅੰਤ ਪ੍ਰਮਾਤਮਾ ਆਪ ਹੀ ਆਪ ਪਸਰਿਆ ਦਿਸਦਾ ਹੈ। ਉਹ ਆਪ ਹੀ ਹਰ ਪਾਸੇ ਖਿਲਰਿਆ ਤੇ ਵਿਆਪਕ ਜਾਪਦਾ ਹੈ। ਉਹੀ ਜੀਵਾਂ ਦੀ ਜ਼ਿੰਦਗੀ ਦਾ ਆਸਰਾ ਦਿਸਦਾ ਹੈ।

ਹੇ ਨਾਨਕ! ਜਦੋਂ ਮਨ-ਮੰਦਰ ਵਿਚ ਗੁਰ-ਸ਼ਬਦ-ਨਾਮ-ਦੀਪਕ ਨਾਲ ਪ੍ਰਕਾਸ਼ ਹੁੰਦਾ ਹੈ, ਤਦੋਂ ਇਹ ਪ੍ਰਤੱਖ ਦਿਸ ਪੈਂਦਾ ਹੈ ਕਿ ਪ੍ਰਮਾਤਮਾ ਮਹਾਨ ਪਵਿੱਤਰ ਹੈ, ਮਹਾਨ ਸੁੱਚਾ ਹੈ। ਉਸ ਦਾ ਕਦੇ ਅੰਤ ਨਹੀਂ ਪੈ ਸਕਦਾ। ਉਹ ਸਦਾ ਹੀ ਬੇਅੰਤ ਹੈ ਅਤੇ ਉਚਿਆ ਤੋਂ ਉੱਚਾ ਹੈ। ਉਸ ਵਰਗਾ ਹੋਰ ਕੋਈ ਨਹੀਂ। ਆਉ, ਗੁਰੂ ਦੀ ਸ਼ਰਨ ਵਿਚ ਜਾਈਏ, ਤੇ ਸ਼ਬਦ ਦੀ ਲੋਅ ਵਿਚ ਨਾਮ-ਸਿਮਰਨ ਵਿਚ ਜੁੜ ਕੇ ਲੋਕ ਅਤੇ ਪਰਲੋਕ ਸੁਖੀ ਤੇ ਸੁਹੇਲਾ ਕਰੀਏ। ਸੁਰਖਰੂ ਹੋ ਕੇ ਉਜਲ ਮੁਖੀ ਹੋ ਕੇ ਗੁਰੂ ਦੇ ਦਰਬਾਰ ਵਿਚ ਜਾਈਏ -

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ਅੰਗ - ੮*

*'ਚਲਦਾ....।'*

# ਵਾਰਾਂ ਭਾਈ ਗੁਰਦਾਸ ਜੀ
## ਸਟੀਕ

*ਡਾ. ਭਾਈ ਵੀਰ ਸਿੰਘ*

ਵਾਰ ੩

### ੨੫. ਗੁਰਮੁਖ ਪੰਥੀ

**ਮੁਲਿ ਨਾ ਮਿਲੈ ਅਮੋਲੁ ਨ ਕੀਮਤਿ ਪਾਈਐ।**
**ਪਾਇ ਤਰਾਜੂ ਤੋਲੁ ਨ ਅਤੁਲੁ ਤੁਲਾਈਐ।**
**ਨਿਜ ਘਰਿ ਤੁਖਤੁ ਅਡੋਲੁ ਨ ਡੁਲੁ ਡੋਲਾਈਐ।**
**ਗੁਰਮੁਖਿ ਪੰਥ ਨਿਰੋਲੁ ਨ ਰਲੈ ਰਲਾਈਐ।**
**ਕਥਾ ਅਕਥ ਅਬੋਲ ਨ ਬੋਲ ਬੁਲਾਈਐ।**
**ਸਦਾ ਅਭੁਲੁ ਅਭੋਲੁ ਨ ਭੋਲਿ ਭੁਲਾਈਐ।**
**ਗੁਰਮੁਖਿ ਪੰਥੁ ਅਲੋਲੁ ਸਹਜਿ ਸਮਾਈਐ।**
**ਅਮਿਉ ਸਰੋਵਰ ਝੋਲੁ ਗੁਰਮੁਖਿ ਪਾਈਐ।**
**ਲਖ ਟੋਲੀ ਇਕੁ ਟੋਲੁ ਨ ਆਪੁ ਗਣਾਈਐ।**

ਪਦਾਰਥ - ਤਰਾਜੂ=ਤੱਕੜੀ। ਤੋਲੁ=ਵੱਟਾ। ਨਿਰੋਲੁ=ਸੁੱਧ। ਅਭੋਲੁ=ਗਲਤੀ ਰਹਿਤ, ਦਾਨਾ। ਅਲੋਲੁ=ਸਥਿਰ। ਝੋਲੁ=ਨਿਤਾਰਨਾ। ਟੋਲ=ਪਦਾਰਥ, ਗੱਲ।

ਅਰਥ - (ਗੁਰਮੁਖ ਪੰਥ) ਅਮੋਲਕ ਹੈ, ਮੁੱਲ ਨਹੀਂ ਮਿਲਦਾ, ਨਾ (ਇਸ ਦੀ) ਕੀਮਤ ਪੈਂਦੀ ਹੈ। ਤੱਕੜੀ ਵਿਚ ਵੱਟੇ ਪਾ ਕੇ ਨਾ ਤੋਲੀ ਜਾਣ ਵਾਲੀ ਵਸਤੂ ਤੁਲ ਨਹੀਂ ਸਕਦੀ। ਆਪਣੇ ਘਰ ਦੇ ਤਖਤ ਪਰ ਅਡੋਲ ਰਹਿ ਕੇ ਡੋਲਣੀ ਨਾਲ ਨਹੀਂ ਡੋਲਦਾ। ਗੁਰਮੁਖ ਪੰਥ ਨਿਰਮਲ ਹੈ (ਕਿਸੇ ਨਾਲ) ਰਲਾਓ ਤਾਂ ਰਲਦਾ ਨਹੀਂ ਹੈ। ਇਸ ਦੀ ਕਥਾ ਕਥੀ ਨਹੀਂ ਜਾਂਦੀ, ਨਾ ਬੋਲੀ ਜਾਂਦੀ ਹੈ, ਨਾ ਇਸ ਦਾ ਬੋਲ ਬੋਲਿਆ ਜਾਣਾ ਚਾਹੀਏ। (ਇਹ) ਸਦਾ ਭੁੱਲ ਤੋਂ ਰਹਿਤ ਹੈ, ਦਾਨਾ ਹੈ, ਕਿਸੇ ਗਲਤੀ ਵਿਚ ਨਹੀਂ ਭੁਲਦਾ। (ਇਹ) ਗੁਰਮੁਖ ਪੰਥ ਸਥਿਰ ਹੈ, (ਇਸ ਦੀ ਸੱਤਾ) ਸਹਿਜ ਪਦ ਵਿਚ ਹੈ। ਅੰਮ੍ਰਿਤ ਦੇ ਸਰੋਵਰ ਝੋਲ ਕੇ ਗੁਰਮੁਖ (ਇਹ ਸਹਿਜ ਦੀ ਦਾਤ) ਪਾਉਂਦੇ ਹਨ। (ਇਨ੍ਹਾਂ ਪਾਸ) ਲੱਖਾਂ ਪਦਾਰਥ ਦਾ ਇਕ ਪਦਾਰਥ (ਇਹ ਹੈ ਕਿ) ਆਪਾ ਨਹੀਂ ਗਣਾਉਂਦੇ।

### ੬. ਗੁਰਸਿੱਖੀ ਦਾ ਸੌਦਾ ਤੇ ਖੇਤੀ

**ਸਉਦਾ ਇਕਤੁ ਹਟਿ ਸਬਦਿ ਵਿਸਾਹੀਐ।**
**ਪੂਰਾ ਪੂਰੇ ਵਰਿ ਕਿ ਆਖਿ ਸਲਾਹੀਐ।**
**ਕਦੇ ਨ ਹੋਵੈ ਘਟਿ ਸਚੀ ਪਤਿਸਾਹੀਐ।**
**ਪੂਰੇ ਸਤਿਗੁਰ ਖਟਿ ਅਖੁਟੁ ਸਮਾਹੀਐ।**
**ਸਾਧ ਸੰਗਤਿ ਪਰਗਟਿ ਸਦਾ ਨਿਬਾਹੀਐ।**
**ਚਾਵਲ ਇਕਤੇ ਸਟਿ ਨ ਦੂਜੀ ਵਾਹੀਐ।**
**ਜਮ ਦੀ ਫਾਹੀ ਕਰਿ ਦਾਦਿ ਇਲਾਹੀਐ।**
**ਪੰਜੇ ਦੂਤ ਸੰਘਟਿ ਢੇਰੀ ਢਾਹੀਐ।**
**ਪਾਣੀ ਜਿਉਂ ਹਰਿਹਟਿ ਸੁ ਖੇਤ ਉਮਾਹੀਐ।**

ਪਦਾਰਥ - ਹਟਿ=ਦੁਕਾਨ, ਭਾਵ ਸਤਿਸੰਗ। ਅਖੁਟੁ=ਇਕ ਰਸ। ਸਟ=ਵੱਜਣਾਂ, ਭਾਵ ਵਾਰੀ। ਦਾਦਿ ਇਲਾਹੀ=ਰੱਬ ਦੀ ਦਾਤ। ਹਰਿਹਟਿ=ਹਰਟ ਟਿੰਡਾਂ ਵਾਲਾ।

ਅਰਥ - ਸ਼ਬਦ ਦੁਆਰਾ (ਨਾਮ ਦਾ) ਸਉਦਾ ਇਕ (ਸਤਸੰਗ ਦੀ) ਹੱਟ ਤੋਂ ਮਿਲਦਾ ਹੈ। ਪੂਰੇ (ਸੰਤਾਂ) ਦਾ (ਵਿਚਾਰ ਰੂਪ) ਵੱਟ ਪੂਰਾ ਹੈ, ਕੀ ਕਹਿ ਕੇ ਸਲਾਹੀਏ। ਕਦੇ ਬੀ ਘੱਟ ਨਹੀਂ ਹੋਊ (ਕਿਉਂਕਿ) ਸੱਚੇ ਦੀ ਪਾਤਸ਼ਾਹੀ ਦਾ ਹੈ। ਪੂਰੇ ਸਤਿਗੁਰ (ਨਾਲ ਜੋ ਮਿਲਕੇ) ਖੱਟਦੇ ਹਨ, ਓਹ ਨਾ ਮੁੱਕਣ ਵਾਲੇ (ਆਨੰਦ ਵਿਖੇ) ਸਮਾ ਜਾਂਦੇ ਹਨ। ਸਾਧ ਸੰਗਤ ਪ੍ਰਗਟ ਹੈ (ਇਸ ਨਾਲ)। ਸਦਾ ਨਿਰਬਾਹ ਕਰੀਏ। ਇੱਕੇ ਸੱਟ ਨਾਲ ਹੀ (ਕੋਰੇ) ਚਾਵਲ (ਚਿੱਟੇ ਕਰੋ)। ਦੂਜੀ ਸੱਟ ਨਾ ਵੱਜੇ। (ਭਾਵ ਇਹ ਕਿ ਇਸੇ ਵਿਚ ਜਿੱਤ ਲਓ ਦੂਜਾ ਜਨਮ ਨਾ ਹੋਵੇ।) ਰੱਬ ਦੀ ਦਾਤ ਪਾ ਕੇ ਜਮ

ਦੀ ਫਾਹੀ ਨੂੰ ਕੱਟ ਸਿੱਟੀਏ। ਪੰਜਾਂ ਹੀ ਦੂਤਾਂ ਨੂੰ ਘੇਰ ਕੇ (ਉਨ੍ਹਾਂ ਦੀ) ਢੇਰੀ ਢਾਹ ਦੇਈਏ। ਹਰਟ ਦੇ ਪਾਣੀ ਵਾਂਙ (ਸੁਰਤ ਦੇ) ਖੇਤ ਨੂੰ ਹਰਾ ਰਖੀਏ (ਭਾਵ ਸੁਖ ਵਿਚ ਚਾਉ ਭਰੇ ਰਹੀਏ।)

ਭਾਵ - ਸਾਧ ਸੰਗਤ ਹਰਟ ਹੈ ਨਾਮ ਰੂਪੀ ਜਲ ਨਾਲ ਜਗਿਆਸੂ ਦੇ ਮਨ ਰੂਪ ਖੇਤ ਵਿਖੇ ਬ੍ਰਹਮਾਨੰਦ ਦੀ ਪੈਲੀ ਹਰੀ ਭਰੀ ਰੱਖੋ।

## ੭. (ਸਤਿਗੁਰੂ)

**ਪੂਰਾ ਸਤਿਗੁਰੁ ਆਪਿ ਨ ਅਲਖੁ ਲਖਾਵਈ।**
**ਦੇਖੈ ਥਾਪਿ ਉਥਾਪਿ ਜਿਉ ਤਿਸੁ ਭਾਵਈ।**
**ਲੇਪੁ ਨ ਪੁੰਨਿ ਨ ਪਾਪਿ ਉਪਾਇ ਸਮਾਵਈ।**
**ਲਾਗੂ ਵਰ ਨ ਸਰਾਪ ਨ ਆਪ ਜਣਾਵਈ।**
**ਗਾਵੈ ਸਬਦੁ ਅਲਾਪਿ ਅਕਥੁ ਸੁਣਾਵਈ।**
**ਅਕਥ ਕਥਾ ਜਪੁ ਜਾਪੁ ਨ ਜਗਤੁ ਕਮਾਵਈ।**
**ਪੂਰੈ ਗੁਰ ਪਰਤਾਪਿ ਆਪੁ ਗਵਾਵਈ।**
**ਲਾਹੇ ਤਿੰਨੇ ਤਾਪ ਸੰਤਾਪ ਘਟਾਵਈ।**
**ਗੁਰਬਾਣੀ ਮਨ ਧ੍ਰਾਪਿ ਨਿਹ ਘਰਿ ਆਵਈ।**

ਪਦਾਰਥ - ਉਥਾਪਿ=ਨਾਸ਼ ਕਰਨਾ। ਲਾਗੂ=ਅਭਿਮਾਨੀ, ਜ਼ਿੰਮੇਵਾਰ। ਧ੍ਰਾਪ=ਤ੍ਰਿਪਤ।

ਅਰਥ - ਪੂਰਾ ਸਤਿਗੁਰੂ (ਪਰਮੇਸ਼ੁਰ) ਆਪ ਹੈ, (ਪਰ ਓਹ) ਅਲਖ ਹੈ (ਆਪਣੇ ਆਪ ਨੂੰ ਲਖਾਉਂਦਾ ਨਹੀਂ। (ਜਗਤ ਨੂੰ) ਉਤਪਤ ਕਰਦਾ ਤੇ ਲੈ ਕਰਕੇ ਦੇਖਦਾ ਹੈ, ਜਿਸ ਤਰ੍ਹਾਂ ਉਸ ਨੂੰ ਭਾਉਂਦਾ ਹੈ। ਉਪਾਉਣ ਤੇ ਸਮਾਉਣ ਕਰਕੇ (ਉਸ ਨੂੰ) ਪਾਪ ਪੁੰਨ ਦਾ ਲੇਪ ਨਹੀਂ ਹੈ। ਨਾ ਆਪ ਨੂੰ ਜਣਾਉਂਦਾ ਹੈ ਨਾ ਵਰ ਨਾ ਸਰਾਪ ਦਾ ਲਾਗੂ ਬਣਦਾ ਹੈ। ਸ਼ਬਦ ਦਾ ਅਲਾਪ ਗਾਉਂਦਾ ਹੈ ਅਕੱਥ ਕਥਨੀਆਂ (ਵਾਹਿਗੁਰੂ ਦੀਆਂ ਗੁਹਝ ਗੱਲਾਂ) ਸੁਣਾਉਂਦਾ ਹੈ। ਅਕਥ ਕਥਾ ਕਰਦਾ (ਆਤਮ ਉਪਦੇਸ਼ ਦੇਂਦਾ) ਜਾਪ ਜਪਦੇ ਹੋਏ ਜਗਤ (ਦੀ ਕਾਰ ਰਾਗ ਦ੍ਵੈਖ ਦੀ) ਨਹੀਂ ਕਰਦਾ। (ਐਸੇ) ਪੂਰੇ ਗੁਰੂ ਦੇ ਪ੍ਰਤਾਪ ਨਾਲ (ਜਗਿਆਸੂਆਂ ਦਾ) ਆਪਾ ਭਾਵ ਗੁਆਚਦਾ ਹੈ। (ਇਹ ਪ੍ਰਤਾਪ) ਤਿੰਨੇ ਤਾਪ ਉਤਾਰਦਾ ਤੇ ਸੰਤਾਪ ਦੂਰਾ ਕਰਦਾ ਹੈ। (ਐਸੇ) ਗੁਰੂ ਦੀ ਬਾਣੀ ਨਾਲ ਮਨ ਟਿਕਦਾ ਤੇ (ਜਗਿਆਸੂ) ਆਪਣੇ ਸਰੂਪ ਵਿਚ ਆ ਜਾਂਦਾ ਹੈ।

## ੮. (ਗੁਰਸਿੱਖਾਂ ਲਈ ਸਾਧਨ, ਦਸ਼ਾਂ ਤੇ ਵਰਤਨ)

**ਪੂਰਾ ਸਤਿਗੁਰ ਸਤਿ ਗੁਰਮੁਖਿ ਭਾਲੀਐ।**
**ਪੂਰੀ ਸਤਿਗੁਰ ਮਤਿ ਸਬਦ ਸਮ੍ਹਾਲੀਐ।**
**ਦਰਗਹ ਧੋਈਐ ਪਤਿ ਹਉਮੈ ਜਾਲੀਐ।**
**ਘਰ ਹੀ ਜੋਗ ਜੁਗਤਿ ਬੈਸਨਿ ਧ੍ਰਮਸਾਲੀਐ।**
**ਪਾਵਨ ਮੋਖ ਮੁਕਤਿ ਗੁਰ ਸਿਖਿ ਪਾਲੀਐ।**
**ਅੰਤਰਿ ਪ੍ਰੇਮ ਭਗਤਿ ਨਦਰਿ ਨਿਹਾਲੀਐ।**
**ਪਾਤਿਸ਼ਾਹੀ ਇਕ ਛਤ ਖਰੀ ਸੁਖਾਲੀਐ।**
**ਪਾਣੀ ਪੀਹਣ ਘਤਿ ਸੇਵਾ ਘਾਲੀਐ।**
**ਮਸਕੀਨੀ ਵਿਚ ਵਤਿ ਚਾਲ ਨਿਰਾਲੀਐ।**

ਪਦਾਰਥ - ਉਥਾਪਿ=ਨਾਸ਼ ਕਰਨਾ। ਲਾਗੂ=ਅਭਿਮਾਨੀ, ਜ਼ਿੰਮੇਵਾਰ। ਧ੍ਰਾਪ=ਤ੍ਰਿਪਤ।

ਅਰਥ - ਪੂਰਾ ਸਤਿਗੁਰੂ (ਪਰਮੇਸ਼ੁਰ) ਆਪ ਹੈ, (ਪਰ ਓਹ) ਅਲਖ ਹੈ (ਆਪਣੇ ਆਪ ਨੂੰ) ਲਖਾਉਂਦਾ ਨਹੀਂ। (ਜਗਤ ਨੂੰ) ਉਤਪਤ ਕਰਦਾ ਤੇ ਲੈ ਕਰਕੇ ਦੇਖਦਾ ਹੈ, ਜਿਸ ਤਰ੍ਹਾਂ ਉਸ ਨੂੰ ਭਾਉਂਦਾ ਹੈ। ਉਪਾਉਣ ਤੇ ਸਮਾਉਣ ਕਰਕੇ (ਉਸ ਨੂੰ) ਪਾਪ ਪੁੰਨ ਦਾ ਲੇਪ ਨਹੀਂ ਹੈ। ਨਾ ਆਪ ਨੂੰ ਜਣਾਉਂਦਾ ਹੈ ਨਾ ਵਰ ਨਾ ਸਰਾਪ ਦਾ ਲਾਗੂ ਬਣਦਾ ਹੈ। ਸ਼ਬਦ ਦਾ ਅਲਾਪ ਗਾਉਂਦਾ ਹੈ, ਅਕੱਥ ਕਥਨੀਆਂ (ਵਾਹਿਗੁਰੂ ਦੀਆਂ ਗੁਹਝ ਗੱਲਾਂ) ਸੁਣਾਉਂਦਾ ਹੈ। ਅਕਥ ਕਥਾ ਕਰਦਾ (ਆਤਮ ਉਪਦੇਸ਼ ਦੇਂਦਾ) ਜਾਪ ਜਪਦੇ ਹੋਏ ਜਗਤ (ਦੀ ਕਾਰ ਰਾਗ ਦ੍ਵੈਖ ਦੀ) ਨਹੀਂ ਕਰਦਾ। (ਐਸੇ) ਗੁਰੂ ਦੀ ਬਾਣੀ ਨਾਲ ਮਨ ਟਿਕਦਾ ਹੈ ਤੇ ਜਗਿਆਸੂ ਆਪਣੇ ਸਰੂਪ ਵਿਚ ਆ ਜਾਂਦਾ ਹੈ।

# ਈਸ਼੍ਵਰ ਅਮੋਲਕ ਲਾਲ

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

## 90.

## ਸਹਿਜ ਸਮਾਧੀ

1. ਜੈਸੇ ਚਲਤਾ ਹੈ ਤੋ ਭੀ ਪਾਨੀ ਹੀ ਹੈ ਔਰ ਖੜ੍ਹਾ ਹੈ ਤੋ ਭੀ ਪਾਨੀ ਹੀ ਹੈ। ਇਸ ਤਰਹ ਅਗਰ ਚਿੱਤ ਹਿਲਤਾ ਹੈ ਤੋ ਬੀ ਚੇਤਨ ਸਰੂਪ ਹੈ ਔਰ ਅਗਰ ਅਚਲ ਹੋ ਜਾਤਾ ਹੈ ਤੋ ਭੀ ਚੇਤਨ ਸਰੂਪ ਹੀ ਹੈ।

2. ਸਮਾਧੀ ਔਰ ਉਤਥਾਨ ਮੇਂ ਭੇਦ ਦੇਖਨਾ ਹੀ ਅਸਮਾਧੀ ਹੈ ਔਰ ਉਨ ਕੋ ਬਰਾਬਰ-ਬਰਾਬਰ ਏਕ ਰੂਪ ਨਿਸਚੇ ਕਰਨਾ ਔਰ ਅਨੁਭਵ ਕਰਨਾ ਹੀ ਸਹਿਜ ਸਮਾਧੀ ਹੈ।

3. ਸਭ ਕੀ ਬਿਰਤੀ ਸੁਭਾਵਿਕ ਹੀ ਬ੍ਰਹਮ ਰੂਪ ਹੋਨੇ ਸੇ ਬ੍ਰਹਮਕਾਰ ਹੈ। ਜੈਸੇ ਲਹਿਰ ਹਰ ਵਕਤ ਔਰ ਹਰ ਹਾਲ ਮੇਂ ਪਾਨੀ ਰੂਪ ਹੀ ਹੈ।

## ਸੁਭਾਵਿਕ ਨਿਵਿਰਤੀ

1. ਬਿਰਤੀ ਸੁਭਾਵਿਕ ਹੀ ਬ੍ਰਹਮ ਸਰੂਪ ਹੈ ਔਰ ਬ੍ਰਹਮ ਸੇ ਬਾਹਰ ਭੀ ਨਹੀਂ ਜਾ ਸਕਤੀ, ਜਲ ਤਰੰਗ ਵਤ।

2. ਨਿਵਿਰਤੀ ਨਾਮ ਰੂਪ ਕੀ ਸੁਭਾਵਿਕ ਹੀ ਹੈ। ਸੱਤਾ ਸ਼ੂਨ ਹੋਨੇ ਸੇ ਇਸ ਕਾ ਪੂਰੇ ਤੌਰ ਪਰ ਨਿਸਚੇ ਕਰਨਾ ਹੀ ਨਿਵਿਰਤੀ ਮੇਂ ਦਾਖਿਲ ਹੈ। ਰੱਜਬ ਸਰਪ ਵਤ। ਇਸ ਲੀਏ ਨਿਵਿਰਤੀ ਕੀ ਨਿਵਿਰਤੀ ਮਾਨੀ ਹੈ। ਅਸਲ ਸਿਧਾਂਤ ਤੋ ਵੇਦਾਂਤ ਕਾ ਨਿੱਤ ਨਿਵਿਰਤ ਕੀ ਨਿਵਿਰਤੀ ਔਰ ਨਿੱਤ ਪ੍ਰਾਪਤੀ ਕੀ ਪ੍ਰਾਪਤੀ ਹੈ। ਯਾਨਿ ਸੰਸਾਰ ਬ੍ਰਹਮ ਰੂਪ ਹੋਨੇ ਸੇ ਆਤਮਾ ਮੇਂ ਨਿੱਤ ਨਿਵਿਰਤ ਹੈ ਔਰ ਆਤਮਾ ਬਗੈਰ ਕੋਈ ਚੀਜ਼ ਨਹੀਂ ਹੈ ਇਸ ਵਾਸਤੇ ਸਰੂਪ ਨਿੱਤ ਹੀ ਪ੍ਰਾਪਤ ਹੈ।

## 91. ਹਰੀ ਮੰਦਰ (House of God)

*ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥* *ਅੰਗ - ੧੩੪੬*

"ਅਸਲ ਹਰੀ ਮੰਦਰ ਤੋ ਯੇਹ ਜਿਸਮ ਹੀ ਹੈ ਜਿਸ ਮੇਂ ਆਤਮਾ ਰੂਪੀ ਹਰੀ ਕਾ ਨਿਵਾਸ ਹੈ।" ਆਤਮਾ ਤੋ ਏਕ ਰਸ ਪਰੀਪੂਰਨ ਔਰ ਚਿਦਾਕਾਸ਼, ਅਖੰਡ ਔਰ ਮਹਾਂ ਜੋਤ, ਨਿਰਵਿਕਲਪ, ਸ਼ਾਂਤਿ ਰੂਪ, ਨਿਰਾਕਾਰ ਔਰ ਕੇਵਲ ਕੇਵਲੀ ਰੂਪ ਹੈ ਜੋ ਕਿ ਸਭ ਕਾ ਅਪਨਾ ਆਪ ਹੈ। ਇਸ ਕੀ ਸੇਵਾ ਮੇਂ ਚਿੱਤ ਕੋ ਲਗਾ ਕਰ ਆਤਮ ਚਿੰਤਨ ਕਰਨਾ ਹੈ ਔਰ ਬੁੱਧਿ ਕੋ ਬ੍ਰਹਮ ਵਿਚਾਰ ਮੇਂ ਲਗਾਨਾ ਹੈ ਔਰ ਅਹੰਕਾਰ ਕੋ ਬ੍ਰਹਮ ਹੰਗਤਾ ਮੇਂ ਲਗਾ ਕਰ ਅਸੰਗੋਹੰ ਔਰ 'ਮੈਂ ਹੀ ਆਤਮਾ ਹੂੰ' ਐਸੇ ਚਿੰਤਨ ਮੇਂ ਲਗਾਨਾ ਹੈ। ਜਿਤਨੀ ਦੇਰ ਤੱਕ ਯੇਹ ਮੰਦਰ (ਜਿਸਮ) ਕਾਇਮ ਹੈ ਉਤਨੀ ਦੇਰ ਤਕ ਆਤਮ ਦੇਵ ਕੀ ਪੂਜਾ ਔਰ ਸੇਵਾ ਸ਼ੌਕ ਸੇ ਕਰਨੀ ਹੈ। ਜਿਸ ਵਕਤ ਯੇਹ ਮੰਦਰ ਗਿਰ ਜਾਏਗਾ ਉਸ ਵਕਤ ਅੰਤਹਕਰਣ ਅਪਨੇ ਕਾਰਨ, ਤੱਤੋਂ ਮੇਂ ਲੀਨ ਹੋ ਜਾਏਂਗੇ। ਔਰ ਆਤਮਾ ਤੋ ਏਕ ਰਸ ਅਪਨੀ ਮਹਿਮਾ ਮੇਂ ਐਸੇ ਹੀ ਇਸਥਿਤ ਹੈ ਜੈਸੇ ਪੱਥਰ ਅਪਨੀ ਕਠੋਰਤਾ ਮੇਂ, ਪਾਨੀ ਅਪਨੀ ਦ੍ਰਵਤਾ ਮੇਂ ਔਰ ਆਕਾਸ਼ ਅਪਨੀ ਸ਼ੂਨਤਾ ਮੇਂ ਇਸਥਿਤ ਹੈ।

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥* *ਅੰਗ - ੮੪੬*

## 92. ਇਸ ਜਗਤ ਕਾ ਬਿਲਕੁਲ ਅਭਾਵ ਜੁਗਤੀ ਸੇ ਹੀ ਹੋ ਸਕਤਾ ਹੈ

ਜਿਤਨੀ ਦੇਰ ਤੱਕ ਜਗਤ ਕਾ ਬਿਲਕੁਲ ਅਭਾਵ ਨਹੀਂ ਹੋ ਜਾਤਾ ਉਤਨੀ ਦੇਰ ਤੱਕ ਮੁਕਤ ਅਵਸਥਾ ਪ੍ਰਾਪਤ ਨਹੀਂ ਹੋ ਸਕਤੀ। ਜੈਸੇ ਘੜੇ ਕਾ ਬਿਲਕੁਲ ਅਭਾਵ ਹੈ। ਸਿਵਾਏ ਮਿੱਟੀ ਕੇ ਘੜਾ ਤੀਨ ਕਾਲ ਨਹੀਂ ਹੂਆ। ਜੈਸੇ ਜ਼ੇਵਰ ਕਾ ਬਿਲਕੁਲ ਅਭਾਵ ਹੈ। ਸੋਨਾ ਹੀ ਦਰਅਸਲ ਜ਼ੇਵਰ ਨਜ਼ਰ ਆ ਰਿਹਾ ਹੈ। ਜੈਸੇ ਖਾਂਡ ਕੇ ਖਿਲੌਨੋਂ ਕਾ ਬਿਲਕੁਲ ਅਭਾਵ ਹੈ। ਦਰਅਸਲ ਖਾਂਡ ਹੀ ਖਿਲੌਨਾ ਪ੍ਰਤੀਤ ਹੋ ਰਹੀ ਹੈ। ਜੈਸੇ ਪਾਨੀ ਮੇਂ ਲਹਿਰੋਂ ਕਾ ਬਿਲਕੁਲ ਅਭਾਵ ਹੈ। ਇਸ ਤਰ੍ਹਾਂ ਸੇ ਪਾਨੀ ਹੀ ਲਹਿਰੇਂ ਨਜ਼ਰ ਆ ਰਹਾ ਹੈ। ਇਸੀ ਤਰ੍ਹਾਂ ਸੇ ਆਤਮਾ ਹੀ ਸੰਸਾਰ ਰੂਪ

ਹੋ ਕਰ ਭਾਸਤਾ ਹੈ। ਜਗਤ ਤੋਂ ਸਿਰਫ ਨਾਮ ਮਾਤਰ ਹੀ ਹੈ। ਬਲਕਿ ਜਗਤ ਕਾ ਆਰਿਫੋਂ ਕੀ ਨਿਗ੍ਹਾ ਮੇਂ ਬਿਲਕੁਲ ਅਭਾਵ ਹੈ।

*ਖਟ ਲਖਣ ਸਾਧੂ ਦੇ ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥*
*ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥*
*ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥*
*ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥*
*ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥*
*ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਹਿਾਗਿ ਸਗਲ ਰੇਣੁਕਹ ॥*
*ਖਟ ਲਖ੍ਹਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥ ੪੦ ॥ ਅੰਗ - ੧੩੫੭*

## 93. "ੴ ਹੈ" "ਸਭ ਗੋਬਿੰਦ ਹੈ" 'ਵਾਹਿਗੁਰੂ ਹੈ"

ਯਹ ਬੈਹਰ ਵਹਿਦਿਤ ਕਾ ਭਰਾ, ਲਾਖੋਂ ਹਬਾਬੋਂ ਸੇ।
ਯਹੀ ਮਸੱਲਾ ਮੁਸੱਲਮ ਹੈ, ਪੜ੍ਹਾ ਲਾਖੋਂ ਕਿਤਾਬੋਂ ਸੇ।
ਹਮਾਰਾ ਦਿਲ ਹੂਆ ਰੌਸ਼ਨ, ਸੁਨੇ ਜੋ ਸੁਖਨ ਮੁਰਸ਼ਦ ਸੇ।
ਨਾ ਹੋਨਾ ਥਾ ਕਭੀ ਐਸਾ, ਹਜ਼ਾਰੋਂ ਆਫ਼ਤਾਬੋਂ ਸੇ।
ਨਸ਼ਾ ਵਾਹਦਿਤ ਕਾ ਪੀਆ ਹੈ, ਹੂਈ ਹੈ ਬੇ-ਖ਼ੁਦੀ ਅਜ਼ਹਦ।
ਖੁਮਾਰੀ ਇਸ ਕਦਰ ਭਾਰੀ, ਨ ਆਤੀ ਹੈ ਸ਼ਰਾਬੋਂ ਸੇ।
ਹੂਆ ਦੀਦਾਰ ਹਰ ਸੂ ਮੇਂ, ਉਸੀ ਖਬਾਂ ਕੇ ਅਫਸਰ ਕਾ।
ਭਲਾ ਕਬ ਆਬ ਛੁਪਤਾ ਹੈ, ਜੋ ਲਹਰੋਂ ਕੇ ਨਕਾਬੋਂ ਸੇ।
ਹਰ ਇਕ ਸ਼ੈ ਮੇਂ ਵੋਹੀ ਹਸਤੀ, ਹਰ ਇਕ ਜ਼ੇਵਰ ਮੇਂ ਜਿਉਂ ਜ਼ਰ ਹੈ।
ਮੁਸਾਵੀ ਵਜ਼ਨ ਹੀ ਦੇਖਾ ਹੈ, ਤਰਾਜ਼ੂ ਵਾਲੇ ਛਾਬੋਂ ਮੇਂ।
ਯਹੀ ਚਰਚਾ ਹੈ ਮਸਜਿਦ ਮੇਂ, ਯਹੀ ਪੂਜਾ ਹੈ ਮੰਦਰ ਮੇਂ।
ਯਹੀ ਆਵਾਜ਼ ਸੁਨਤੇ ਹੈਂ, ਸੁਰੀਲੀ ਸਭ ਰਬਾਬੋਂ ਸੇ।
ਚਮਨ ਮੇਂ ਸੈਰ ਕਰ ਦੇਖਾ, ਵੋਹੀ ਖੁਸ਼ਬੂ ਆਤੀ ਹੈ।
ਜੋ ਚੰਬੇਲੀ ਰਬੇਲੀ ਸੇ, ਗੁਲਾਬਾਸ਼ੀ ਗੁਲਾਬੋਂ ਸੇ।
ਭੂਲਾ ਦੂਈ ਬਨੇ ਕੈਸੇ, ਜੋ ਇਕ ਕਹਿਨਾ ਭੀ ਨਹੀਂ ਆਤਾ।
ਤਫ਼ਾਵਤ ਆਬ-ਏ-ਹਬਾਬੋ ਸੇ, ਨ ਨਿਕਲੇ ਹੈਂ ਹਿਸਾਬੋਂ ਸੇ।

1. ਬੈਹਰ=ਸਮੁੰਦਰ 2. ਵਹਿਦਿਤ=ਏਕਤਾ 3. ਹਬਾਬ=ਬੁਲਬੁਲੇ 4. ਮਸੱਲਾ ਮੁਸੱਲਮ=ਪੱਕਾ 5. ਸੁਖਨ=ਸ਼ਬਦ 6. ਆਫ਼ਤਾਬ=ਸੂਰਜ 7. ਬੇ-ਖ਼ੁਦੀ=ਖੁਮਾਰੀ 8. ਅਜ਼ਹਦ=ਬੇ-ਹੱਦ, 9. ਹਰ ਸੂ=ਹਰ ਪਾਸੇ 10. ਖਬਾਂ=ਖੂਬੀਆਂ ਦਾ ਮਾਲਕ 11. ਜ਼ਰ=ਸੋਨਾ 12. ਮੁਸਾਵੀ=ਬਰਾਬਰ 13. ਚਮਨ=ਬਾਗ਼ 14. ਗੁਲਾਬਾਸ਼ੀ=ਮਹਿਕਦੇ 15. ਤਫ਼ਾਵਤ=ਫ਼ਰਕ 16. ਆਬ=ਏ-ਹਬਾਬ=ਪਾਣੀ ਕੇ ਬੁਲਬੁਲੇ 17. ਆਰਿਫ਼=ਬ੍ਰਹਮ ਗਿਆਨੀ

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ

## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*

*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-55)*

ਵੈਦਕ ਫਰੈਚੀਸ਼ਨ ਤਾਂ ਭਰੋਸੇ ਦੀ ਤਰ੍ਹਾਂ ਹੈ। ਗਿਆਨ ਦੀ ਤਰ੍ਹਾਂ ਹੈ। ਇਹ ਤਿੰਨ ਲੀਹਾਂ ਹੀ ਇਹ ਤਿੰਨ ਧਾਰਾ ਗਿਆਨ, ਪਿਆਰ ਅਤੇ ਸੱਚ ਹਨ।

ਕਮਿਊਨਟੀ ਜੀਵਨ ਤਾਂ ਉਚੇ ਸੰਸਕਾਰਾਂ ਨਾਲ ਹੀ ਚਲਦਾ ਹੈ। ਸੰਸਾਰ ਵਿਚ ਰਹਿੰਦੇ ਹੋਏ ਡਿਊਟੀ ਕਰਨੀ। ਜਦੋਂ ਸੰਸਾਰ ਦੀਆਂ ਕੀਮਤਾਂ ਕਦਰਾਂ ਦਾ ਟਕਰਾ ਹੋਏ ਤਾਂ ਬੰਦੇ ਨੂੰ ਸੰਸਾਰ ਦੀਆਂ ਕੀਮਤਾਂ 'ਤੇ ਹੀ ਚਲਣਾ ਚਾਹੀਦਾ ਹੈ। ਬੰਦੇ ਨੂੰ ਆਪਣੀਆਂ ਨਿਜੀ ਕੀਮਤਾਂ ਛੱਡ ਕੇ ਉਚੀਆਂ ਕੀਮਤਾਂ ਹੀ ਲੈਣੀਆਂ ਚਾਹੀਦੀਆਂ ਹਨ ਜਿਹੜੀਆਂ ਸੰਸਾਰ ਦੀਆ ਹੋਣ, ਉੱਚੀਆਂ ਸੁੱਚੀਆਂ ਹੋਣ।

ਸ਼ੰਕਰਾਚਾਰੀਆ ਦੀਆਂ ਟੈਕਨੀਕਾਂ ਉੱਚੀਆਂ-ਸੁੱਚੀਆਂ ਹਨ। ਉਨ੍ਹਾਂ ਦਾ ਦਸਿਆ ਰਾਹ ਗਿਆਨ ਦਾ ਰਾਹ ਹੈ, ਪਿਆਰ ਤੇ ਸ਼ਰਧਾ ਦਾ ਰਾਹ ਹੈ। ਜਦੋਂ ਰਮਨ ਜੀ ਭਾਰਤ ਦੇ ਨਕਸ਼ੇ ਤੇ ਆਏ, ਸਾਰੇ ਪਿਆਰ ਦੀ ਲਹਿਰ ਫੈਲ ਗਈ। ਜੀਵ ਸੰਸਾਰ ਵਿਚ ਉਲਝ ਜਾਂਦਾ ਹੈ ਤੇ ਰੱਬ ਨੂੰ ਭੁੱਲ ਜਾਂਦਾ ਹੈ। ਉਹ ਚੰਗੇ ਤੇ ਬੁਰੇ ਵਿਚ, ਵੱਡੇ ਤੇ ਛੋਟੇ ਵਿਚ ਫਸ ਜਾਂਦਾ ਹੈ। ਘਟੀਆ ਤੇ ਵਧੀਆ ਵਿਚ ਭੇਦ ਕਰਨ ਲਗ ਪੈਂਦਾ ਹੈ। ਇਸ ਵਿਚ ਉਹ ਡੂੰਘੀ ਤਰ੍ਹਾਂ ਫਸਦਾ ਹੀ ਚਲਾ ਜਾਂਦਾ ਹੈ।

ਸਭ ਤੋਂ ਪਹਿਲਾਂ ਤਾਂ ਕੇਵਲ ਬ੍ਰਹਮਾ ਜੀ ਹੀ ਸੀ। ਇਹ ਉਪਨਿਸ਼ਦਾਂ ਦਾ ਕਹਿਣਾ ਹੈ। ਉਪਨਿਸ਼ਦ ਦਸਦੇ ਹਨ ਕਿ ਹਰ ਪਾਸੇ ਕੁਝ ਦੇਖਣ ਲਈ ਰੱਬ ਨੇ ਜੀਵ ਬਣਾਇਆ। ਉਹ ਚਾਰੋਂ ਪਾਸੇ ਕੁਝ ਵੇਖ ਸਕੇ ਆਪਣੇ ਆਪ ਨੂੰ ਬਦਲੇ ਬਿਨਾਂ, ਆਪਣੇ ਸੁਭਾਵ ਨੂੰ ਬਦਲੇ ਬਿਨਾਂ ਤੁਸੀਂ ਰੱਬ ਨੂੰ ਨਹੀਂ ਦੇਖ ਸਕਦੇ। ਇਤਿਹਾਸ ਸਾਨੂੰ ਦਸਦਾ ਹੈ ਕਿ ਬਹੁਤ ਸਾਰੇ ਨਾਸਤਿਕ ਲੋਕ ਭਗਤ ਹੋਏ ਹਨ। ਗਿਆਨ ਨਾ ਹੋਣ ਕਾਰਣ ਉਹ ਨਾਸਤਿਕ ਹੋ ਗਏ। ਜਦੋਂ ਉਨ੍ਹਾਂ ਨੇ ਇਹ ਜਾਣਿਆ ਕਿ ਉਹ ਕਿੰਨੇ ਵੀ ਨਾਸਤਿਕ ਕਿਉਂ ਨਾ ਹੋਣ ਪਰ ਰੱਬ ਨੂੰ ਜਾਨਣ ਦੀ ਤਾਂਘ ਤਾਂ ਲੱਗੀ ਰਹਿੰਦੀ ਹੈ। ਸੰਤ ਸੂਰਦਾਸ ਜੀ ਦੀ ਇਕ ਇਹੋ ਜਿਹੀ ਹੀ ਮਿਸਾਲ ਹੈ।

ਅੱਗੇ ਦੇਖਣ ਦੀ ਸ਼ਕਤੀ ਨਾ ਹੋਣ ਕਰਕੇ ਮਨੁੱਖ ਆਪਣੇ ਅੱਜ ਨੂੰ ਹੀ ਸੱਚ ਸਮਝ ਲੈਂਦਾ ਹੈ। ਅੱਜ ਨੂੰ ਹੀ ਉਹ ਸੱਚ ਸਮਝ ਕੇ ਬਾਕੀ ਸਭ ਕੁਝ ਸਮਝ ਕੇ ਉਹ ਆਪਣੇ ਅੱਗੇ ਪਿੱਛੇ ਨੂੰ ਨਹੀਂ ਜਾਨਣਾ ਚਾਹੁੰਦਾ। ਪਰ ਜੋ ਅਰਧ ਚੇਤਨਾ ਵਿਚ ਪਿਆ ਹੈ ਉਹ ਜਾਨਣਾ ਹੀ ਨਹੀਂ ਚਾਹੁੰਦਾ। ਉਹ ਆਪਣੇ ਵਰਤਮਾਨ ਵਿਚ ਹੀ ਰਹਿਣਾ ਚਾਹੁੰਦਾ ਹੈ। ਉਹ ਆਪਣਾ ਪਿੱਛਾ ਤੇ ਅੱਗੇ ਬਾਰੇ ਜਾਨਣਾ ਨਹੀਂ ਚਾਹੁੰਦਾ। ਗ੍ਰੰਥਾਂ ਅਨੁਸਾਰ ਜੋ ਸਾਡੇ ਸਾਮ੍ਹਣੇ ਨਹੀਂ, ਉਹ ਬਹੁਤ ਵੱਡਾ ਹੈ। ਸਾਡੀਆਂ ਸਾਰੀਆਂ ਗਤੀ ਵਿਧੀਆਂ ਅੰਦਰ ਦੇ ਸੰਸਾਰ ਤੋਂ ਚਲਦੀਆਂ ਹਨ। ਅੰਦਰ ਦਾ ਸੰਸਾਰ ਬਹੁਤ ਵੱਡਾ ਹੈ। ਗ੍ਰੰਥਾਂ ਅਨੁਸਾਰ ਬਾਹਰੀ ਸੰਸਾਰ ਅੰਦਰ ਦੇ ਸੰਸਾਰ ਨਾਲ ਹੀ ਚਲਦਾ ਹੈ। ਅੰਦਰ ਦਾ ਸੰਸਾਰ ਹੀ ਬਾਹਰ ਦੇ ਸੰਸਾਰ ਨੂੰ ਬਦਲਦਾ ਹੈ ਜਿਸ ਤਰ੍ਹਾਂ ਅਸੀਂ ਸੋਚਦੇ ਹਾਂ, ਉਸ ਤਰ੍ਹਾਂ ਹੀ ਸਾਡਾ ਵਿਹਾਰ ਹੁੰਦਾ ਹੈ।

ਅੰਦਰ ਦੀ ਸ਼ਕਤੀ ਪ੍ਰਮਾਤਮਾ ਦੀ ਸ਼ਕਤੀ ਨਾਲ ਹੀ ਚਲਦੀ ਹੈ। ਅਧਿਆਤਮਕਤਾ ਦਾ ਭਾਵ ਹੈ ਅੰਤਰ ਦੀ ਸ਼ਕਤੀ ਪ੍ਰਮਾਤਮਾ ਦੀ ਸ਼ਕਤੀ ਨਾਲ ਹੀ ਚਲਦੀ ਹੈ। ਇਕ ਪੂਰੀ ਤਰ੍ਹਾਂ ਨਾਲ ਜਾਗ੍ਰਤ ਅੰਤਰ ਨੂੰ ਚਿੱਤ ਕਹਿੰਦੇ ਹਨ। ਇਹ ਅੰਤਰ ਜਾਗ੍ਰਤਾ ਹੀ ਪੂਰੀ ਤਰ੍ਹਾਂ ਨਾਲ ਬਾਹਰੀ ਸੰਸਾਰ ਵਿਚ, ਸੋਚ ਭੇਜਦੀ ਹੈ। ਛੋਟੀ ਜਿਹੀ ਸੋਚ ਵੀ ਬਾਹਰੀ ਸੰਸਾਰ ਵਿਚ ਪ੍ਰਭਾਵ ਪਾਉਂਦੀ ਹੈ। ਵਾਸਤਵ ਵਿਚ ਸੋਚ, ਬੋਧ, ਸਾਡੇ ਕਾਰਜ, ਸਾਰੇ ਪੂਰੀ ਤਰ੍ਹਾਂ ਨਾਲ ਇਕ ਹੀ ਹਨ। ਇਕੋ ਜਿਹੇ ਹਨ ਕਿ ਉਹ ਸਾਰੇ ਇਕੋ ਲਾਈਨ ਵਿਚ ਹਨ।

ਅੰਦਰ ਦੀ ਪਵਿੱਤਰਤਾ ਬਹੁਤ ਹੀ ਅਵਸ਼ਕ ਹੈ। ਮਨ ਦਾ ਦੂਸ਼ਿਤ ਹੋਣਾ ਮਨ ਵਿਚ ਭਰਮ ਹੋਣ ਨਾਲ, ਮਨ ਵਿਚ ਹਰ ਤਰ੍ਹਾਂ ਦੀਆਂ ਖਰਾਬੀਆਂ ਆ ਜਾਂਦੀਆਂ ਹਨ। ਪਰ ਮਨ ਸਭ ਤੋਂ ਵੱਧ ਮਨੁੱਖ ਕੋਲ ਹੈ ਜਿਸ ਨਾਲ ਸੱਚ ਦੀ ਖੋਜ ਕੀਤੀ ਜਾਂਦੀ ਹੈ। ਠੀਕ ਸੋਚ ਤੋਂ ਬਿਨਾਂ ਮਨੁੱਖ ਸੱਚ ਦੇਖ ਹੀ ਨਹੀਂ ਸਕਦਾ। ਮਨੁੱਖ ਸਰੀਰ ਵਿਚ ਹੀ ਉਲਝਿਆ ਰਹਿੰਦਾ ਹੈ। ਸੱਚ ਦੇਖ ਹੀ ਨਹੀਂ ਸਕਦਾ। ਸੁੱਖਾਂ ਦੀ ਭਾਲ ਉਸ ਨੂੰ ਉਲਝਾਈ ਰਖਦੀ ਹੈ।

ਪ੍ਰਮਾਤਮਾ ਵਿਚ ਵਿਸ਼ਵਾਸ਼ ਤੋਂ ਭਾਵ ਹੈ ਕਿ ਆਪਣੇ ਨਿਸ਼ਾਨੇ ਵਿਚ ਵਿਸ਼ਵਾਸ਼ ਰੱਖਣਾ। ਰੱਬ ਵਿਚ ਵਿਸ਼ਵਾਸ਼ ਤੋਂ ਭਾਵ ਹੈ ਆਪਣੇ ਵਿਚ ਵਿਸ਼ਵਾਸ਼ ਹੋਣਾ। ਮਰਨ ਵਿਚ ਵਿਸ਼ਵਾਸ਼ ਹੋਣਾ।

*'ਚਲਦਾ............।'*

# ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ ਸ੍ਰੀ ਮਾਨ
ਸੰਤ ਬਾਬਾ ਵਰਿਆਮ ਸਿੰਘ ਜੀ
ਮਹਾਰਾਜ ਰਤਵਾੜਾ ਸਾਹਿਬ

FW FASTWAY

## ਫਾਸਟਵੇਅ ਕੇਬਲ ਟੀ.ਵੀ. ਨੈਟਵਰਕ

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**
**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਮਾਘਿ - ਸੰਗਰਾਂਦ-14 ਜਨਵਰੀ, ਦਿਨ ਸਨਿੱਚਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

**ਪੂਰਨਮਾਸ਼ੀ - 6 ਜਨਵਰੀ, ਦਿਨ ਸ਼ੁੱਕਰਵਾਰ - ਰਤਵਾੜਾ ਸਾਹਿਬ,**
**(ਸਮਾਂ - ਸ਼ਾਮੀ 7.00 ਤੋਂ 9.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**
**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
|---|---|
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20Year) | Rs 3000/3020 |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।

# PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

## LIST OF CORRESPONDENT BANKS

### Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

### Canada

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

### Germany

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

### Italy

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

### United Kingdom

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

### United States

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/– | 70/– |
| 2. | ਕਿਵ ਕੂੜੈ ਤੁਟੈ ਪਾਲਿ | 120/– | 35/– |
| 3. | ਬਾਤ ਅਗੰਮ ਕੀ | 400/– | 400/– |
| 4. | ਕਿਵ ਸਚਿਆਰਾ ਹੋਈਐ – | 400/– | |
| 5. | ਹੋਵੈ ਅਨੰਦੁ ਘਣਾ | | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 10. | ਅੰਮ੍ਰਿਤ ਫੁਹਾਰ | 10/– | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ – ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
| 17. | ਪਵਿੱਤਰ ਪੈਂਡਾ | 25/– | |
| 18. | ਭਗਤ ਪ੍ਰਹਿਲਾਦ | 10/– | 10/– |
| 19. | ਵੈਸਾਖੀ | 10/– | 10/– |
| 20. | ਸਾਜਨ ਚਲੇ ਪਿਆਰਿਆ | | 10/– |
| 21. | ਅਬਿਨਾਸੀ ਜੋਤ ਭਾਗ – 1 | | 90/– |
| 22. | ਅਬਿਨਾਸੀ ਜੋਤ ਭਾਗ – 2 | 90/– | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 25. | ਗੁਰੂ ਅਮਰਦਾਸ ਪਰਸੀਐ | 100/– | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/– | |
| 28. | ਅਨੁਭਵੀ ਪ੍ਰਵਚਨ | 300/– | |
| 29. | ਅੰਦਰਲੀ ਖੋਜ | 300/– | |
| 30. | ਸਿਮਰਤ ਕਹਾਂ ਨਹੀਂ | 300/– | |
| 31. | ਰੂਹਾਨੀ ਪ੍ਰਵਚਨ | 35/– | |
| 32. | 'ਸੇਵਾ ਸਿਮਰਨ ਜੁਗਤੀਆਂ | 250/– | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/– | |
| 34. | ਜੀਵਨ ਜੁਗਤਿ | 440/– | |
| 35. | ਮਾਰਗ ਚੋਣ | 60/– | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/– | |
| 37. | ਆਤਮ ਗਿਆਨ ਭਾਗ – 1 | 120/– | |
| 38. | ਜਨਮ ਪਦਾਰਥੁ ਸਫਲੁ ਹੋਇ | 120/– | |
| 39. | ਜਨ ਪਰਉਪਕਾਰੀ ਆਏ (ਭਾਗ –1) | 65/– | |
| 40. | ਜਨ ਪਰਉਪਕਾਰੀ ਆਏ (ਭਾਗ –2) | 65/– | |
| 41. | ਗੁਰ ਅੰਗਦ ਅਮਰ ਨਿਧਾਨ | 10/– | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/– | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/– |
| 44. | ਮੰਝ ਗੁਰੂ ਕਾ ਬੋਹਿਥਾ | 30/– |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/– |
| 46. | ਗੁਰੂ ਗ੍ਰੰਥ ਜੀ ਮਾਨਿਉ | 10/– |
| 47. | ਬਾਬਾ ਬੰਦਾ ਸਿੰਘ ਬਹਾਦਰ | 10/– |
| 48. | ਤ੍ਰੈ ਸ਼ਤਾਬਦੀ | 20/– |
| 49. | ਆਤਮ ਗਿਆਨ ਭਾਗ – 2 | 120/– |
| 50. | ਆਤਮ ਗਿਆਨ ਭਾਗ – 3 | 120/– |
| 51. | ਭਗਵਤ ਗੀਤਾ ਦੀ ਚਿਰ ਸਥਾਈ... | |

| | English Version | Price |
|---|---|---|
| 1. | Baisakhi (ਬੈਸਾਖੀ) | 5/- |
| 2. | How Rend The Veil of Untruth (ਕਿਵ ਕੂੜੈ ਤੂਟੈ ਪਾਲਿ) | 70/- |
| 3. | Discourses on the Beyond - 1(ਬਾਤ ਅਗੰਮ ਕੀ ਭਾਗ – 1) | 50/- |
| 4. | Discourses on the Beyond - 2(ਬਾਤ ਅਗੰਮ ਕੀ ਭਾਗ – 2) | 50/- |
| 5. | Discourses on the Beyond - 3(ਬਾਤ ਅਗੰਮ ਕੀ ਭਾਗ – 3) | 50/- |
| 6. | Discourses on the Beyond - 4(ਬਾਤ ਅਗੰਮ ਕੀ ਭਾਗ – 4) | 60/- |
| 7. | Discourses on the Beyond - 5(ਬਾਤ ਅਗੰਮ ਕੀ ਭਾਗ – 5) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹਿ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | 10/- |
| 15. | A Glimpse of His Holiness - Baba ji | 5/- |
| 16. | Divine Word Contemplation Path (ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**
Punjab & Sind Bank - **S/B A/C No. 12861100000008**
**RTGS/IFSC Code - PSIB0021286, Branch Code - C1286**

**Our Address: Gurdwara Ishar Parkash, Ratwara Sahib, (Near New Chandigarh) P.o. Mullanpur Garibdas, Teh. Kharar, Distt. S.A.S Nagar (Mohali) 140901, Pb. India**

# Significance and Greatness of Jap Ji Sahib

*Author By : Sant Waryam Singh Ji*
*Founder V.G.R.M.C.T. Ratwara Sahib*
*Translated By : Prof. Beant Singh*

*(Continued from P. 70, issue Dec. 2022)*

**He, who teaches a single *Gurbani* hymn to a *Sikh* who is illiterate, reaps the fruit of constructing and gifting away a hundred temples of gold. Therefore, teach *'bani* to the illiterates. Once, I was in Sindh. Farmers were weeding in a sugarcane field. I also started weeding. They said, "Sir, you won't be able to do it." I said, "I must do it as I have to get day's wages from you." They asked, "What wages do you want?" "I have to teach you something." I weeded the first *'kiara'* (sub-division or plot of a field) and made all of them recite 'ੴ ਸਤਿਨਾਮ ਕਰਤਾ ਪੁਰਖ' [There is but one God. True is His Name, creative His personality]. By the time, we reached the end of the plot, I made them, memorise (Jap Ji Sahib) upto 'ਗੁਰਪ੍ਰਸਾਦਿ' (attained by the Guru's grace). While weeding the second plot, I made them memorise half of the first *'pauri'* (stanza) upto 'ਆਦਿ ਸਚੁ ਜੁਗਾਦਿ ਸਚੁ' [True in the prime, True in the beginning of ages]. While weeding and digging, by noon I made them memorise the first five *'pauris'* (stanzas) of *Jap Ji Sahib* – all those who were engaged in weeding. At the same time, I kept asking them to recite from the beginning. They asked me, "Sir, what about your wages?" I said, "This was the wages I wanted from you – to make you memorise *Gurbani*." If one wishes, one can make even an illiterate person memorise *Gurbani*; provided the illiterate wants to be aligned with the Guru who is an embodiment of *'bani'*. Not by paying obeisance alone to Guru Granth Sahib can man swim across the world-ocean. Emancipation is not attained by having only a glimpse of the *'Satguru'* (True Guru) –**

> ***'By merely seeing the Guru, one is not emancipated, until one reflects on the Guru's hymns.***
> ***Impurity of egoism goes not without devotion to the Lord's Name.'***
>
> ***P. 594***

*ਡਿਠੈ ਮੁਕਤਿ ਨ ਹੋਵਈ*
*ਜਿਚਰੁ ਸਬਦਿ ਨ ਕਰੇ ਵੀਚਾਰੁ ॥*
*ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥*

**Unless man reflects on the Guru's hymn or holy word, he does not attain liberation. Therefore, you should learn *'bani'* (*Gurbani*) by heart; memorise as much as you can. You are not going to stay in this world; you have to depart from here. But when a reader and reciter of *'bani'* leaves the world –**

> ***'Blessed, blessed, will everyone call thee.***
> ***And at the Portal Divine shall your face glow.***
> ***Rare are those that in such commerce engaged.***
> ***To such is Nanak ever a sacrifice.'***
>
> ***P. 283***

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥*

# Discourses on the Beyond (Part - 7)
## Chapter - 1
## Supreme Satgur Nanak

***Author By : Sant Waryam Singh Ji***
***Founder V.G.R.M.C.T. Ratwara Sahib***
***Translated By : Prof. Beant Singh***

**There was a time when truth was pre-eminent in the world. Truth was fully understood and realized. People knew that behind the Maya (Mammon) of three attributes, God, pervading Himself, was enacting the entire world-play. Lust, wrath, avarice, attachment, pride, falsehood, slander, tyranny, enmity, hostility and jealousy had not yet been born. Man was free from this serious malady. This age has been called *'Satyug'* (Age of Truth of virtue). It is estimated that man's life span was very long. He always remained devoted to and absorbed in God, and he was called *'paramhans'* (Ascetic of the highest order). When a swan is offered milk, he puts his beak into it and withdraws waiting for it to separate into cheese and water. Then he eats the cheese and leaves the water. Similarly, those persons who recognize the 'truth' in the mammonic world are called not just *'hans'* (swans) but *'Paramhans'* (Supreme ascetics), which is a superior title conferred on them. They remain absorbed in 'truth' and view God pervading everywhere. They keep their mind aloof from the three qualities of Maya – *rajo gun* (passion, energy), *tamo gun* (dark and evil urges), and *sato gun* (Truth and virtue) in the same manner as a swan separates milk from water. Similarly, people of that time, being fully accomplished in spiritual knowledge, separated the Maya of three attributes from the world, and realized the truth. This age was called the 'Age of Truth or virtue' when truth prevailed everywhere in human affairs. The sages have estimated this age to be 17,28000 years long and called it *'Satjug'* (Age of Truth or virtue).**

